## ਅੱਜ ਦਾ ਵਿਚਾਰ

**ਜਦੋਂ ਅਸੀਂ ਰਿਸ਼ਤਿਆਂ ਲਈ ਵਕਤ ਨਹੀਂ ਕੱਢ ਪਾਉਂਦੇ ਤਾਂ ਵਕਤ ਸਾਡੇ ਵਿਚਾਲੀਓ ਰਿਸ਼ਤੇ ਕੱਢ ਲੈਂਦਾ ਹੈ।**


# PREETNAMA ਪ੍ਰੀਤਨਾਮਾ ਖਰਾ ਸੱਚ

ਨਿਊਯਾਰਕ

ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ Online and Print Media +1 201-312-4180



PREETNAMA ਪ੍ਰੀਤਨਾਮਾ ਖਰਾ ਸੱਚ

Online and Print Media

Grow your business with Advertise in Preetnama in just

$30 Full month

Because of New Year and Maghi

Contact +1 (201) 312-4180, preetnamausa@gmail.com



ਸਾਲ 1, ਅੰਕ 35, ਮਿਤੀ : 08 ਜਨਵਰੀ , 2020 ਤੋਂ 14 ਜਨਵਰੀ, 2020 ਵੈਬਸਾਈਟ : www.preetnama.com ਈਮੇਲ preetnamausa@gmail.com


# ਕਿਥੇ ਗਈਆਂ ਉਹ ਰਾਤਾਂ ਤੇ ਕਿਥੇ ਗਈਆਂ ਉਹ ਬਾਤਾਂ

## ਨਵਾਂ ਸਾਲ ਪੁਰਾਣੀਆਂ ਯਾਦਾਂ




ਪ੍ਰਿਤਪਾਲ ਕੌਰ ਪ੍ਰੀਤ
ਮੁੱਖ ਸੰਪਾਦਕ





ਨਵਾਂ ਸਾਲ ਚੜ ਗਿਆ ਤੇ ਪੁਰਾਣਾ ਬੀਤ ਗਿਆ । ਹਰੇਕ ਨੇ ਆਪਣੇ ਅੰਦਾਜ਼ ਨਾਲ ਨਵੇ ਸਾਲ ਦਾ ਸੁਆਗਤ ਕੀਤਾ । ਕਿਸੇ ਨੇ ਨੱਚ ਗਾ ਕੇ , ਕਿਸੇ ਨੇ ਬਾਹਰ ਕਲੱਬਾਂ ਵਿੱਚ ਤੇ ਕਈਆਂ ਨੇ ਗੁਰੂ ਸਾਹਿਬ ਦੀ ਹਾਜਿਰੀ ਵਿੱਚ ਨਵੇ ਸਾਲ ਦਾ ਆਗਾਜ਼ ਕੀਤਾ ।ਗੱਲ ਕਰਨ ਲੱਗੀ ਹਾਂ ਆਪਣੇ ਬਚਪਨ ਦੀ ਕਿ ਕਿੰਨਾ ਚਾਅ ਹੁੰਦਾ ਸੀ ਹਰ ਤਿਉਹਾਰ ਦਾ । ਮਨ ਪਰਚਾਵੇ ਦਾ ਇੱਕੋ ਇਕ ਸਾਧਨ ਹੁੰਦਾ ਸੀ ਦੂਰ-ਦਰਸ਼ਨ ਦੇ ਪ੍ਰੋਗਰਾਮ । ਬਲੈਕ ਐਂਡ ਵਾਈਟ ਟੈਲੀਵੀਜ਼ਨ ਹੁੰਦਾ ਸੀ । ਪੰਦਰਾਂ ਦਿਨ ਪਹਿਲਾ ਹੀ ਨਵੇ ਸਾਲ ਦੇ ਪ੍ਰੋਗਰਾਮਾਂ ਦੀਆਂ ਝਲਕੀਆਂ ਆਉਣੀਆਂ ਸ਼ੁਰੂ ਹੋ ਜਾਂਦੀਆਂ । ਕਈ ਵਾਰ ਦਿੱਲੀ ਦੂਰਦਰਸ਼ਨ ਤੇ ਜਲੰਧਰ ਦੂਰਦਰਸ਼ਨ ਦੇ ਪ੍ਰੋਗਰਾਮਾਂ ਦਾ ਸਮਾਂ ਇੱਕੋ ਹੁੰਦਾ । ਸ਼ਸ਼ੋਪੰਜ ਜਿਹੀ ਪੈ ਜਾਂਦੀ ਕਿ ਵਾਰ ਵਾਰ ਚੈਨਲ ਬਦਲਣਾ ਪਵੇਗਾ । ਇਕੱਤੀ ਦਿਸੰਬਰ ਸਵੇਰੇ ਹੀ ਸਾਡੇ ਜੁਆਕਾਂ ਵਿੱਚ ਪ੍ਰੋਗਰਾਮਾਂ ਨੂੰ ਲੈ ਕੇ ਬਹਿਸ ਸ਼ੁਰੂ ਹੋ ਜਾਂਦੀ ਕਿ ਕਿਹੜਾ ਪ੍ਰੋਗਰਾਮ ਵਧੀਆਂ ਹੋਵੇਗਾ । ਜਿਵੇਂ ਜੱਜ ਅਸੀਂ ਹੀ ਹੋਈਏ ।

ਆਖਿਰ ਇੰਤਜ਼ਾਰ ਦੀ ਘੜੀ ਖਤਮ ਹੁੰਦੀ । ਘਰਾਂ ਦੀਆ ਸੁਆਣੀਆਂ ਵਕਤ ਨਾਲ ਹੀ ਚੁੱਲਾ-ਚੌਕਾਂ ਨਿਬੇੜ ਲੈਂਦੀਆਂ । ਅਸੀਂ ਜੁਆਕ ਵੀ ਫਟਾਫਟ ਰੋਟੀ-ਪਾਣੀ ਖਾ ਕੇ ਟੈਲੀਵਿਯਨ ਅੱਗੇ ਆ ਬੈਠਦੇ । ਟੈਲੀਵੀਜ਼ਨ ਦਾਦਾ ਜੀ ਬੈਠਕ ਵਿੱਚ ਲੱਗਾ ਹੋਣ ਕਰਕੇ ਸਾਰਾ ਟੱਬਰ ਬੈਠਕ ਵਿੱਚ ਆ ਸਜਦਾ । ਦਾਦਾ- ਦਾਦੀ, ਚਾਚਾ-ਚਾਚੀ , ਮੰਮੀ -ਪਾਪਾ ਤੇ ਅਸੀਂ ਸਾਰੇ ਨਿਆਣੇ । ਕਈ ਵਾਰ ਗੁਆਂਢੀ ਵੀ ਆ ਜੁੜਦੇ । ਖ਼ੂਬ ਮਾਹੌਲ ਬਣਦਾ , ਹਾਸਾ-ਠੱਠਾ ਚੱਲਦਾ ਤੇ ਪ੍ਰੋਗਰਾਮ ਸ਼ੁਰੂ ਹੁੰਦੇ ਸਭ ਸ਼ਾਂਤੀ ਨਾਲ ਬੈਠ ਜਾਂਦੇ । ਸਾਫ਼-ਸੁਥਰੇ ਗੀਤਾ ਨਾਲ ਸਜਿਆ ਗੁਲਦਸਤਾ । ਅਮਰ ਨੂਰੀ ਦਾ ਗੀਤ 'ਨਛੱਤਰਾਂ ਲੈ ਆਵੀ ਵੇ ਇੱਕ ਸਾਬਣ ਦੀ ਟਿਕੀ ' ਚੱਲਦੇ ਹੀ ਮੁਟਿਆਰਾਂ ਦੇ ਪੈਰ ਝੂਮਣ ਲੱਗਦੇ ਤੇ ਹੰਸਰਾਜ ਹੰਸ ਦਾ ਗੀਤ ' ਕੱਲੇ ਕੱਲੇ ਤਾਰੇ ਉੱਤੇ ਨਾ ਲਿਖਿਆ ' ਹਰੇਕ ਦਾ ਮੂਡ ਖੁਸ਼ਨੁਮਾ ਕਰ ਦਿੰਦਾ । ਚਾਚਾ ਚਤਰਾ, ਨੀਲ ਤੇ ਸ਼ਰਮੇ ਦੀ ਕਾਮੇਡੀ ਜਿੱਥੇ ਹਸਾ ਹਸਾ ਕੇ ਢਿੱਡੀ ਪੀੜਾ ਪਾ ਦੇਂਦੀ ਉੱਥੇ ਹੀ ਸਿਸਟਮ ਉੱਤੇ ਕਰਾਰੀ ਸੱਟ ਮਾਰਦੀ । ਘੁੱਗੀ ਛੂ-ਮੰਤਰ ਤਾਂ ਅਜੇ ਵੀ ਬੁਲਾ ਉੱਤੇ ਹਾਸਾ ਲੈ ਆਉਂਦਾ ਹੈ । ਭਜਨਾਂ ਅਮਲੀ ਤੇ ਭਗਵੰਤ ਮਾਨ ਦੇ ਕਾਮੇਡੀ ਸ਼ੋਅ ਟੈਲੀਵੀਜ਼ਨ ਮੂਹਰੇ ਬੰਨ ਕੇ ਬੈਠਾ ਰੱਖਦੇ । ਜਸਪਾਲ ਭੱਟੀ ਦਾ ਉਲਟਾ - ਪੁਲਟਾ ਨਾਮਕ ਸ਼ੋਅ ਆਪਣੇ ਆਪ ਵਿੱਚ ਇੱਕ ਮਿਸਾਲ ਸੀ । ਹਰ ਗਾਣੇ ਤੋਂ ਬਾਅਦ ਇੱਕ ਸਕਿੱਟ ਆਉਂਦੀ ਸੀ । ਦਾਦਾ ਜੀ ਦੀ ਬੈਠਕ ਵਿੱਚ ਤਾਂ ਜਿਵੇਂ ਮੇਲਾ ਲੱਗਿਆ ਹੁੰਦਾ । ਪੂਰੇ ਬਾਰਾ ਵਜੇ ਵਾਹਿਗੁਰੂ ਦੀ ਨਾਮ ਲੈਣ ਤੋਂ ਬਾਅਦ ਵਧਾਈਆਂ ਦਾ ਦੇਣ ਲੈਣ ਸ਼ੁਰੂ ਹੋ ਜਾਂਦਾ। ਟੈਲੀਵੀਜ਼ਨ ਦੇਖਦੇ ਪਤਾ ਨਹੀਂ ਕਦੇ ਅਸੀਂ ਸੌ ਜਾਂਦੇ ਤੇ ਸਵੇਰੇ ਮਾਂ ਦੀ ਅਵਾਜ਼ ਨਾਲ ਅੱਖ ਖੁੱਲਦੀ ਕਿ ਉਠੋ ਗੁਰੂਦੁਆਰਾ ਸਾਹਿਬ ਜਾਣਾ ਹੈ ।

ਨਵੇ ਸਾਲ ਦੇ ਪਹਿਲੇ ਦਿਨ ਸਾਰਾ ਪਰਿਵਾਰ ਇਕੱਠਾ ਹੁੰਦਾ ਤੇ ਘਰ ਵਿੱਚ ਪਕਵਾਨ ਬਣਾਏ ਜਾਂਦੇ । ਪਰ ਹੁੱਣ ਨਾ ਉਹ ਸਯੁਕੱਤ ਪਰਿਵਾਰ ਰਹੇ , ਨਾ ਉਹ ਸਾਂਝਾ , ਨਾ ਰੌਣਕਾ ਤੇ ਨਾ ਹੀ ਦੂਰਦਰਸ਼ਨ ਵੇਖਣ ਵਾਲੇ ਬੱਚੇ । ਮਾਡਰਨ ਯੁੱਗ ਦੇ ਬੱਚੇ ਸਮਾਰਟ ਫ਼ੋਨ ਅੰਦਰ ਇਸ ਤਰਾਂ ਕੈਦ ਹੋ ਗਏ ਹਨ ਕਿ ਆਸ ਪਾਸ ਦੀ ਵੀ ਖ਼ਬਰ ਨਹੀਂ । ਪਰਿਵਾਰ ਵਿੱਚ ਬੈਠਣਾ ਤਾਂ ਦੂਰ ਦੀ ਗੱਲ ਹੈ । ਇਕੱਹਿਰੇ ਪਰਿਵਾਰ ਵਿੱਚ ਪਲੇ ਬੱਚੇ ਕੀ ਜਾਣਨਗੇ ਸਾਂਝਾ ਨੂੰ । ਕਲੱਬਾਂ , ਹੁਕਾਂ ਬਾਰਾ ਤੇ ਹੋਟਲਾਂ ਵਿੱਚ ਨੰਗ ਧੜੰਗੱ ਨਾਚ , ਡੀ ਜੇ ਦੀ ਉੱਚੀ ਧੁੰਨ ਨਾਲ ਸ਼ੁਰੂ ਹੁੰਦਾ ਹੈ ਨਵਾਂ ਸਾਲ ਅੱਜ-ਕੱਲ੍ਹ । ਕੁੱਝ ਵਿਗੜਿਆ ਦਾ ਨਵਾਂ ਸਾਲ ਤੇਜ਼ ਰਫ਼ਤਾਰ ਮੋਟਰ-ਸਾਈਕਲਾਂ ਚਲਾ ਤੇ ਹੂਕਾਂ ਮਾਰਨ ਨਾਲ ਹੁੰਦਾ ਹੈ । ਪਤਾ ਨਹੀਂ ਸਮੇਂ ਦੀ ਇਹ ਮਾਰ ਕੀ ਰੰਗ ਲਿਆਵੇਗੀ । ਵਿਰਸਾ ਲੁਪਤ ਹੋ ਰਿਹਾ ਹੈ । ਪਰਿਵਾਰਾਂ ਦੇ ਹਾਸੇ ਠੱਠੇ ਤੇ ਰੌਣਕਾ ਖਤਮ ਹੋ ਗਈਆਂ ਹਨ ।

ਸੱਚੀ ਮੈਨੂੰ ਆਪ ਨੂੰ ਵੀ ਨਵੇ ਸਾਲ ਦਾ ਕੁੱਝ ਨਵਾ ਨਹੀਂ ਲੱਗਾ । ਸਗੋਂ ਚਿੰਤਾਵਾਂ ਹੋਰ ਵੱਧ ਗਈਆਂ ਜਾਪਦੀਆਂ ਨੇ । ਬਚਪਨ ਦੀਆ ਉਹ ਮੌਜਾ ਯਾਦਾਂ ਬਣ ਰਹਿ ਗਈਆ ਹਨ । ਆਮ ਜਿਹਾ ਹੀ ਸੀ ਨਵੇ ਸਾਲ ਦਾ ਪਹਿਲਾ ਦਿਨ ਮੇਰੇ ਲਈ । ਉਹੀ ਕੰਮ - ਧੰਦੇ , ਉਹੀ ਰੋਟੀ ਕਮਾਉਣ ਦੀ ਚਿੰਤਾ । ਗਲ਼ੀਆਂ ਵਿੱਚ ਟ੍ਰੈਫ਼ਿਕ ਵੀ ਪਹਿਲੇ ਵਾਂਗ । ਬੱਸ ਨਾ ਛੁੱਟ ਜਾਏ ਇਸੇ ਡਰ ਨਾਲ ਪਈ ਭਾਜੜ ਵੀ ਉਦਾ ਹੀ ਸੀ । ਕੁੱਝ ਵੀ ਨਵਾਂ ਨਹੀਂ ਸੀ । ਦਿਸੰਬਰ 31 ਵੀ ਹਰ ਦਿਨ ਵਰਗਾ ਸੀ । ਹਰ ਸਾਲ ਨਵਾਂ ਸਾਲ ਆਉਂਦਾ ਹੈ ਪਰ ਨਵਾਂ ਤਾਂ ਕੁੱਝ ਵੀ ਨਹੀਂ ਹੁੰਦਾ । ਸਿਸਟਮ ਕਦੀ ਵੀ ਨਹੀਂ ਬਦਲਦਾ । ਨੇਤਾਵਾਂ ਦੇ ਝੂਠੇ ਲਾਰੇ ਵੀ ਕਦੀ ਸਿਰੇ ਨਹੀਂ ਚੜਦੇ । ਨਸ਼ੇ ਦੀ ਦਲਦਲ ਵੀ ਵਧਦੀ ਹੀ ਜਾਂਦੀ ਹੈ । ਗਰੀਬੀ ਵੀ ਮਨੀ ਪਲਾਟ ਦੇ ਬੂਟੇ ਵਾਂਗ ਫਲ ਰਹੀ ਹੈ । ਫੇਰ ਨਵਾਂ ਕੀ ਹੈ ? ਐਨਾ ਰੌਲਾ ਤੇ ਉਤੇਜਨਾ ਕਿਉਂ ਹੈ ਨਵੇ ਸਾਲ ਨੂੰ ਲੈ ਕੇ । ਹੁਣ ਜਿਵੇਂ ਕੋਈ ਚਾਅ ਜਿਹਾ ਨਹੀਂ ਰਿਹਾ ਮਨ ਵਿੱਚ ।

ਰੱਬ ਮੈਹਰ ਕਰੇ ਮੇਰੇ ਦੇਸ਼ ਵਾਸੀਆ ਉੱਤੇ , ਨੌਜਵਾਨ ਪੀੜੀ ਉੱਤੇ । ਵਾਹਿਗੁਰੂ ਆਪ ਹੀ ਸਹਾਈ ਹੋਵੇ ਤੇ ਸੋਝੀ ਦੇਵੇ ਨੌਜਵਾਨਾਂ ਪੀੜੀ ਨੂੰ ਵਿਰਸਾ ਸੰਭਾਲ਼ ਦੀ । ਪਰਿਵਾਰਾਂ ਦੀ ਰੋਣਕ ਮੁੜ ਆਵੇ । ਆਉ ਸਾਰੇ ਮਿਲ-ਜੁਲ ਕੋਸ਼ਿਸ਼ ਕਰੀਏ ਨਵਾ ਨਰੋਆ ਤੰਦੂਰੁਸਤ ਸਮਾਜ ਸਿਰਜਣ ਦੀ ।



## ਇਸ ਮਹੀਨੇ ਦੇ ਦਿਨ ਤਿਉਹਾਰ

| | |
|---|---|
| ਅਵਤਾਰਜ ਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 02 ਜਨਵਰੀ |
| ਲੋਹੜੀ | 13 ਜਨਵਰੀ |
| ਮੇਲਾ ਮਾਘੀ ਮੁਕਤਸਰ ਸਾਹਿਬ | 14 ਜਨਵਰੀ |
| ਨਾਮਧਾਰੀ ਸ਼ਹੀਦੀ ਮੇਲਾ | 17-18 ਜਨਵਰੀ |
| ਗਣਤੰਤਰ ਦਿਵਸ | 26 ਜਨਵਰੀ |
| ਮੇਲਾ ਬਸੰਤ ਪੰਚਮੀ | 29 ਜਨਵਰੀ |

| | |
|---|---|
| ਪੰਚਮੀ | 29 ਜਨਵਰੀ |
| ਸੰਗਰਾਂਦ | 14 ਜਨਵਰੀ |
| ਪੂਰਨਮਾਸੀ | 10 ਜਨਵਰੀ |
| ਮੱਸਿਆ | 24 ਜਨਵਰੀ |

## ਇਸ ਅੰਕ ਦਾ ਸਵਾਲ

**ਕੀ ਭਾਰਤ ਦੀ ਕੇਂਦਰ ਅਤੇ ਸੂਬਾ ਸਰਕਾਰਾਂ ਵਿਚਾਲੇ ਨਾਗਰਿਕਤਾ ਸੋਧ ਬਿਲ ਲਾਗੂ ਕਰਨ ਬਾਰੇ ਟਕਰਾ ਦਾ ਦੇਸ਼ ਨੂੰ ਨੁਕਸਾਨ ਹੋਏਗਾ ?**

ਜਵਾਬ :-

**ਹਾਂ ਜਾਂ ਨਾਂਹ ਵਿੱਚ ਦੱਸੋ**

ਤੁਸੀਂ ਸਾਨੂੰ ਆਪਣੇ ਜੁਆਬ ਈਮੇਲ ਕਰ ਸਕਦੇ ਹੋ
preetnamausa@gmail.com

# ਪ੍ਰੀਤਨਾਮਾ ਨਿਊਜ਼ਪੇਪਰ ਦੀ ਪਹਿਲੀ ਵਰੇਗੰਢ ਸਰਕਾਰੀ ਐਲੀਮੈਂਟਰੀ ਸਕੂਲ ਟਾਂਡਾ ਵਿਖੇ ਮਨਾਈ

ਪ੍ਰੀਤਨਾਮਾ ਨਿਊਜ਼ਪੇਪਰ ਦੀ ਪਹਿਲੀ ਵਰੇਗੰਢ ਸਰਕਾਰੀ ਐਲੀਮੈਂਟਰੀ ਸਕੂਲ ਝਾਂਸ ਟਾਡਾ ਸਟੇਟ ਐਵਾਰਡ ਅਧਿਆਪਕ ਸ੍ਰੀ ਨਰਿੰਦਰ ਅਰੋੜ, ਮੈਡਮ ਮਨਜੀਤ ਕੌਰ ਅਰੋੜਾ, ਕਮਲਜੀਤ ਸਿੰਘ ਟਾਂਡਾ ਵੱਲੋਂ ਬੜੀ ਧੂਮ ਧਾਮ ਨਾਲ ਮਨਾਈ ਗਈ। ਇਸ ਮੌਕੇ ਉਘੇ ਸਮਾਜ ਸੇਵਕ ਡਾ. ਕੇਵਲ ਸਿੰਘ ਐਸ. ਐਮ. ਓ. ਸਰਕਾਰੀ ਹਸਪਤਾਲ ਟਾਂਡਾ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ ਅਤੇ ਉਨ੍ਹਾਂ ਨੇ ਕੇਕ ਕੱਟ ਕੇ ਪ੍ਰੀਤਨਾਮਾ ਨਿਊਜ਼ਪੇਪਰ ਦੀ ਪੂਰੀ ਟੀਮ ਨੂੰ ਵਧਾਈ ਦਿੱਤੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਬੀਪੀਓ ਸ੍ਰੀ ਗੁਰਮੀਤ ਸਿੰਘ ਮੁਲਤਾਨੀ ਜੀ, ਡਾ. ਕੇਆਰ. ਬਾਲੀ ਡੈਂਟਲ ਸਰਜਨ ਸਰਕਾਰੀ ਹਸਪਤਾਲ ਟਾਂਡਾ, ਪੱਤਰਕਾਰ ਵਰਿੰਦਰ ਪੰਡਿਤ, ਗ੍ਰਾਮ ਪੰਚਾਇਤ ਝਾਂਸ, ਦਇਆ ਸਿੰਘ, ਰੇਸ਼ਮ ਸਿੰਘ, ਚੌਹਾਨ ਨਿਰਮਲ ਸਿੰਘ ਚੌਹਾਨ, ਲੰਬੜਦਾਰ ਗੋਵਿੰਦਰ ਸਿੰਘ, ਜਗਜੀਤ ਸਿੰਘ ਸਰਪੰਚ, ਮਨਿੰਦਰ ਸਿੰਘ ਚੌਹਾਨ, ਰੋਹਿਤ ਟੰਡਨ, ਜਸਪਾਲ ਸਿੰਘ ਮੁਲਤਾਨੀ ਕਪੂਰਥਲਾ, ਅਨਮੋਲਦੀਪ, ਅਰਸ਼ਦੀਪ, ਗੁਰਪ੍ਰੀਤ ਸਿੰਘ ਸ਼ਾਨ ਯੂ. ਐਸ.ਏ., ਸ਼ਮਸ਼ੇਰ ਸਿੰਘ ਸ਼ੇਰਾ ਜਰਮਨ, ਸੁਲੱਖਣ ਸਿੰਘ ਬੋਲੀ ਇਟਲੀ ਨੇ ਪ੍ਰੀਤਨਾਮਾ ਨਿਊਜ਼ਪੇਪਰ ਦੀ ਸਮੂਹ ਟੀਮ ਨੂੰ ਵਧਾਈ ਦਿੱਤੀ।









## ਏਅਰ ਇੰਡੀਆ ਦੀ ਲੰਡਨ-ਅੰਮ੍ਰਿਤਸਰ ਸਿੱਧੀ ਉਡਾਣ ਬੰਦ ਨਹੀ ਹੋਵੇਗੀ : ਮਾਥਿਨ




ਨਿਊਯਾਰਕ/ਲੰਡਨ ( ਰਾਜ ਗੋਗਨਾ)—ਸੇਵਾ ਟਰੱਸਟ ਯੂ. ਕੇ. ਅਤੇ ਸਿੰਘ ਸਭਾ ਸਾਊਥਹਾਲ ਦੇ ਸੀਨੀਅਰ ਨੁਮਾਇੰਦਿਆ ਦੀ ਏਅਰ ਇੰਡੀਆ ਨਾਲ ਅਹਿਮ ਮੀਟਿੰਗ ਗੁਰਦੁਆਰਾ ਸ੍ਰੀ ਗੁਰੁ ਸਿੰਘ ਸਭਾ ਪਾਰਕ ਐਵਿਨਊ ਵਿਖੇ ਹੋਈ। ਮੀਟਿੰਗ ਵਿੱਚ ਸੇਵਾ ਟਰੱਸਟ ਦੇ ਚੇਅਰਮੈਨ ਕੌਂਸਲਰ ਚਰਨ ਕੰਵਲ ਸਿੰਘ ਸੇਖੋਂ , ਸਿੰਘ ਸਭਾ ਦੇ ਪ੍ਰਧਾਨ ਗੁਰਮੇਲ ਸਿੰਘ ਮੱਲ੍ਹੀ, ਏਅਰ ਇੰਡੀਆ ਦੇ ਹੀਥਰੋ ਅਤੇ ਸਟੇਨਸਟੈਡਨ ਹਵਾਈ ਅੱਡਿਆਂ ਦੇ ਮੈਨੇਜਰ ਅਨਿਲ ਮਾਥਿਨ ਅਤੇ ਰਾਜ ਮਲਹੋਤਰਾ ਨੇ ਭਾਗ ਲਿਆ। ਇਸ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ ਅਨਿਲ ਮਾਥਿਨ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਦੇ550 ਸਾਲਾ ਗੁਰਪੂਰਬ ਤੇ ਏਅਰ ਇੰਡੀਆਂ ਵਲੋਂ ਸਟੇਨਸਟੈਡ ਹਵਾਈ ਅੱਡੇ ਤੋਂ ਗੁਰੂ ਕੀ ਨਗਰੀ ਅੰਮ੍ਰਿਤਸਰ ਲਈ ਜੋ ਸਿੱਧੀ ਉਡਾਣ ਸ਼ੁਰੂ ਕੀਤੀ ਗਈ ਸੀ, ਦੇ ਬਾਰੇ ਗਲਤ ਅਫਵਾਹਾਂ ਫੈਲਾਈਆਂ ਜਾਰਹੀਆਂ ਹਨ, ਜਦਕਿ ਏਅਰ ਇੰਡੀਆ ਵਲੋਂ ਇਸ ਉਡਾਣ ਨੂੰ ਲਗਾਤਾਰ ਜਾਰੀ ਰੱਖਿਆ ਜਾਵੇਗਾ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਕਿਸੇ ਵੀ ਹਵਾਈ ਰੂਟ ਦੀ ਸਫ਼ਲਤਾ ਸਵਾਰੀਆਂ ਦੀ ਗਿਣਤੀ ਤੇ ਵੀਨਿਰਭਰ ਹੁੰਦੀ ਹੈ ਕਿ ਕਿੰਨੀ ਮਾਤਰਾ ਵਿੱਚ ਸਵਾਰੀਆਂ ਸਫ਼ਰ ਕਰ ਰਹੀਆਂ ਹਨ। ਉਹਨਾਂ ਸਮੂਹ ਸੰਗਤਾਂ ਦੇ ਸਹਿਯੋਗ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਸ ਫਲਾਈਟ ਨੂੰਕਾਮਯਾਬ ਕਰਨ ਲਈ ਵੱਧ ਤੋਂ ਵੱਧ ਯਾਤਰੀ ਸਫ਼ਰ ਕਰਨ। ਉਨ੍ਹਾਂ ਕਿਹਾ ਕਿ ਏਅਰ ਇੰਡੀਆਦੁਨੀਆਂ ਦੀ ਪਹਿਲੀ ਅਤੇ ਇੱਕੋ-ਇੱਕ ਏਅਰਲਾਈਨ ਹੈ ਜਿਸ ਨੇ ਜਹਾਜ਼ ਤੇ ਇੱਕ ਓਂਕਾਰ ਦਾ ਚਿੰਨ੍ਹ ਲਗਾ ਕੇ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਦਾ ਅਤੇ ਸਮੂਹ ਸਿੱਖ ਕਮਿਊਨਿਟੀ ਦਾ ਸਨਮਾਨ ਕਰਦੀ ਹੈਅਤੇ ਅਗਾਂਹ ਤੋਂ ਵੀ ਵਧੀਆਂ ਸੇਵਾਵਾਂ ਲਈ ਵਚਨਬੱਧ ਹੈ।

## ਖ਼ਬਰ ਦੀ ਸੋਧ

ਪਿਛਲੇ ਹਫ਼ਤੇ ਪ੍ਰਕਾਸ਼ਿਤ ਹੋਈ ਨਾਮਧਾਰੀ ਸੰਸਥਾ ਦੀ ਖ਼ਬਰ ਦਾ ਸਿਰਲੇਖ ਤਕਨੀਕੀ ਗਲਤੀ ਕਾਰਨ ਗਲਤ ਪ੍ਰਕਾਸ਼ਿਤ ਹੋ ਗਿਆ ਸੀ। ਉਸ ਸਿਰਲੇਖ ਨੂੰ ਹੁਣ ਨਾਮਧਾਰੀ ਸੰਸਥਾ ਵੱਲੋਂ ਕਰਵਾਇਆ ਗਿਆ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ ਅਤੇ ਚਮਕੌਰ ਸਾਹਿਬ ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਨਾਮ ਸਿਮਰਨ ਸਮਾਗਮ ਵਜੋਂ ਪੜ੍ਹਿਆ ਜਾਵੇ।

From Amarjit Singh UK On first anniversary of Preetnama Congratulations to all the entire team and Happy New Year 2020 to all.



ਅਦਾਰਾ ਪ੍ਰੀਤਨਾਵਾ ਦੇ ਸਾਰੇ ਪਾਠਕਾ ਨੂੰ ਅਖ਼ਬਾਰ ਦੀ ਪਹਿਲੀ ਵਰ੍ਹੇਗੰਢ ਅਤੇ ਨਵੇਂ ਸਾਲ ਦੀਆਂ ਬਹੁਤ ਬਹੁਤ ਮੁਬਾਰਕਾਂ

ਮੈਂ ਜਿੱਥੇ ਪ੍ਰੀਤਨਾਵਾ ਅਖ਼ਬਾਰ ਨੂੰ ਉਸ ਦੀ ਪਹਿਲੀ ਵਰ੍ਹੇਗੰਢ ਤੇ ਦੇਸ਼ ਵਿਦੇਸ਼ ਵਿੱਚ ਰਹਿੰਦੇ ਭਾਰਤੀਆਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾ ਹਾਂ, ਉੱਥੇ ਅਖ਼ਬਾਰ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕਰਦਾ ਹਾਂ

ਬਲਰਾਜ ਸਿੰਘ



BJ DIGITAL VIDEO & PHOTO



A Complete Solution of 4K & Full HD Videos & Digital Photos

WEDDING, BIRTHDAY, RING CEREMONY SWEET SIXTEEN & ALL OTHER FUNCTION



Baldev Singh

email : bj_video@yahoo.com
www.bjphotography.in

Tel : 718-441-6516
Cell : 646-403-7334

116-12 101 Ave, South Richmond Hill, NY 11419

# ਗੁਰੂਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਵਿਖੇ ਰੂਹਾਨੀ ਕੀਰਤਨ ਨਾਲ ਬੀਤੇ ਵਰ੍ਹੇ ਨੂੰ ਕਿਹਾ ਅਲਵਿਦਾ ਅਤੇ ਫੁੱਲਾਂ ਦੀਵਰਖਾ ਨਾਲ ਕੀਤਾ ਗਿਆ ਨਵੇਂ ਸਾਲ ਦਾ ਸੁਆਗਤ

ਨਿਊਯਾਰਕ (ਬੀ. ਜੇ. ਸਟੂਡੀਓ)- ਗੁਰੁਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਟ੍ਰੀਟ 113 ਰਿਚਮੰਡ ਹਿੱਲ ਨਿਊਯਾਰਕ ਅਮਰੀਕਾ ਵਿੱਚ ਨਵੇਂ ਸਾਲ ਦੀ ਪੂਰਵਸੰਧਿਆ ਉੱਤੇ ਕੀਰਤਨ ਦਰਬਾਰ ਸਜਾਏ ਗਏ । ਪਾਲਕੀ ਸਾਹਿਬ ਨੂੰ ਫੁੱਲਾਂ ਨਾਲ ਸਜਾਇਆ ਗਿਆ । ਸ਼ਾਮ 4 ਵਜੇ ਕੀਰਤਨ ਅਰੰਭ ਹੋਇਆ ਜਿਸਦਾਭੋਗ ਰਾਤ 12ਵਜੇ ਪਾਇਆ ਗਿਆ । ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ । ਸੰਗਤਾਂ ਦੀ ਭਰਪੂਰ ਹਾਜਿਰੀ ਵਿੱਚ ਨਵੇਂ ਸਾਲ ਦਾ ਸੁਆਗਤ ਫੁੱਲਾਂਦੀ ਵਰਖਾ ਨਾਲ ਕੀਤਾ ਗਿਆ ਤੇ ਬੀਤੇ ਵਰੇ ਨੂੰ ਅਲਵਿਦਾ ਕਿਹਾ । ਗੁਰੁਦੁਆਰਾ ਸਾਹਿਬ ਦੇ ਸਮੂਹ ਕਮੇਟੀ ਮੈਂਬਰਾਂ ਨੇ ਸੰਗਤਾਂ ਨੂੰ ਨਵੇਂ ਸਾਲ ਦੀ ਵਧਾਈਦਿੱਤੀ ।










ਤਸਵੀਰਾਂ : ਬੀ. ਜੇ. ਸਟੂਡੀਓ




















# ਗੁਰਦਵਾਰਾ ਬਾਬਾ ਮੱਖਣ ਸ਼ਾਹ ਲੁਬਾਣਾ ਵਿਖੇ 2007 ਤੋਂ ਚੱਲ ਰਹੇ ਗੁਰਮਤਿ ਕੈਂਪ ਦੇ ਬੱਚਿਆਂ ਨੂੰ ਟਰਾਫੀਆਂ ਨਾਲ ਸਨਮਾਨਿਤ ਕੀਤਾ ਗਿਆ

ਨਿਊਯਾਰਕ : ਪ੍ਰਧਾਨ ਗੁਰਮੀਤ ਸਿੰਘ ਮਹਿਮਦਪੁਰ ਦੀ ਅਗਵਾਈ ਹੇਠ ਗੁਰਦਵਾਰਾ ਬਾਬਾ ਮੱਖਣ ਸ਼ਾਹ ਲੁਬਾਣਾ ਵਿਖੇ ਜਿੱਥੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਉੱਥੇ ਸਾਰੇ ਟੀਚਰਾਂ ਨੂੰ ਵੀ ਟਰਾਫੀਆਂ ਦੇਕੇ ਸਨਮਾਨ ਦਿੱਤਾ ਗਿਆ। ਕਮੇਟੀ ਵੱਲੋਂ ਕੀਤਾ ਗਿਆ ਉਪਰਾਲਾ ਸਲਾਘਯੋਗ ਹੈ। ਕਮੇਟੀ ਨੇ ਟੀਚਰਾਂ ਦੇ ਨਾਵਾਂ ਦੀ ਲਿਸਟ ਦਿੱਤੀ ਜੋ ਅਸੀਂ ਸੰਗਤਾਂ ਨਾਲ ਸਾਂਝੀ ਕਰਨ ਜਾ ਰਹੇ ਹਾਂ। ਤਾਂ ਜੋ ਹੋਰ ਟੀਚਰ ਸੇਵਾ ਨਿਭਾਕੇ ਗੁਰੂ ਜੀ ਲਾਹਾ ਲੈ ਸਕਦੇ ਹਨ। ਟੀਚਰ ਭਰਪੂਰ ਸਿੰਘ, ਰਾਜਵਿੰਦਰ ਕੌਰ, ਸਤਿੰਦਰ ਕੌਰ, ਰਮਨਦੀਪ ਕੌਰ, ਮਨਿੰਦਰ ਕੌਰ, ਪ੍ਰਭਜੀਤ ਕੌਰ, ਨਵਦੀਪ ਕੌਰ, ਸੁਰਜੀਤ ਸਿੰਘ, ਇਹ ਸਾਰਾ ਸਕੂਲ ਦਾ ਪ੍ਰਬੰਧ ਪਰਮਿੰਦਰ ਕੌਰ, ਮਲਕੀਤ ਕੌਰ ਅਤੇ ਸਕੱਤਰ ਦਲੇਰ ਸਿੰਘ ਤੇ ਸਕੱਤਰ ਹਿੰਮਤ ਸਿੰਘ ਸਰਪੰਚ ਦੀ ਦੇਖਰੇਖ ਵਿੱਚ ਚੇਅਰਮੈਨ ਸਤਨਾਮ ਸਿੰਘ ਟਾਲੀ ਵੱਲੋਂ ਪ੍ਰਧਾਨ ਗੁਰਮੀਤ ਸਿੰਘ ਮਹਿਮਦਪੁਰ ਜੀ ਦੀ ਅਨੁਮਤੀ ਨਾਲ ਨੇਪਰੇ ਚਾੜਿਆ ਗਿਆ। ਸਮੁੱਚੀ ਕਮੇਟੀ ਇਸ ਤਰਾਂ ਦੀ ਸੇਵਾ ਕਰਕੇ ਸੰਗਤਾਂ ਦੀ ਚਹੇਤੀ ਹੈ।



ਤਸਵੀਰਾਂ : ਬੀ. ਜੇ. ਸਟੂਡੀਓ




















# ਗੁਰਦਵਾਰਾ ਬਾਬਾ ਮੱਖਣ ਸ਼ਾਹ ਲੁਬਾਣਾ ਵਿਖੇ ਮਿਸਟਰ ਐਰੱਕ ਐੱਲ ਐਡਮ ਜੀ ਦਾ ਸਿਰੋਪਾਉ ਦੇਕੇ ਸਨਮਾਨ ਕੀਤਾ ਗਿਆ

ਉਪਰੋਕਤ ਦਿੱਤੀ ਤਸਵੀਰ ਵਿੱਚ ਗੁਰਦਵਾਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵਿਖੇ ਸਮੂਹ ਮੈਂਬਰਾਂ ਵੱਲੋਂ ਨਿਉਯਾਰਕ ਸਿਟੀ ਮੇਅਰ ਦੀ ਰੇਸ ਵਿੱਚ ਖੜੇ ਐਰੱਕ ਐੱਲ ਐਡਮ ਜੀ ਨੂੰ ਸਿਰੋਪਾਉ ਦੇਕੇ ਸਨਮਾਨਿਤ ਕੀਤਾ ਗਿਆ। ਤਸਵੀਰ ਵਿੱਚ ਪ੍ਰਧਾਨ ਗੁਰਮੀਤ ਸਿੰਘ ਮਹਿਮਦਪੁਰ ,ਸਕੱਤਰ ਦਲੇਰ ਸਿੰਘ , ਸਕੱਤਰ ਹਿੰਮਤ ਸਿੰਘ ਸਰਪੰਚ,ਸਾਬਕਾ ਪ੍ਰਧਾਨ ਮਾਸਟਰ ਮਹਿੰਦਰ ਸਿੰਘ, ਸਾਬਕਾ ਪ੍ਰਧਾਨ ਰਘਵੀਰ ਸਿੰਘ ਸੁਭਾਨਪੁਰ ,ਸਾਬਕਾ ਪ੍ਰਧਾਨ ਕੁਲਦੀਪ ਸਿੰਘ ਖ਼ਾਲਸਾ, ਦਿਲਬਾਗ ਸਿੰਘ , ਮਹਿੰਦਰ ਸਿੰਘ, ਬਲਵੀਰ ਸਿੰਘ, ਸਾਬਕਾ ਪ੍ਰਧਾਨ ਗੁਰਮੇਜ ਸਿੰਘ, ਕਾਰਜ ਸਿੰਘ, ਬਲਵਿੰਦਰ ਸਿੰਘ ਸੁਭਾਨਪੁਰ , ਮਹਿੰਦਰ ਸਿੰਘ ਤਨੇਜਾ ਅਤੇ ਗ੍ਰੰਥੀ ਸਿੰਘ ਜੀ ਵੱਲੋਂ ਵੀ ਉਹਨਾ ਨੂੰ ਵੋਟ ਪਾਉਣ ਲਈ ਸੰਗਤਾਂ ਨੂੰ ਅਪੀਲ ਵੀ ਕੀਤੀ ਗਈ। ਉਸ ਤੋਂ ਬਾਅਦ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵੱਲੋਂ ਐੱਰਕ ਲਈ ਕਾਨਫਰੰਸ ਵੀ ਕੀਤੀ ਗਈ। ਜਿਸ ਵਿੱਚ ਕਮੇਟੀ ਨੇ ਸਮਰਥਨ ਦੇਣ ਦਾ ਵਾਅਦਾ ਕੀਤਾ।






ਤਸਵੀਰਾਂ : ਬੀ. ਜੇ. ਸਟੂਡੀਓ

















# ਕਾਸਿਮ ਸੁਲੇਮਾਨੀ : ਈਰਾਨ ਦੀ ਫ਼ੌਜ ਕਿੰਨੀ ਤਾਕਤਵਰ ਹੈ ?

ਬਗ਼ਦਾਦ ਹਵਾਈ ਅੱਡੇ 'ਤੇ ਅਮਰੀਕੀ ਡਰੋਨ ਹਮਲੇ ਵਿੱਚ ਆਪਣੇ ਸਭ ਤੋਂ ਸ਼ਕਤੀਸ਼ਾਲੀ ਸੈਨਾ ਕਮਾਂਡਰ ਦੇ ਮਾਰੇ ਜਾਣ ਤੋਂ ਬਾਅਦ ਈਰਾਨ ਨੇ ਬਦਲਾ ਲੈਣ ਦੀ ਸਹੁੰ ਖਾਧੀ ਹੈ।ਈਰਾਨ ਦੇ ਮੁੱਖ ਲੀਡਰ ਨੇ ਕਿਹਾ ਕਿ ਜਨਰਲ ਕਾਸਿਮ ਸੁਲੇਮਾਨੀ 'ਤੇ ਹਮਲਾ ਕਰਨ ਵਾਲੇ ਇਸ ਦਾ 'ਗੰਭੀਰ ਬਦਲਾ ਭੁਗਤਣ' ਲਈ ਤਿਆਰ ਰਹਿਣ।

**ਆਖਿਰ ਅਸੀਂ ਈਰਾਨ ਦੀ ਫ਼ੌਜੀ ਸਮਰੱਥਾ ਬਾਰੇ ਕੀ ਜਾਣਦੇ ਹਾਂ ?**

**ਇਰਾਨੀ ਸੈਨਾ ਕਿੰਨੀ ਵੱਡੀ ਹੈ ?**

ਯੂਕੇ ਆਧਾਰਿਤ ਥਿੰਕ ਟੈਂਕ ਇੰਟਰਨੈਸ਼ਨਲ ਇੰਸਟੀਚਿਊਟ ਆਫ ਸਟ੍ਰੈਟੇਜਿਕ ਸਟੱਡੀਜ਼ ਅਨੁਸਾਰ ਈਰਾਨ ਦੀਆਂ ਫ਼ੌਜੀ ਭੂਮਿਕਾਵਾਂ ਨਿਭਾਉਣ ਲਈ ਲਗਭਗ 5,23,000 ਸਰਗਰਮ ਕਰਮਚਾਰੀ ਹਨ। ਇਸ ਵਿੱਚ 3,50,000 ਆਮ ਫ਼ੌਜੀ ਅਤੇ ਘੱਟ ਤੋਂ ਘੱਟ 1,50,000 ਇਸਲਾਮਿਕ ਰੈਵੋਲਿਊਸ਼ਨਰੀ ਗਾਰਡਜ਼ ਕੋਰਪਸ (ਆਈਆਰਜੀਸੀ) ਹਨ।

ਆਈਆਰਜੀਸੀ ਦੀ ਜਲ ਸੈਨਾ ਵਿੱਚ ਅੱਗੇ 20,000 ਕਰਮਚਾਰੀ ਹਨ। ਇਹ ਸਮੂਹ 'ਸਟਰੇਟ ਆਫ ਹਾਰਮੋਜ਼' (Strait of Harmos) ਵਿੱਚ ਕਈ ਗਸ਼ਤੀ ਕਿਸ਼ਤੀਆਂ ਚਲਾਉਂਦਾ ਹੈ, ਜਿੱਥੇ 2019 ਵਿੱਚ ਵਿਦੇਸ਼ੀ ਝੰਡੇ ਵਾਲੇ ਟੈਂਕਰਾਂ ਨੂੰ ਸ਼ਾਮਲ ਕਰਨ 'ਤੇ ਕਈ ਵਾਰ ਟਕਰਾਅ ਹੋਇਆ ਸੀ। ਜ਼ਬਤ ਕੀਤੇ ਗਏ ਬ੍ਰਿਟਿਸ਼ ਝੰਡੇ ਵਾਲੇ ਟੈਂਕਰ ਈਰਾਨ ਤੋਂ ਵਾਪਸ ਗਏ ਆਈਆਰਜੀਸੀ ਬਾਸਿਜ ਯੂਨਿਟ ਨੂੰ ਵੀ ਕੰਟਰੋਲ ਕਰਦਾ ਹੈ, ਇਹ ਇੱਕ ਵਾਲੰਟੀਅਰ ਬਲ ਹੈ, ਜਿਸਨੇ ਇਸ ਦੇ ਅੰਦਰੂਨੀ ਅਸੰਤੋਸ਼ ਨੂੰ ਦਬਾਉਣ ਵਿੱਚ ਮਦਦ ਕੀਤੀ ਸੀ। ਇਹ ਯੂਨਿਟ ਸੰਭਾਵਿਤ ਤੌਰ 'ਤੇ ਕਈ ਹਜ਼ਾਰ ਕਰਮਚਾਰੀਆਂ ਨੂੰ ਜੁਟਾ ਸਕਦੀ ਹੈ।

ਆਈਆਰਜੀਸੀ ਦੀ ਸਥਾਪਨਾ 40 ਸਾਲ ਪਹਿਲਾਂ ਈਰਾਨ ਵਿੱਚ ਇਸਲਾਮੀ ਵਿਵਸਥਾ ਦੀ ਰਾਖੀ ਕਰਨ ਲਈ ਕੀਤੀ ਗਈ ਸੀ ਅਤੇ ਇਹ ਆਪਣੇ ਆਪ ਵਿੱਚ ਇੱਕ ਪ੍ਰਮੁੱਖ ਸੈਨਾ ਹੈ, ਜੋ ਰਾਜਨੀਤਕ ਅਤੇ ਆਰਥਿਕ ਸ਼ਕਤੀ ਬਣ ਗਈ ਹੈ। ਆਮ ਸੈਨਾ ਦੀ ਤੁਲਨਾ ਵਿੱਚ ਘੱਟ ਸੈਨਿਕ ਹੋਣ ਦੇ ਬਾਵਜੂਦ ਇਸ ਨੂੰ ਈਰਾਨ ਵਿੱਚ ਸਭ ਤੋਂ ਵੱਧ ਅਧਿਕਾਰਤ ਸੈਨਿਕ ਤਾਕਤ ਮੰਨਿਆ ਜਾਂਦਾ ਹੈ।

**ਵਿਦੇਸ਼ਾਂ ਵਿੱਚ ਕਾਰਵਾਈ ?**

ਕੁਦਸ ਬਲ ਜਿਨ੍ਹਾਂ ਦੀ ਅਗਵਾਈ ਜਨਰਲ ਸੁਲੇਮਾਨੀ ਨੇ ਕੀਤੀ ਸੀ, ਇਹ ਆਈਆਰਜੀਸੀ ਲਈ ਵਿਦੇਸ਼ਾਂ ਵਿੱਚ ਗੁਪਤ ਕਾਰਵਾਈਆਂ ਕਰਦਾ ਹੈ ਅਤੇ ਸਿੱਧੇ ਈਰਾਨ ਦੇ ਸਰਵਉੱਚ ਨੇਤਾ ਅਯਾਤੁੱਲਾ ਅਲੀ ਖਮੇਨੀ ਨੂੰ ਰਿਪੋਰਟ ਕਰਦਾ ਹੈ। ਇਸ ਨੂੰ ਲਗਭਗ 5,000 ਗੁਣਾ ਮਜ਼ਬੂਤ ਮੰਨਿਆ ਜਾਂਦਾ ਹੈ। ਇਸ ਯੂਨਿਟ ਨੂੰ ਸੀਰੀਆ ਵਿੱਚ ਤਾਇਨਾਤ ਕੀਤਾ ਗਿਆ ਹੈ, ਜਿੱਥੇ ਉਸ ਨੇ ਸੀਰੀਆ ਦੇ ਰਾਸ਼ਟਰਪਤੀ ਬਸ਼ਰ-ਅਲ-ਅਸਦ ਦੇ ਵਫ਼ਾਦਾਰ ਮਿਲਟਰੀ ਵਾਲਿਆਂ ਅਤੇ ਉਨ੍ਹਾਂ ਨਾਲ ਲੜ ਰਹੇ ਸ਼ੀਆ ਹਥਿਆਰਬੰਦ ਗੁੱਟ (shia militias) ਨੂੰ ਸਲਾਹ ਦਿੱਤੀ ਹੈ।

ਇਰਾਕ ਵਿੱਚ ਇਸ ਨੇ ਸ਼ੀਆ ਦਬਦਬੇ ਵਾਲੇ ਅਰਧ-ਸੈਨਿਕ ਬਲ ਦਾ ਸਮਰਥਨ ਕੀਤਾ ਹੈ, ਜਿਸ ਨੇ ਇਸਲਾਮਿਕ ਸਟੇਟ ਸਮੂਹ ਨੂੰ ਹਰਾਉਣ ਵਿੱਚ ਸਹਾਇਤਾ ਕੀਤੀ।

ਹਾਲਾਂਕਿ ਅਮਰੀਕਾ ਦਾ ਕਹਿਣਾ ਹੈ ਕਿ ਕੁਦਸ ਸੈਨਾ ਨੇ ਉਨ੍ਹਾਂ ਸੰਗਠਨਾਂ ਨੂੰ ਵਿੱਤ, ਸਿਖਲਾਈ, ਹਥਿਆਰ ਅਤੇ ਉਪਕਰਨ ਪ੍ਰਦਾਨ ਕਰਕੇ ਵਿਆਪਕ ਭੂਮਿਕਾ ਨਿਭਾਈ ਹੈ, ਜਿਨ੍ਹਾਂ ਨੂੰ ਅਮਰੀਕਾ ਨੇ ਮੱਧ ਪੂਰਬ ਵਿੱਚ ਅੱਤਵਾਦੀ ਸਮੂਹਾਂ ਦੇ ਰੂਪ ਵਿੱਚ ਨਾਮਜ਼ਦ ਕੀਤਾ ਹੈ। ਇਨ੍ਹਾਂ ਵਿੱਚ ਲੈਬਨਾਨ ਦੀ ਹਿਜ਼ਬੁੱਲਾ ਲਹਿਰ ਅਤੇ ਫਿਲਸਤੀਨੀ ਇਸਲਾਮਿਕ ਜੇਹਾਦ ਸ਼ਾਮਲ ਹਨ।

ਆਰਥਿਕ ਸਮੱਸਿਆਵਾਂ ਅਤੇ ਪਾਬੰਦੀਆਂ ਨੇ ਈਰਾਨ ਦੇ ਹਥਿਆਰਾਂ ਦੀ ਦਰਾਮਦ ਵਿੱਚ ਰੁਕਾਵਟ ਪਾਈ ਹੋਈ ਹੈ, ਜੋ ਕਿ ਖੇਤਰ ਦੇ ਦੂਜੇ ਦੇਸ਼ਾਂ ਦੀ ਤੁਲਨਾ ਵਿੱਚ ਬਹੁਤ ਘੱਟ ਹੈ। ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਅਨੁਸਾਰ 2009 ਅਤੇ 2018 ਵਿਚਕਾਰ ਈਰਾਨ ਦੇ ਰੱਖਿਆ ਅਯਾਤ ਦਾ ਮੁੱਲ ਉਸੇ ਸਮੇਂ ਵਿੱਚ ਸਾਊਦੀ ਅਰਬ ਦੇ ਅਯਾਤ ਦੇ ਸਿਰਫ਼ 3.5 % ਅਯਾਤ ਦੇ ਬਰਾਬਰ ਸੀ।

ਜ਼ਿਆਦਾਤਰ ਇਰਾਨੀ ਅਯਾਤ ਰੂਸ ਤੋਂ ਹੁੰਦਾ ਹੈ ਅਤੇ ਬਾਕੀ ਚੀਨ ਤੋਂ।

**ਕੀ ਈਰਾਨ ਕੋਲ ਮਿਜ਼ਾਇਲਾਂ ਹਨ ?**

ਹਾਂ-ਈਰਾਨ ਦੀ ਮਿਜ਼ਾਇਲ ਸਮਰੱਥਾ ਉਸ ਦੀ ਫ਼ੌਜੀ ਸਮਰੱਥਾ ਦਾ ਇੱਕ ਮਹੱਤਵਪੂਰਨ ਹਿੱਸਾ ਹੈ।ਉਸ ਦੇ ਇਜ਼ਰਾਇਲ ਅਤੇ ਸਾਊਦੀ ਅਰਬ ਵਰਗੇ ਦੁਸ਼ਮਣਾਂ ਦੀ ਤੁਲਨਾ ਵਿੱਚ ਇਸ ਦੀ ਹਵਾਈ ਸ਼ਕਤੀ ਦੀ ਘਾਟ ਨੂੰ ਦੇਖਦੇ ਹੋਏ ਵੀ ਇਹ ਮਜ਼ਬੂਤ ਹੈ। ਅਮਰੀਕੀ ਰੱਖਿਆ ਵਿਭਾਗ ਦੀ ਇੱਕ ਰਿਪੋਰਟ ਵਿੱਚ ਈਰਾਨ ਦੀ ਮਿਜ਼ਾਇਲ ਤਾਕਤ ਮੱਧ ਪੂਰਬ ਵਿੱਚ ਸਭ ਤੋਂ ਮਜ਼ਬੂਤ ਹੈ, ਜਿਸ ਵਿੱਚ ਮੁੱਖ ਰੂਪ ਵਿੱਚ ਘੱਟ ਦੂਰੀ ਅਤੇ ਦਰਮਿਆਨੀ ਦੂਰੀ ਦੀਆਂ ਮਿਜ਼ਾਇਲਾਂ ਸ਼ਾਮਿਲ ਹਨ।

ਇਸ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਈਰਾਨ ਅੰਤਰ-ਮਹਾਂਦੀਪ ਮਿਜ਼ਾਇਲਾਂ ਨੂੰ ਵਿਕਸਤ ਕਰਨ ਦੀ ਆਗਿਆ ਦੇਣ ਲਈ ਪੁਲਾੜ ਤਕਨਾਲੋਜੀ ਦੀ ਪਰਖ ਕਰ ਰਿਹਾ ਹੈ ਜੋ ਇਸਨੂੰ ਬਹੁਤ ਅੱਗੇ ਲੈ ਕੇ ਜਾ ਸਕਦਾ ਹੈ।

**ਪੈਟਰਿਓਟ ਮਿਜ਼ਾਇਲ ਰੱਖਿਆ ਪ੍ਰਣਾਲੀ (Patriot missile defence system) ਕੀ ਹੈ ?**

ਰੌਇਲ ਯੂਨਾਈਟਿਡ ਸਰਵਿਸਿਜ਼ ਇੰਸਟੀਚਿਊਟ (ਰੂਸੀ) ਥਿੰਕ ਟੈਂਕ ਅਨੁਸਾਰ ਵਿਦੇਸ਼ਾਂ ਨਾਲ 2015 ਦੇ ਪਰਮਾਣੂ ਸਮਝੌਤੇ ਦੇ ਹਿੱਸੇ ਵਜੋਂ ਈਰਾਨ ਵੱਲੋਂ ਲੰਬੀ ਦੂਰੀ ਦੇ ਮਿਜ਼ਾਇਲ ਪ੍ਰੋਗਰਾਮ ਨੂੰ ਰੋਕ ਦਿੱਤਾ ਗਿਆ ਸੀ, ਪਰ ਇਸ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਉਸ ਸੌਦੇ ਨੂੰ ਲੈ ਕੇ ਅਨਿਸ਼ਚਤਾ ਨੂੰ ਦੇਖਦੇ ਹੋਏ ਇਸ ਨੂੰ ਮੁੜ ਤੋਂ ਸ਼ੁਰੂ ਕੀਤਾ ਜਾ ਸਕਦਾ ਹੈ। ਕਿਸੇ ਵੀ ਸਥਿਤੀ ਵਿੱਚ ਸਾਊਦੀ ਅਰਬ ਅਤੇ ਖਾੜੀ ਵਿੱਚ ਬਹੁਤ ਸਾਰੇ ਨਿਸ਼ਾਨੇ ਈਰਾਨ ਦੀਆਂ ਮੌਜੂਦਾ ਛੋਟੀਆਂ ਅਤੇ ਦਰਮਿਆਨੀ ਦੂਰੀ ਦੀਆਂ ਮਿਜ਼ਾਇਲਾਂ ਦੀ ਸੀਮਾ ਦੇ ਅੰਦਰ ਹੋਣਗੇ ਅਤੇ ਇਜ਼ਰਾਇਲ ਵਿੱਚ ਸੰਭਾਵਿਤ ਨਿਸ਼ਾਨੇ ਹੋਣਗੇ। ਪਿਛਲੇ ਸਾਲ ਮਈ ਵਿੱਚ ਈਰਾਨ ਨਾਲ ਤਣਾਅ ਵਧਣ 'ਤੇ ਅਮਰੀਕਾ ਨੇ ਮੱਧ ਪੂਰਬ ਵਿੱਚ ਇੱਕ ਪੈਟਰਿਓਟ ਮਿਜ਼ਾਇਲ ਰੋਕੂ ਰੱਖਿਆ ਪ੍ਰਣਾਲੀ ਤਾਇਨਾਤ ਕੀਤੀ ਸੀ। ਇਹ ਬੈਲਿਸਟਿਕ ਮਿਜ਼ਾਇਲਾਂ, ਕਰੂਜ਼ ਮਿਜ਼ਾਇਲਾਂ ਅਤੇ ਉੱਨਤ ਜਹਾਜ਼ਾਂ ਦਾ ਮੁਕਾਬਲਾ ਕਰਨ ਲਈ ਹੈ।



**ਇਸ ਦੇ ਗ਼ੈਰ ਰਵਾਇਤੀ ਹਥਿਆਰ ਕੀ ਹਨ ?**

ਸਾਲਾਂ ਦੀਆਂ ਪਾਬੰਦੀਆਂ ਦੇ ਬਾਵਜੂਦ, ਈਰਾਨ ਡਰੋਨ ਸਮਰੱਥਾਵਾਂ ਨੂੰ ਵਿਕਸਤ ਕਰਨ ਵਿੱਚ ਵੀ ਸਮਰੱਥ ਹੈ। ਇਰਾਕ ਵਿੱਚ ਆਈਐੱਸ ਖਿਲਾਫ਼ ਲੜਾਈ ਵਿੱਚ 2016 ਵਿੱਚ ਈਰਾਨੀ ਡਰੋਨ ਦਾ ਉਪਯੋਗ ਕੀਤਾ ਗਿਆ ਹੈ। ਰੂਸੀ ਅਨੁਸਾਰ ਇਸ ਨੇ ਸੀਰੀਆ ਵਿੱਚ ਅੱਡਿਆਂ ਤੋਂ ਸੰਚਾਲਿਤ ਸਸ਼ਤਰ ਡਰੋਨ ਨਾਲ ਇਜ਼ਰਾਇਲ ਦੇ ਹਵਾਈ ਖੇਤਰ ਵਿੱਚ ਪ੍ਰਵੇਸ਼ ਕੀਤਾ। ਜੂਨ, 2019 ਵਿੱਚ ਈਰਾਨ ਨੇ ਇੱਕ ਅਮਰੀਕੀ ਨਿਗਰਾਨੀ ਡਰੋਨ ਨੂੰ ਗਿਰਾ ਦਿੱਤਾ, ਦਾਅਵਾ ਕੀਤਾ ਗਿਆ ਕਿ ਉਸ ਨੇ 'ਸਟਰੇਟ ਆਫ ਹਾਰਮੋਜ਼' 'ਤੇ ਇਰਾਨੀ ਹਵਾਈ ਖੇਤਰ ਦੀ ਉਲੰਘਣਾ ਕੀਤੀ ਹੈ। ਬੀਬੀਸੀ ਦੇ ਰੱਖਿਆ ਅਤੇ ਕੂਟਨੀਤਕ ਪੱਤਰਕਾਰ ਜੋਨਾਥਨ ਮਾਰਕਸ ਨੇ ਦੱਸਿਆ ਕਿ ਈਰਾਨ ਦੇ ਡਰੋਨ ਪ੍ਰੋਗਰਾਮ ਦਾ ਦੂਜਾ ਪਹਿਲੂ ਇਸ ਦੀ ਡਰੋਨ ਤਕਨਾਲੋਜੀ ਨੂੰ ਆਪਣੇ ਸਹਿਯੋਗੀਆਂ ਅਤੇ ਪ੍ਰਕੌਸੀਆਂ (ਪ੍ਰਤੀਨਿਧੀਆਂ/ਏਜੰਟਾਂ) (proxies) ਨੂੰ ਵੇਚਣ ਜਾਂ ਇਸਨੂੰ ਤਬਦੀਲ ਕਰਨ ਦੀ ਇੱਛਾ ਹੈ। 2019 ਵਿੱਚ ਡਰੋਨ ਅਤੇ ਮਿਜ਼ਾਇਲ ਹਮਲਿਆਂ ਨੇ ਸਾਊਦੀ ਦੇ ਦੋ ਪ੍ਰਮੁੱਖ ਤੇਲ ਖੇਤਰਾਂ ਨੂੰ ਨੁਕਸਾਨ ਪਹੁੰਚਾਇਆ। ਅਮਰੀਕਾ ਅਤੇ ਸਾਊਦੀ ਅਰਬ ਦੋਵਾਂ ਨੇ ਇਨ੍ਹਾਂ ਹਮਲਿਆਂ ਨੂੰ ਈਰਾਨ ਨਾਲ ਜੋੜਿਆ ਜਦ ਕਿ ਤਹਿਰਾਨ ਨੇ ਕਿਸੇ ਤਰ੍ਹਾਂ ਦੀ ਸ਼ਮੂਲੀਅਤ ਤੋਂ ਇਨਕਾਰ ਕੀਤਾ ਅਤੇ ਯਮਨ ਵਿੱਚ ਵਿਦਰੋਹੀਆਂ ਵੱਲੋਂ ਜ਼ਿੰਮੇਵਾਰੀ ਲੈਣ ਦੇ ਦਾਅਵੇ ਵੱਲ ਇਸ਼ਾਰਾ ਕੀਤਾ।

**ਕੀ ਈਰਾਨ ਕੋਲ ਸਾਈਬਰ ਸਮਰੱਥਾ ਹੈ ?**

2010 ਵਿੱਚ ਇਰਾਨੀ ਪਰਮਾਣੂ ਸੁਵਿਧਾਵਾਂ 'ਤੇ ਇੱਕ ਵੱਡੇ ਸਾਈਬਰ ਹਮਲੇ ਤੋਂ ਬਾਅਦ ਈਰਾਨ ਨੇ ਆਪਣੀ ਸਾਈਬਰ ਸਪੇਸ ਸਮਰੱਥਾ ਨੂੰ ਵਧਾ ਦਿੱਤਾ ਸੀ। ਮੰਨਿਆ ਜਾਂਦਾ ਹੈ ਕਿ ਇਸਲਾਮਿਕ ਰੈਵੋਲਿਊਸ਼ਨਰੀ ਗਾਰਡਜ਼ ਕਾਰਪਸ (ਆਈਆਰਜੀਐੱਸ) ਦੀ ਆਪਣੀ ਸਾਈਬਰ ਕਮਾਂਡ ਹੈ ਜੋ ਵਪਾਰਕ ਅਤੇ ਫ਼ੌਜੀ ਜਾਸੂਸੀ 'ਤੇ ਕੰਮ ਕਰ ਰਹੀ ਹੈ। 2019 ਵਿੱਚ ਇੱਕ ਅਮਰੀਕੀ ਸੈਨਾ ਰਿਪੋਰਟ ਵਿੱਚ ਕਿਹਾ ਗਿਆ ਕਿ ਈਰਾਨ ਨੇ ਵਿਸ਼ਵ ਭਰ ਵਿੱਚ ਸਾਈਬਰ ਜਾਸੂਸੀ ਕਾਰਜਾਂ ਲਈ ਏਅਰਸਪੇਸ ਕੰਪਨੀਆਂ, ਰੱਖਿਆ ਠੇਕੇਦਾਰਾਂ, ਊਰਜਾ ਅਤੇ ਕੁਦਰਤੀ ਸਰੋਤ ਕੰਪਨੀਆਂ ਅਤੇ ਦੂਰਸੰਚਾਰ ਕੰਪਨੀਆਂ ਨੂੰ ਨਿਸ਼ਾਨਾ ਬਣਾਇਆ ਹੈ। ਇਸ ਤੋਂ ਇਲਾਵਾ 2019 ਵਿੱਚ ਮਾਇਕਰੋਸਾਫਟ ਨੇ ਕਿਹਾ ਕਿ ਇੱਕ ਹੈਕਰ ਸਮੂਹ ਜੋ 'ਈਰਾਨ ਤੋਂ ਸੰਚਾਲਿਤ ਹੁੰਦਾ ਹੈ ਅਤੇ ਈਰਾਨੀ ਸਰਕਾਰ ਨਾਲ ਜੁੜਿਆ ਹੋਇਆ ਹੈ' ਨੇ ਅਮਰੀਕੀ ਰਾਸ਼ਟਰਪਤੀ ਚੋਣਾਂ ਦੇ ਅਭਿਆਨ ਨੂੰ ਨਿਸ਼ਾਨਾ ਬਣਾਇਆ ਅਤੇ ਅਮਰੀਕਾ ਦੇ ਸਰਕਾਰੀ ਅਧਿਕਾਰੀਆਂ ਦੇ ਖਾਤਿਆਂ ਵਿੱਚ ਸੇਂਧ ਲਾਉਣ ਦੀ ਕੋਸ਼ਿਸ਼ ਕੀਤੀ।

## ਕਾਸਿਮ ਸੁਲੇਮਾਨੀ ਕੌਣ ਸਨ, ਜਿਨ੍ਹਾਂ ਦੀ ਇਰਾਕ 'ਚ ਅਮਰੀਕੀ ਹਮਲੇ ਦੌਰਾਨ ਹੋਈ ਮੌਤ, ਈਰਾਨ ਨੇ ਦਿੱਤੀ 'ਬਦਲੇ ਦੀ ਚਿਤਾਵਨੀ'



ਈਰਾਨ ਦੀਆਂ ਕੁਦਸ ਫੋਰਸ ਦੇ ਮੁਖੀ ਜਨਰਲ ਕਾਸਿਮ ਸੁਲੇਮਾਨੀ ਦੀ ਅਮਰੀਕਾ ਦੇ ਇਰਾਕ 'ਤੇ ਕੀਤੇ ਹਵਾਈ ਹਮਲਿਆਂ ਵਿੱਚ ਮੌਤ ਹੋ ਗਈ। ਪੈਂਟਾਗਨ ਨੇ ਪੁਸ਼ਟੀ ਕੀਤੀ ਹੈ ਕਿ ਉਨ੍ਹਾਂ ਨੂੰ "ਰਾਸ਼ਟਰਪਤੀ ਦੀਆਂ ਹਦਾਇਤਾਂ 'ਤੇ" ਮਾਰਿਆ ਗਿਆ ਸੀ। ਇਹ ਕਾਰਵਾਈ ਬਗ਼ਦਾਦ ਕੌਮਾਂਤਰੀ ਹਵਾਈ ਅੱਡੇ 'ਤੇ ਹੋਏ ਹਮਲੇ ਤੋਂ ਬਾਅਦ ਕੀਤੀ ਗਈ ਹੈ ਜਿਸ ਵਿੱਚ ਕਈ ਜਾਨਾਂ ਚਲੀਆਂ ਗਈਆਂ ਸਨ। ਸੁਲੇਮਾਨੀ ਈਰਾਨ ਲਈ ਕਿੰਨੇ ਅਹਿਮ ਸਨ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਉਨ੍ਹਾਂ ਦੀ ਮੌਤ ਦੀ ਖ਼ਬਰ ਆਉਂਦਿਆਂ ਹੀ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਅਮਰੀਕਾ ਦੇ ਕੌਮੀ ਝੰਡੇ ਦੀ ਤਸਵੀਰ ਟਵੀਟ ਕੀਤੀ। ਟਰੰਪ ਦੇ ਇਸ ਟਵੀਟ ਤੋਂ ਉੱਤੇ ਉਨ੍ਹਾਂ ਦੇ ਸਮਰਥਕ ਕਾਫ਼ੀ ਜਸ਼ਨ ਵੀ ਮਨਾ ਰਹੇ ਹਨ, ਇੱਕ ਨੇ ਕਿਹਾ ਕਿ ਉਸ ਨੂੰ ਅਮਰੀਕੀ ਹੋਣ ਉੱਤੇ ਇੰਨਾ ਮਾਣ ਪਹਿਲਾਂ ਕਦੇ ਨਹੀਂ ਹੋਇਆ ਅਤੇ ਦੂਜੇ ਨੇ ਲਿਖਿਆ ਰਾਸ਼ਟਰਪਤੀ ਟਰੰਪ ਦਾ ਅਰਥ ਹੈ ਕੰਮ ਅਤੇ ਇਹ ਦੁਨੀਆਂ ਜਾਣ ਗਈ ਹੈ। ਈਰਾਨ ਦੇ ਰੈਵਿਲੂਸ਼ਨਰੀ ਗਾਰਡਜ਼ ਨੇ ਵੀ ਸੁਲੇਮਾਨੀ ਦੀ ਮੌਤ ਦੀ ਪੁਸ਼ਟੀ ਕੀਤੀ ਹੈ ਤੇ ਇਸ ਲਈ ਅਮਰੀਕੀ ਹੈਲੀਕਾਪਟਰਾਂ 'ਤੇ ਇਲਜ਼ਾਮ ਲਾਇਆ ਹੈ। ਜਨਰਲ ਕਾਸਿਮ ਸੁਲੇਮਾਨੀ ਦੀ ਮੌਤ ਤੋਂ ਬਾਅਦ ਈਰਾਨ ਵਿੱਚ ਤਿੰਨ ਦਿਨਾਂ ਦੇ ਕੌਮੀ ਸੋਗ ਦਾ ਐਲਾਨ ਕੀਤਾ ਗਿਆ ਹੈ। ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਦੇਸ਼ ਦੀ ਸਿਰਮੌਰ ਸੁਰੱਖਿਆ ਬੌਡੀ ਦੀ ਇਸ "ਅਪਰਾਧਿਕ ਕਾਰਵਾਈ" 'ਤੇ ਵਿਚਾਰ ਕਰਨ ਲਈ ਸ਼ੁੱਕਰਵਾਰ ਨੂੰ ਬੈਠਕ ਸੱਦੀ ਗਈ ਹੈ। ਦੇਸ਼ ਪ੍ਰਮੁੱਖ ਅਇਤੋਉੱਲ੍ਹਾ ਅਲੀ ਖ਼ੁਮੇਨੀ ਨੇ ਕਿਹਾ, ਹਮਲੇ ਪਿਛਲੇ ਦੇ "ਮੁਲਜ਼ਮਾਂ ਨੂੰ ਇੱਕ ਗੰਭੀਰ ਬਦਲਾ ਉਡੀਕ ਕਰ ਰਿਹਾ ਹੈ।" ਈਰਾਨ ਦੇ ਵਿਦੇਸ਼ ਮੰਤਰੀ ਨੇ ਇਸ ਨੂੰ "ਕੌਮਾਂਤਰੀ ਦਹਿਸ਼ਤਗਰਦੀ ਦਾ ਕੰਮ" ਦੱਸਿਆ। ਮਰਹੂਮ ਜਨਰਲ ਈਰਾਨੀ ਸੱਤਾ ਦਾ ਇੱਕ ਵੱਡਾ ਚਿਹਰਾ ਸਨ। ਉਨ੍ਹਾਂ ਦੀ ਕੁਦਸ ਫੋਰਸ ਸਿੱਧੀ ਦੇਸ਼ ਪ੍ਰਮੁੱਖ ਅਇਤੋਉੱਲ੍ਹਾ ਅਲੀ ਖ਼ੁਮੇਨੀ ਨੂੰ ਰਿਪੋਰਟ ਕਰਦੀ ਸੀ।

ਖ਼ਬਰ ਨਸ਼ਰ ਹੋਣ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਅਮਰੀਕੀ ਝੰਡੇ ਦੀ ਤਸਵੀਰ ਟਵੀਟ ਕੀਤੀ।

ਹਾਲਾਂਕਿ ਇਸ ਹਮਲੇ ਤੋਂ ਬਾਅਦ ਵਿਸ਼ਵੀ ਮੰਡੀ ਵਿੱਚ ਤੇਲ ਦੀਆਂ ਕੀਮਤਾਂ ਵਿੱਚ 4 ਫ਼ੀਸਦੀ ਦਾ ਉਛਾਲ ਆਇਆ।

**ਹਮਲੇ ਮਗਰੋਂ ਪੈਂਟਾਗਨ ਨੇ ਕੀ ਕਿਹਾ ?**

ਪੈਂਟਾਗਨ ਨੇ ਆਪਣੇ ਬਿਆਨ ਵਿੱਚ ਦੱਸਿਆ, "ਰਾਸ਼ਟਰਪਤੀ ਦੇ ਹਦਾਇਤਾਂ 'ਤੇ ਅਮਰੀਕੀ ਫ਼ੌਜ ਨੇ ਅਮਰੀਕੀਆਂ ਦੀ ਸੁਰੱਖਿਆ ਲਈ ਇਹ ਫ਼ੈਸਲਾਕੁਨ ਕਾਰਵਾਈ ਕੀਤੀ ਹੈ।" ਹਮਲੇ ਦਾ ਮੰਤਵ ਭਵਿੱਖ ਵਿੱਚ ਈਰਾਨ ਦੇ ਹਮਲਿਆਂ ਦੀਆਂ ਯੋਜਨਾਵਾਂ ਨੂੰ ਰੋਕਣਾ ਸੀ। "ਅਮਰੀਕਾ ਆਪਣੇ ਲੋਕਾਂ ਤੇ ਹਿੱਤਾਂ ਦੀ ਰਾਖੀ ਲਈ, ਭਾਵੇਂ ਉਹ ਦੁਨੀਆਂ ਵਿੱਚ ਕਿਤੇ ਵੀ ਹੋਣ, ਸਾਰੇ ਜ਼ਰੂਰੀ ਕੰਮ ਕਰਦਾ ਰਹੇਗਾ।" ਰੈਵਲੂਸ਼ਨਰੀ ਗਾਰਡਜ਼ ਮੁਤਾਬਕ ਇਸ ਹਮਲੇ ਵਿੱਚ ਇਰਾਕੀ ਲੜਾਕਿਆਂ ਦੇ ਆਗੂ ਅਬੂ ਮਾਹਿਦ ਅਲ-ਮੁਹਾਨਦਿਸ ਦੀ ਵੀ ਮੌਤ ਹੋ ਗਈ ਹੈ।

ਇਸ ਹਮਲੇ ਤੋਂ ਇੱਕ ਦਿਨ ਪਹਿਲਾਂ ਬਗ਼ਦਾਦ ਵਿੱਚ ਮੁਜ਼ਾਹਰਾਕਾਰੀਆਂ ਨੇ ਯੂਐੱਸ ਅੰਬੈਸੀ ਨੂੰ ਘੇਰਿਆ ਸੀ ਤੇ ਮੌਕੇ ਤੇ ਮੌਜੂਦ ਫ਼ੌਜੀਆਂ ਨਾਲ ਟਕਰਾਅ ਵੀ ਹੋਇਆ ਸੀ। ਅਮਰੀਕੀ ਰੱਖਿਆ ਮੰਤਰੀ ਮਾਰਕ ਐਸਪਰ ਨੇ ਵੀਰਵਾਰ ਨੂੰ ਦੱਸਿਆ ਕਿ ਅਮਰੀਕਾ ਖਿੱਤੇ ਵਿੱਚ ਆਪਣੇ ਲੋਕਾਂ ਤੇ ਹਮਲੇ ਸਹਿਣ ਨਹੀਂ ਕਰੇਗਾ। ਉਨ੍ਹਾਂ ਨੇ ਇਸ ਅੰਬੈਸੀ ਦੇ ਬਾਹਰ ਹੋਈ ਹਿੰਸਾ ਲਈ ਈਰਾਨ ਨੂੰ ਜ਼ਿੰਮੇਵਾਰ ਠਹਿਰਾਇਆ।

**ਕਾਸਿਮ ਸੁਲੇਮਾਨੀ ਕੌਣ ਸਨ ?**

ਸਾਲ 1998 ਤੋਂ ਬਾਅਦ ਮੇਜਰ ਜਨਰਲ ਕਾਸਿਮ ਸੁਲੇਮਾਨੀ ਨੇ ਈਰਾਨ ਦੀਆਂ ਕੁਦਸ ਫੋਰਸਜ਼ ਦੀ ਅਗਵਾਈ ਕੀਤੀ। ਇਹ ਈਰਾਨ ਦੀ ਰੈਵਲੂਸ਼ਨਰੀ ਗਾਰਡਜ਼ ਦਾ ਇੱਕ ਚੋਣਵਾਂ ਦਸਤਾ ਹੈਬਗ਼ਦਾਦ ਵਿੱਚ ਮੁਜ਼ਾਹਰਾਕਾਰੀਆਂ ਨੇ ਯੂਐੱਸ ਅੰਬੈਸੀ ਨੂੰ ਘੇਰਿਆ ਸੀ ਤੇ ਮੌਕੇ ਤੇ ਮੌਜੂਦ ਫ਼ੌਜੀਆਂ ਨਾਲ ਟਕਰਾਅ ਵੀ ਹੋਇਆ ਸੀ। ਉਸ ਹੈਸੀਅਤ ਵਿੱਚ ਸੁਲੇਮਾਨੀ ਨੇ ਬਸ਼ਰ-ਅੱਲ-ਅੱਸਦ ਦੀ ਈਰਾਨੀ ਹਮਾਇਤ ਵਾਲੀ ਸਰਕਾਰ ਦੀ ਸੀਰੀਆ ਦੇ ਗ੍ਰਹਿ ਯੁੱਧ ਵਿੱਚ ਅਤੇ ਇਸਲਾਮਿਕ ਸਟੇਟ (ਆਈਐੱਸ) ਗੁਰੱਪ ਖ਼ਿਲਾਫ਼ ਇਰਾਕ ਵਿੱਚ ਹਮਾਇਤ ਕਰਨ ਵਿੱਚ ਮੁੱਖ ਭੂਮਿਕਾ ਨਿਭਾਈ। ਮਰਹੂਮ ਸੁਲੇਮਾਨੀ ਈਰਾਨੀ ਸੱਤਾ ਦਾ ਇੱਕ ਉੱਘਾ ਚਿਹਰਾ ਸਨ। ਜਿਨ੍ਹਾਂ ਦੀਆਂ ਕੁਦਸ ਫੋਰਸ ਸਿੱਧੀ ਦੇਸ਼ ਪ੍ਰਮੁੱਖ ਅਇਤੋਉੱਲ੍ਹਾ ਅਲੀ ਖ਼ਮੇਨੀ ਨੂੰ ਰਿਪੋਰਟ ਕਰਦੀ ਸੀ। ਉਹ ਪਹਿਲੀ ਵਾਰ 1980ਵਿਆਂ ਵਿੱਚ ਈਰਾਨ-ਇਰਾਕ ਯੁੱਧ ਦੌਰਾਨ ਚਰ੍ਹਤ ਵਿੱਚ ਆਏ। ਸਾਲ 2015 ਵਿੱਚ ਇੱਕ ਵੀਡੀਓ ਈਰਾਨ ਵਿੱਚ ਬਹੁਤ ਜ਼ਿਆਦਾ ਸਾਂਝੀ ਕੀਤੀ ਗਈ। ਇਹ ਇੱਕ ਸੰਗੀਤਕ ਵੀਡੀਓ ਸੀ, ਜਿਸ ਵਿੱਚ ਇਰਾਕ ਦੇ ਸ਼ੀਆ ਲੜਾਕੇ ਇੱਕ ਕੰਧ ਤੇ ਸੁਲੇਮਾਨੀ ਦੀ ਤਸਵੀਰ ਛਾਪ ਕੇ ਉਸ ਦੇ ਸਾਹਮਣੇ ਪਰੇਡ ਕਰਦੇ ਹਨ ਤੇ ਇੱਕ ਜੋਸ਼ੀਲਾ ਤਰਾਨਾ ਗਾਉਂਦੇ ਹਨ। ਸੁਲੇਮਾਨੀ ਉਸ ਸਮੇਂ ਉੱਤਰੀ ਇਰਾਕ ਦੇ ਸਲਾਉਦੀਨ ਸੂਬੇ ਵਿੱਚ ਇਰਾਕੀ ਤੇ ਸ਼ੀਆ ਲੜਾਕਿਆਂ ਦੀ ਅਗਵਾਈ ਕਰ ਰਹੇ ਸਨ। ਇਹ ਲੜਾਕੇ ਤਿਕਰਿਤ ਸ਼ਹਿਰ ਨੂੰ ਇਸਲਾਮਿਕ ਸਟੇਟ ਦੇ ਲੜਾਕਿਆਂ ਤੋਂ ਵਾਪਸ ਲੈਣ ਲਈ ਲੜ ਰਹੇ ਸਨ। ਇਰਾਨੀ ਖ਼ਬਰ ਏਜੰਸੀ ਫਾਰਸ ਨੇ ਬੀਬੀਸੀ ਨੂੰ ਦੱਸਿਆ ਸੀ ਕਿ ਸੁਲੇਮਾਨੀ ਨੇ ਇਰਾਕੀ ਲੜਾਕਿਆਂ ਦੀ ਇਸ ਮਿਸ਼ਨ ਦੀ ਤਿਆਰੀ ਵਿੱਚ ਕੁਝ ਸਮਾਂ ਮਦਦ ਕੀਤੀ ਸੀ। ਇਹ ਪਹਿਲੀ ਵਾਰ ਨਹੀਂ ਸੀ ਕਿ ਸੁਲੇਮਾਨੀ ਨੇ ਜਿਹਾਦੀਆਂ ਖ਼ਿਲਾਫ਼ ਮੋਰਚਾ ਲਿਆ ਹੋਵੇ। ਗੁਆਂਢੀ ਸੀਰੀਆ ਵਿੱਚ ਵੀ ਉਨ੍ਹਾਂ ਨੇ ਰਾਸ਼ਟਰਪਤੀ ਬਸ਼ਰ-ਅੱਲ-ਅੱਸਦ ਦੀ ਜਿਹਾਦੀਆਂ ਤੋਂ ਪ੍ਰਮੁੱਖ ਸ਼ਹਿਰ ਵਾਪਸ ਲੈਣ ਵਿੱਚ ਮਦਦ ਕੀਤੀ ਸੀ। ਹਾਲਾਂਕਿ ਈਰਾਨ ਹਮੇਸ਼ਾ ਹੀ ਸੀਰੀਆ ਤੇ ਇਰਾਕ ਵਿੱਚ ਆਪਣੇ ਦਖ਼ਲ ਤੋਂ ਇਨਕਾਰੀ ਰਿਹਾ ਹੈ ਪਰ ਇਨ੍ਹਾਂ ਦੋਹਾਂ ਦੇਸ਼ਾਂ ਵਿੱਚ ਮਰਨ ਵਾਲੇ ਲੜਾਕਿਆਂ ਦੇ ਆਗੂਆਂ ਦੇ ਸੋਗ ਸਮਾਗਮ ਈਰਾਨ ਵਿੱਚ ਹੁੰਦੇ ਰਹੇ ਹਨ ਤੇ ਸੁਲੇਮਾਨੀ ਵੀ ਇਨ੍ਹਾਂ ਵਿੱਚ ਜਾਂਦੇ ਸਨ। ਭਾਵੇਂ ਈਰਾਨ ਤੇ ਅਮਰੀਕਾ ਦੀਆਂ ਤਲਵਾਰਾਂ ਖਿੱਚੀਆਂ ਰਹਿੰਦੀਆਂ ਹੋਣ ਪਰ ਆਈਐੱਸ ਦੀ ਸਾਂਝੀ ਵਿਪਤਾ ਨੇ ਇਨ੍ਹਾਂ ਨੂੰ ਅਸਿੱਧਾ ਸਹਿਯੋਗ ਕਰਨ ਲਈ ਮਜਬੂਰ ਕੀਤਾ। ਸਾਲ 2001 ਵਿੱਚ ਸੁਲੇਮਾਨੀ ਨੇ ਇਸ ਨੀਤੀ ਦਾ ਮੁੱਢ ਬੰਨ੍ਹਿਆ ਸੀ। ਜਦੋਂ ਈਰਾਨ ਨੇ ਅਮਰੀਕਾ ਨੂੰ ਅਫ਼ਗਾਨਿਸਤਾਨ ਵਿੱਚ ਤਾਲਿਬਾਨ ਲੜਾਕਿਆਂ ਨਾਲ ਜੰਗ ਕਰਨ ਲਈ ਫੌਜੀ ਜਾਣਕਾਰੀਆਂ ਮੁਹਈਆ ਕਰਵਾਈਆਂ ਸਨ। ਫਿਰ 2007 ਵਿੱਚ ਦੋਹਾਂ ਦੇਸ਼ਾਂ ਨੇ ਤਹਿਰਾਨ ਦੀ ਨਿੱਘਰਦੀ ਜਾ ਰਹੀ ਸਥਿਤੀ ਦੇ ਮੱਦੇਨਜ਼ਰ ਆਪਣੇ ਨੁਮਾਇੰਦੇ ਭੇਜੇ। ਸਮੇਂ ਦੇ ਨਾਲ-ਨਾਲ ਸੁਲੇਮਾਨੀ ਦਾ ਕੱਦ ਈਰਾਨ ਦੀ ਵਿਦੇਸ਼ ਨੀਤੀ ਵਿੱਚ ਉੱਚਾ ਹੁੰਦਾ ਗਿਆ। ਉਹ ਈਰਾਨ ਦਾ ਅਜਿਹਾ ਚਿਹਰਾ ਬਣੇ ਜੋ ਹਰ ਸੰਕਟ ਵਿੱਚ ਪਹੁੰਚਦਾ ਸੀ। ਈਰਾਨ ਵੱਲੋਂ ਕੀਤੇ ਇੱਕ ਐਲਾਨ ਮੁਤਾਬਕ ਉਨ੍ਹਾਂ ਨੇ ਇਰਾਕ ਦੇ ਮਰਹੂਮ ਸ਼ਾਸ਼ਕ ਸੱਦਾਮ ਹੁਸੈਨ ਬਾਰੇ ਬਣਾਈ ਜਾਣ ਵਾਲੀ ਦਸਤਾਵੇਜ਼ੀ ਫ਼ਿਲਮ ਦੀ ਨਜ਼ਰਸਾਨੀ ਵੀ ਕਰਨੀ ਸੀ। ਹਾਲਾਂਕਿ ਹਰ ਕੋਈ ਸੁਲੇਮਾਨੀ ਦੇ ਵਧਦੇ ਵਕਾਰ ਤੋਂ ਖ਼ੁਸ਼ ਨਹੀਂ ਸੀ।

# ਇਰਾਕ ਦੀ ਸੰਸਦ ਨੇ ਅਮਰੀਕੀ ਫੌਜ ਨੂੰ ਦੇਸ਼ ਛੱਡਣ ਲਈ ਕਿਹਾ



ਇਰਾਕ ਦੀ ਸੰਸਦ ਨੇ ਇੱਕ ਮਤਾ ਪਾਸ ਕਰਕੇ ਸਾਰੇ ਵਿਦੇਸ਼ੀ ਫੌਜੀਆਂ ਨੂੰ ਮੁਲਕ ਛੱਡਣ ਲਈ ਕਿਹਾ ਹੈ। ਈਰਾਨੀ ਮਿਲਟਰੀ ਕਮਾਂਡਰ ਜਨਰਲ ਕਾਸਿਮ ਸੁਲੇਮਾਨੀ ਨੂੰ ਅਮਰੀਕਾ ਨੇ ਸ਼ੁੱਕਰਵਾਰ ਨੂੰ ਇਰਾਕ ਦੀ ਰਾਜਧਾਨੀ ਬਗ਼ਦਾਦ ਵਿੱਚ ਮਾਰ ਦਿੱਤਾ। ਇਸ ਤੋਂ ਬਾਅਦ ਇਰਾਕ ਦੀ ਸੰਸਦ ਨੇ ਇਹ ਪ੍ਰਸਤਾਵ ਪਾਸ ਕੀਤਾ। ਇਰਾਕ ਵਿੱਚ ਅਜੇ ਵੀ ਅਮਰੀਕਾ ਦੇ ਪੰਜ ਹਜ਼ਾਰ ਸੈਨਿਕ ਹਨ। ਸੰਸਦ ਨੇ ਇਹ ਵੀ ਕਿਹਾ ਕਿ ਵਿਦੇਸ਼ੀ ਤਾਕਤਾਂ ਨੂੰ ਇਰਾਕ ਦੀ ਧਰਤੀ, ਹਵਾਈ ਖ਼ੇਤਰ ਅਤੇ ਜਲ ਖ਼ੇਤਰ ਦੀ ਵਰਤੋਂ ਤੋਂ ਰੋਕਿਆ ਜਾਵੇ। ਇਰਾਕ ਦੀ ਸੰਸਦ ਨੇ ਵੀ ਸਰਕਾਰ ਨੂੰ ਅਮਰੀਕੀ ਫੌਜ ਦੀ ਹਰ ਮਦਦ ਬੰਦ ਕਰਨ ਲਈ ਕਿਹਾ ਹੈ। ਅਲ-ਅਰੇਬੀਆ ਦੇ ਅਨੁਸਾਰ, ਇਰਾਕ ੀ ਸੰਸਦ ਦੇ ਵਿਸ਼ੇਸ਼ ਸੈਸ਼ਨ ਵਿੱਚ ਪ੍ਰਧਾਨ ਮੰਤਰੀ ਅਬਦੁੱਲ ਮਹਿਦੀ ਨੇ ਕਿਹਾ ਕਿ ਇਰਾਕ ਤੋਂ ਵਿਦੇਸ਼ੀ ਫੌਜਾਂ ਦੀ ਮੌਜੂਦਗੀ ਨੂੰ ਜਲਦੀ ਤੋਂ ਜਲਦੀ ਖ਼ਤਮ ਕੀਤਾ ਜਾਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਥੇ ਅੰਦਰੂਨੀ ਅਤੇ ਬਾਹਰੀ ਸਮੱਸਿਆਵਾਂ ਹਨ, ਪਰ ਇਰਾਕ ਉਨ੍ਹਾਂ ਨਾਲ ਖ਼ੁਦ ਨਜਿੱਠੇਗਾ। ਇਰਾਕੀ ਪ੍ਰਧਾਨ ਮੰਤਰੀ ਨੇ ਕਿਹਾ ਕਿ ਈਰਾਨੀ ਫੌਜੀ ਕਮਾਂਡਰ ਦੀ ਹੱਤਿਆ ਇੱਕ ਰਾਜਨੀਤਿਕ ਕਤਲੇਆਮ ਹੈ। ਹਾਲਾਂਕਿ, ਇਸ ਪ੍ਰਸਤਾਵ ਦਾ ਅਮਰੀਕੀ ਸੈਨਿਕਾਂ ਦੀ ਮੌਜੂਦਗੀ 'ਤੇ ਕੋਈ ਅਸਰ ਨਹੀਂ ਹੋਏਗਾ। ਜੇ ਵਿਦੇਸ਼ੀ ਫੌਜਾਂ ਨੂੰ ਇਰਾਕ ਬਾਹਰ ਕਰਨਾ ਚਾਹੁੰਦਾ ਹੈ, ਤਾਂ ਉਨ੍ਹਾਂ ਨੂੰ ਇਸ ਲਈ ਨਵਾਂ ਬਿੱਲ ਲਿਆਉਣਾ ਪਏਗਾ ਤਾਂ ਜੋ ਸਮਝੌਤੇ ਨੂੰ ਖ਼ਤਮ ਕੀਤਾ ਜਾ ਸਕੇ। ਪ੍ਰਧਾਨ ਮੰਤਰੀ ਅਬਦੁਲ ਮਾਹਦੀ ਨੇ ਕਈ ਮਹੀਨਿਆਂ ਦੇ ਸਰਕਾਰ ਵਿਰੋਧੀ ਵਿਰੋਧ ਪ੍ਰਦਰਸ਼ਨ ਤੋਂ ਬਾਅਦ ਅਸਤੀਫਾ ਦੇ ਦਿੱਤਾ, ਪਰ ਉਹ ਫਿਰ ਵੀ ਕਾਰਜਕਾਰੀ ਪ੍ਰਧਾਨ ਮੰਤਰੀ ਹਨ। ਪੀ.ਐੱਮ ਮਹਿੰਦੀ ਨੇ ਕਿਹਾ ਕਿ ਇਸਲਾਮਿਕ ਸਟੇਟ ਦੇ ਖ਼ਤਮ ਹੋਣ ਤੋਂ ਬਾਅਦ ਵਿਦੇਸ਼ੀ ਫੌਜਾਂ ਦੇ ਇਥੇ ਰਹਿਣ ਦਾ ਕੋਈ ਮਤਲਬ ਨਹੀਂ ਹੈ। ਇਰਾਕ ਅਤੇ ਅਮਰੀਕਾ ਵਿਚਾਲੇ ਇਕ ਅਜੀਬ ਸਥਿਤੀ ਵਿਚ ਫਸਿਆ ਹੋਇਆ ਹੈ। ਹਜ਼ਾਰਾਂ ਅਮਰੀਕੀ ਸੈਨਿਕ ਅਜੇ ਵੀ ਇਰਾਕ ਵਿੱਚ ਮੌਜੂਦ ਹਨ। ਅਮਰੀਕਾ ਦਾ ਦਾ ਕਹਿਣਾ ਹੈ ਕਿ ਉਹ ਇਰਾਕੀ ਸੈਨਿਕਾਂ ਨੂੰ ਸਿਖਲਾਈ ਦੇ ਰਿਹਾ ਹੈ, ਪਰ ਇਰਾਕੀ ਸਰਕਾਰ ਦਾ ਕਹਿਣਾ ਹੈ ਕਿ ਬਗਦਾਦ ਵਿੱਚ ਈਰਾਨੀ ਫੌਜੀ ਕਮਾਂਡਰ ਜਨਰਲ ਸੁਲੇਮਣੀ ਦੀ ਹੱਤਿਆ ਉਸ ਦੀ ਪ੍ਰਭੂਸੱਤਾ ਦੀ ਉਲੰਘਣਾ ਹੈ। ਮਾਹਦੀ ਨੇ ਕਿਗਾ, "ਇਰਾਕ ਦੇ ਕੋਲ ਦੋ ਰਸਤੇ ਹਨ। ਅਸੀਂ ਤਤਕਾਲ ਅਮਰੀਕੀ ਸੈਨਿਕਾਂ ਨੂੰ ਮੁਲਕ ਛੱਡਣ ਨਵਾਂ ਬਿੱਲ ਪਾਸ ਕਰਾਂਗੇ ਜਾਂ ਇਨ੍ਹਾਂ ਨੂੰ ਟਰੇਨਿੰਗ ਤੱਕ ਹੀ ਸੀਮਤ ਕਰੀਏ।"

## ਕੈਪਟਨ ਨੇ ਮੋਦੀ ਸਰਕਾਰ ਨੂੰ ਕੀਤੀ ਅਪੀਲ



ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਟਵੀਟ ਕਰਕੇ ਗਲਫ਼ ਇਲਾਕਿਆਂ 'ਚ ਵਸਦੇ ਭਾਰਤੀਆਂ ਦੀ ਸੁਰੱਖਿਆ ਲਈ ਅਪੀਲ ਕੀਤੀ ਹੈ। ਇਰਾਨ ਅਟੈਕ ਦਾ ਹਵਾਲਾ ਦਿੰਦਿਆ ਕਿਹਾ ਕਿ ਪੰਜਾਬ ਹਰ ਤਰ੍ਹਾਂ ਦੇ ਯੋਗਦਾਨ ਲਈ ਤਿਆਰ ਹੈ।

# ਈਰਾਨ ਤੇ ਅਮਰੀਕਾ ਦੀ ਦੁਸ਼ਮਣੀ ਦਾ ਇਤਿਹਾਸ ਕੀ ਹੈ

ਅਮਰੀਕਾ ਤੇ ਈਰਾਨ ਵਿੱਚ ਤਣਾਅ ਲਗਾਤਾਰ ਵਧ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਈਰਾਨ ਨੂੰ ਚੇਤਾਵਨੀ ਦਿੱਤੀ ਹੈ ਕਿ ਜੇ ਕਿਸੇ ਅਮਰੀਕੀ ਟਿਕਾਣੇ ਜਾਂ ਅਮਰੀਕੀ ਜਾਇਦਾਦ 'ਤੇ ਹਮਲਾ ਕੀਤਾ ਗਿਆ ਤਾਂ ਅਮਰੀਕਾ 52 ਈਰਾਨੀ ਸ਼ਹਿਰਾਂ ਨੂੰ 'ਨਿਸ਼ਾਨਾ' ਬਣਾਵੇਗਾ। ਟਰੰਪ ਦਾ ਇਹ ਵੀ ਕਹਿਣਾ ਸੀ ਇਹ ਹਮਲਾ 'ਤੇਜ਼ੀ ਨਾਲ ਅਤੇ ਬਹੁਤ ਜ਼ੋਰ ਨਾਲ' ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਇੱਕ ਰਾਕੇਟ ਅਮਰੀਕੀ ਅੰਬੈਸੀ ਦੇ ਗ੍ਰੀਨ ਜ਼ੋਨ ਕੋਲ ਡਿੱਗਿਆ ਜਦਕਿ ਦੋ ਹੋਰ ਬਗਦਾਦ ਦੇ ਬਲਾਦ ਏਅਰਬੇਸ 'ਤੇ ਦਾਗੇ ਗਏ ਜੋ ਅਮਰੀਕੀ ਫੌਜਾਂ ਦਾ ਟਿਕਾਣਾ ਹੈ। ਇਸ ਹਮਲੇ ਦੀ ਜ਼ਿੰਮੇਵਾਰੀ ਕਿਸੇ ਵੀ ਸੰਗਠਨ ਨੇ ਨਹੀਂ ਲਈ ਹੈ ਪਰ ਈਰਾਨ ਦੀ ਮਦਦ ਵਾਲੇ ਇਰਾਕੀ ਲੜਾਕਿਆਂ 'ਤੇ ਸ਼ੱਕ ਜਤਾਇਆ ਜਾ ਰਿਹਾ ਹੈ। ਅਮਰੀਕਾ ਤੇ ਈਰਾਨ ਦੇ ਵਧਦੇ ਤਣਾਅ ਬਾਰੇ ਮਿਲੀ- ਜੁਲੀ ਕੌਮਾਂਤਰੀ ਪ੍ਰਤੀਕਿਰਿਆ ਆ ਰਹੀ ਹੈ, ਹਾਲਾਂਕਿ ਪੱਛਮੀਂ ਏਸ਼ੀਆ ਵਿੱਚ ਮੰਡਰਾ ਰਹੇ ਜੰਗ ਦੇ ਬੱਦਲਾਂ ਤੋਂ ਕੋਈ ਮਨ੍ਹਾਂ ਨਹੀਂ ਕਰ ਰਿਹਾ।

ਜਿੱਥੇ ਇਜ਼ਰਾਈਲ ਨੇ ਅਮਰੀਕਾ ਵੱਲੋਂ ਈਰਾਨੀ ਜਨਰਲ ਨੂੰ ਮਾਰਨ ਦਾ ਸਵਾਗਤ ਕੀਤਾ ਹੈ ਤੇ ਇਸ ਨੂੰ ਅਮਰੀਕਾ ਦੀ ਆਤਮ-ਰੱਖਿਆ ਵਜੋਂ ਕੀਤੀ ਕਾਰਵਾਈ ਕਿਹਾ ਹੈ। ਉੱਥੇ ਹੀ ਰੂਸ ਦੇ ਰਾਸ਼ਟਰਪਤੀ ਵਾਲਾਦੀਮੀਰ ਪੂਤਿਨ ਨੇ ਕਿਹਾ ਕਿ ਅਮਰੀਕੀ ਹਮਲੇ ਨਾਲ ਖਿੱਤੇ ਵਿੱਚ ਹਾਲਾਤ ਹੋਰ ਖ਼ਰਾਬ ਹੋਣਗੇ। ਇਹ ਸੰਕਟ ਪੂਰਨ ਹਾਲਤ ਰਾਤੋ-ਰਾਤ ਪੈਦਾ ਨਹੀਂ ਹੋ ਗਏ ਸਗੋਂ ਇਸ ਪਿੱਛੇ ਅਮਰੀਕਾ ਤੇ ਈਰਾਨ ਦੇ ਲੰਬੇ ਤਣਾਅਪੂਰਨ ਰਿਸ਼ਤਿਆਂ ਦਾ ਇਤਿਹਾਸ ਹੈ। ਜਿਸ ਬਾਰੇ ਜਾਨਣਾ ਮੌਜੂਦਾ ਸਥਿਤੀ ਨੂੰ ਸਮਝਣ ਲਈ ਜ਼ਰੂਰੀ ਹੈ। ਹਾਲਾਂਕਿ ਅਮਰੀਕੀ 'ਰਾਸ਼ਟਰਪਤੀ ਦੀਆਂ ਹਦਾਇਤਾਂ 'ਤੇ' ਈਰਾਨੀ ਜਨਰਲ ਕਾਸਿਮ ਸੁਲੇਮਾਨੀ ਦੀ ਮੌਤ ਇਸ ਤਣਾਅ ਦਾ ਤਤਕਾਲੀ ਕਾਰਣ ਕਿਹਾ ਜਾ ਸਕਦਾ ਹੈ।

**ਅਮਰੀਕਾ ਨੇ ਈਰਨ ਦੇ ਫ਼ੌਜੀ ਜਨਰਲ ਨੂੰ ਮਾਰਿਆ**

ਪੈਂਟਾਗਨ ਮੁਤਾਬਕ ਈਰਾਨ ਦੀਆਂ ਕੁਦਸ ਫੋਰਸ ਦੇ ਮੁਖੀ ਜਨਰਲ ਕਾਸਿਮ ਸੁਲੇਮਾਨੀ ਨੂੰ "ਰਾਸ਼ਟਰਪਤੀ ਦੀਆਂ ਹਦਾਇਤਾਂ 'ਤੇ" ਮਾਰਿਆ ਗਿਆ ਸੀ। ਰੈਵਲੂਸ਼ਨਰੀ ਗਾਰਡਜ਼ ਮੁਤਾਬਕ ਇਸ ਦੌਰਾਨ ਇਰਾਕੀ ਲੜਾਕਿਆਂ ਦੇ ਆਗੂ ਅਬੂ ਮਾਹਿਦ ਅਲ-ਮੁਹਾਨਦਿਸ ਦੀ ਵੀ ਮੌਤ ਹੋ ਗਈ ਹੈ। ਅਮਰੀਕਾ ਦੀ ਇਸ ਕਾਰਵਾਈ ਤੋਂ ਇੱਕ ਦਿਨ ਪਹਿਲਾਂ ਬਗ਼ਦਾਦ ਵਿੱਚ ਮੁਜ਼ਾਹਰਾਕਾਰੀਆਂ ਨੇ ਯੂਐੱਸ ਅੰਬੈਸੀ ਨੂੰ ਘੇਰਿਆ ਸੀ ਤੇ ਮੌਕੇ ਤੇ ਮੌਜੂਦ ਫ਼ੌਜੀਆਂ ਨਾਲ ਟਕਰਾਅ ਵੀ ਹੋਇਆ ਸੀ।





ਅਮਰੀਕਾ ਇਸ ਘਿਰਾਓ ਤੇ ਹਿੰਸਾ ਲਈ ਈਰਾਨ ਨੂੰ ਕਸੂਰਵਾਰ ਦੱਸ ਰਿਹਾ ਸੀ। ਜਨਰਲ ਕਾਸਿਮ ਸੁਲੇਮਾਨੀ ਦੀ ਮੌਤ ਦੀ ਪੁਸ਼ਟੀ ਸਮੇਂ ਪੈਂਟਾਗਨ ਦੇ ਬੁਲਾਰੇ ਨੇ ਕਿਹਾ, "ਅਮਰੀਕਾ ਆਪਣੇ ਲੋਕਾਂ ਤੇ ਹਿੱਤਾਂ ਦੀ ਰਾਖੀ ਲਈ, ਭਾਵੇਂ ਉਹ ਦੁਨੀਆਂ ਵਿੱਚ ਕਿਤੇ ਵੀ ਹੋਣ, ਸਾਰੇ ਜ਼ਰੂਰੀ ਕੰਮ ਕਰਦਾ ਰਹੇਗਾ।" ਈਰਾਨ ਨੇ ਇਸ ਨੂੰ ਕੌਮਾਂਤਰੀ ਅਪਰਾਧਿਕ ਕਾਰਵਾਈ ਦੱਸਿਆ। ਦੇਸ਼ ਪ੍ਰਮੁੱਖ ਅਇਤੋਉੱਲ੍ਹਾ ਅਲੀ ਖ਼ੁਮੇਨੀ ਨੇ ਕਿਹਾ, ਹਮਲੇ ਪਿਛਲੇ ਦੇ "ਮੁਲਜ਼ਮਾਂ ਨੂੰ ਇੱਕ ਗੰਭੀਰ ਬਦਲਾ ਉਡੀਕ ਕਰ ਰਿਹਾ ਹੈ।" ਈਰਾਨ ਦੇ ਵਿਦੇਸ਼ ਮੰਤਰੀ ਨੇ ਇਸ ਨੂੰ "ਕੌਮਾਂਤਰੀ ਦਹਿਸ਼ਤਗਰਦੀ ਦਾ ਕੰਮ" ਦੱਸਿਆ। ਅਮਰੀਕਾ ਲਗਾਤਾਰ ਈਰਨ ਨੂੰ ਦੱਬਣ ਦੀਆਂ ਕੋਸ਼ਿਸ਼ਾਂ ਕਰਦਾ ਰਿਹਾ ਹੈ। ਇਸ ਤੋਂ ਪਹਿਲਾਂ ਸਾਲ 2018 ਦੀ ਸ਼ੁਰੂਆਤ ਵਿੱਚ ਈਰਾਨ ਸਣੇ ਛੇ ਦੇਸਾਂ ਦੇ ਪਰਮਾਣੂ ਸਮਝੌਤੇ ਵਿੱਚੋਂ ਬਾਹਰ ਕੱਢ ਲਿਆ ਸੀ। ਅਮਰੀਕਾ ਦੀ ਈਰਾਨ ਤੋਂ ਇਹ ਨਾਖ਼ੁਸ਼ੀ ਈਰਾਨ ਦੀ ਇਸਲਾਮਿਕ ਕ੍ਰਾਂਤੀ ਦੇ ਸਮੇਂ ਤੋਂ ਚੱਲੀ ਆ ਰਹੀ ਹੈ।

**ਅਮਰੀਕਾ ਨੇ ਪਰਮਾਣੂ ਸਮਝੌਤੇ ਵਿੱਚੋਂ ਹੱਥ ਖਿੱਚਿਆ**

ਅਮਰੀਕਾ ਨੇ ਆਪਣੇ ਆਪ ਨੂੰ ਸਾਲ 2018 ਦੀ ਸ਼ੁਰੂਆਤ ਵਿੱਚ ਈਰਾਨ ਸਣੇ ਛੇ ਦੇਸਾਂ ਦੇ ਪਰਮਾਣੂ ਸਮਝੌਤੇ ਵਿੱਚੋਂ ਬਾਹਰ ਕੱਢ ਲਿਆ ਸੀ। ਉਸ ਤੋਂ ਬਾਅਦ ਰਾਸ਼ਟਰਪਤੀ ਡੌਨਲਡ ਟਰੰਪ ਨੇ ਯੂਐੱਨ ਮਹਾਂਸਭਾ ਦੇ ਇੱਕ ਸੰਬੋਧਨ ਵਿੱਚ ਕਿਹਾ ਸੀ ਕਿ ਦੁਨੀਆ ਦੇ ਸਾਰੇ ਦੇਸ ਈਰਾਨ ਨਾਲ ਸਬੰਧ ਤੋੜ ਦੇਣ। ਇਸ ਮਗਰੋਂ ਅਮਰੀਕਾ ਨੇ ਸਾਰੇ ਦੇਸਾਂ 'ਤੇ ਈਰਾਨ ਨਾਲ ਸਬੰਧ ਤੋੜਨ ਦਾ ਦਬਾਅ ਵਧਾ ਦਿੱਤਾ। ਭਾਰਤ ਵੀ ਇਸ ਦਾ ਕੋਈ ਅਪਵਾਦ ਨਹੀਂ ਸੀ। ਫਿਰ ਵੀ ਭਾਰਤ ਨੇ ਸੰਕੇਤ ਦਿੱਤੇ ਕਿ ਈਰਾਨ ਰਿਸ਼ਤੇ ਬਰਕਰਾਰ ਰਹਿਣਗੇ ਭਾਰਤ ਅਤੇ ਈਰਾਨ ਦੇ ਸਬੰਧ ਇਤਿਹਾਸਕ ਹਨ। ਭਾਰਤ ਈਰਾਨੀ ਤੇਲ ਦਾ ਚੀਨ ਤੋਂ ਬਾਅਦ ਸਭ ਤੋਂ ਵੱਡਾ ਖਰੀਦਾਰ ਹੈ। ਈਰਾਨੀ ਤੇਲ ਭਾਰਤ ਦੇ ਵਿਕਾਸ ਲਈ ਕਾਫੀ ਜ਼ਰੂਰੀ ਹੈ। ਅਮਰੀਕਾ ਨੂੰ ਇਹ ਉਮੀਦ ਸੀ ਕਿ ਇਸ ਦਬਾਅ ਦੇ ਕਾਰਨ ਈਰਾਨ ਪਰਮਾਣੂ ਸਮਝੌਤੇ 'ਤੇ ਮੁੜ ਤੋਂ ਗੱਲਬਾਤ ਕਰਨ ਲਈ ਤਿਆਰ ਹੋ ਜਾਵੇਗਾ। ਇਹ ਸਭ ਇਸ ਲਈ ਹੋ ਰਿਹਾ ਸੀ ਕਿਉਂਕਿ ਰਾਸ਼ਟਰਪਤੀ ਟਰੰਪ 2015 ਵਿੱਚ ਬਰਾਕ ਓਬਾਮਾ ਪ੍ਰਸ਼ਾਸਨ ਵੱਲੋਂ ਕੀਤੇ ਗਏ ਇਸ ਪਰਮਾਣੂ ਸਮਝੌਤੇ ਤੋਂ ਉਹ ਖੁਸ਼ ਨਹੀਂ ਸਨ। ਈਰਾਨ ਇਸ ਸਮਝੌਤੇ ਦੀਆਂ ਸ਼ਰਤਾਂ ਦਾ ਪਾਲਣ ਕਰ ਰਿਹਾ ਸੀ। ਫਿਰ ਵੀ ਟਰੰਪ ਇਸ ਤੋਂ ਬਾਹਰ ਹੋ ਗਏ ਤੇ ਈਰਾਨ 'ਤੇ ਪਾਬੰਦੀਆਂ ਲਾ ਦਿੱਤੀਆਂ। ਆਖ਼ਰ ਕਿਉਂ ? ਇਸ ਦੀਆਂ ਜੜ੍ਹਾਂ ਈਰਾਨ ਤੇ ਅਮਰੀਕਾ ਦੇ ਰਿਸ਼ਤਿਆਂ ਦੇ ਇਤਿਹਾਸ ਵਿੱਚ ਪਈਆਂ ਹਨ।

**ਈਰਾਨ ਦੇ ਇਤਿਹਾਸ ਦੀਆਂ ਦੋ ਵੱਡੀਆਂ ਘਟਨਾਵਾਂ**

ਪਹਿਲੀ ਘਟਨਾ: ਸਾਲ 1953 ਵਿੱਚ ਈਰਾਨ ਦੇ ਪ੍ਰਧਾਨ ਮੰਤਰੀ ਮੁਹੰਮਦ ਮੁਸਦੀਕ ਦਾ ਤਖਤਾ ਪਲਟਣ ਵਿੱਚ ਮਦਦ ਤੋਂ ਬਾਅਦ ਅਮਰੀਕਾ ਨੇ ਮੁਹੰਮਦ ਰਜ਼ਾ ਸ਼ਾਹ ਪਹਿਲਵੀ ਨੂੰ ਸੱਤਾ 'ਤੇ ਬਹਾਲ ਕਰ ਦਿੱਤਾ। ਬਗਾਵਤ ਵਿੱਚ ਆਪਣੇ ਹੱਥ ਨੂੰ ਅਮਰੀਕਾ ਨੇ 2013 ਵਿੱਚ ਜਾ ਕੇ ਮਨਜ਼ੂਰ ਕੀਤਾ। ਈਰਾਨ ਦੇ ਪਹਿਲਵੀ ਸ਼ਾਹੀ ਪਰਿਵਾਰ ਦੇ ਦੌਰ ਵਿੱਚ ਅਮਰੀਕਾ ਦੇ ਨਾਲ ਡੂੰਘੇ ਸਬੰਧ ਸਨ। ਉਸ ਵੇਲੇ ਈਰਾਨੀ ਤੇਲ ਦਾ ਵਪਾਰ ਅਮਰੀਕੀ ਅਤੇ ਬਰਤਾਨਵੀ ਕੰਪਨੀਆਂ ਦੇ ਹੱਥ ਵਿੱਚ ਸੀ ਜਿਸ ਨੂੰ ਪ੍ਰਧਾਨ ਮੰਤਰੀ ਮੁਸੱਦੀਕ ਨੇ ਚੁਣੌਤੀ ਦਿੱਤੀ ਸੀ। ਸ਼ਾਹੀ ਪਰਿਵਾਰ ਅਮਰੀਕਾ ਦੇ ਨਾਲ ਸੀ। ਇਸ ਲਈ ਅਮਰੀਕਾ ਅਤੇ ਸ਼ਾਹ ਦੋਵੇਂ ਆਮ ਲੋਕਾਂ ਵਿੱਚ ਕਾਫੀ ਬਦਨਾਮ ਸਨ।

**ਦੂਜੀ ਵੱਡੀ ਘਟਨਾ ਸੀ ਈਰਾਨਵਿੱਚ 1979 ਦੀ ਇਸਲਾਮਿਕ ਕ੍ਰਾਂਤੀ।**

ਇਹ ਕ੍ਰਾਂਤੀ ਜਿੰਨੀ ਮੁਹੰਮਦ ਰਜ਼ਾ ਪਹਿਲਵੀ ਦੇ ਖਿਲਾਫ਼ ਬਗਾਵਤ ਸੀ ਉਨੀਂ ਹੀ ਅਮਰੀਕਾ ਦੇ ਖਿਲਾਫ਼ ਗੁੱਸੇ ਦਾ ਇਜ਼ਹਾਰ। ਇਸ ਕ੍ਰਾਂਤੀ ਦੇ ਦੌਰਾਨ ਇਰਾਨੀ ਵਿਦਿਆਰਥੀਆਂ ਨੇ 444 ਦਿਨਾਂ ਤੱਕ 52 ਅਮਰੀਕੀ ਰਾਜਦੂਤਾਂ ਅਤੇ ਨਾਗਰਿਕਾਂ ਨੂੰ ਤੇਹਰਾਨ ਦੇ ਅਮਰੀਕੀ ਦੂਤਾਵਾਸ ਵਿੱਚ ਬੰਦੀ ਬਣਾ ਕੇ ਰੱਖਿਆ ਸੀ। ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਸ਼ਨਿੱਚਰਵਾਰ ਨੂੰ ਈਰਾਨ ਦੇ 52 ਸ਼ਹਿਰਾਂ ਦੇ ਅਮਰੀਕੀ ਨਿਸ਼ਾਨੇ ਤੇ ਹੋਣ ਵਾਲੀ ਗੱਲ ਵਿੱਚ ਇਸੇ ਘਟਨਾ ਦਾ ਜ਼ਿਕਰ ਕੀਤਾ ਹੈ। ਇਸ ਘਟਨਾ ਦੇ ਅਮਰੀਕਾ ਨੇ ਜਵਾਬ ਵਿੱਚ ਈਰਾਨ ਦੀ 12 ਅਰਬ ਡਾਲਰ ਦੀ ਜਾਇਦਾਦ ਨੂੰ ਜ਼ਬਤ ਕਰ ਲਿਆ ਸੀ। ਇਸ ਘਟਨਾ ਦੇ ਬਾਅਦ ਤੋਂ ਈਰਾਨ ਅਤੇ ਅਮਰੀਕਾ ਵਿਚਾਲੇ ਰਿਸ਼ਤੇ ਕਦੇ ਆਮ ਨਹੀਂ ਹੋ ਸਕੇ ਹਨ। ਇਸਲਾਮੀ ਕ੍ਰਾਂਤੀ ਇੱਕ ਅਜਿਹੇ ਵੇਲੇ ਵਿੱਚ ਆਈ ਜਦੋਂ ਅਮਰੀਕਾ/ਪੱਛਮੀ ਦੇਸਾਂ ਅਤੇ ਸੋਵੀਅਤ ਯੂਨੀਅਨ ਦਰਮਿਆਨ ਦਹਾਕਿਆਂ ਤੋਂ ਚੱਲੀ ਆ ਰਹੀ ਠੰਢੀ ਜੰਗ ਦਾ ਅੰਤ ਨੇੜੇ ਸੀ ਅਤੇ ਦੁਨੀਆ ਵਿੱਚ ਸ਼ਾਂਤੀ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਸੀ।

**ਈਰਾਨ ਦੀ ਕ੍ਰਾਂਤੀ ਦਾ ਘਟਨਾਕ੍ਰਮ**

ਪੱਛਮੀ ਦੇਸਾਂ ਵਿੱਚ ਹਲਚਲ ਉਸ ਵੇਲੇ ਹੋਈ ਜਦੋਂ ਇਸਲਾਮੀ ਕ੍ਰਾਂਤੀ ਨੇ ਨਾ ਸਿਰਫ਼ ਈਰਾਨ ਵਿੱਚ ਮਜ਼ਬੂਤੀ ਫੜ੍ਹੀ ਸਗੋਂ ਕ੍ਰਾਂਤੀ ਦੇ ਰੂਹਾਨੀ ਆਗੂ ਅਯਾਤੁੱਲਾ ਖੁਮੈਨੀ ਨੇ ਇਸ ਕ੍ਰਾਂਤੀ ਨੂੰ ਦੁਨੀਆ ਦੇ ਦੂਜੇ ਦੇਸਾਂ ਵਿੱਚ ਬਰਾਮਦ ਕਰਨ ਦਾ ਵੀ ਐਲਾਨ ਕੀਤਾ। ਇਸਲਾਮੀ ਹਕੂਮਤ ਦੇ ਸੰਵਿਧਾਨ ਦੇ ਆਰਟੀਕਲ 10 ਅਨੁਸਾਰ, "ਦੁਨੀਆ ਦੇ ਸਾਰੇ ਮੁਸਲਮਾਨ ਇੱਕ ਦੇਸ ਹਨ।" ਇੱਕ "ਉਮਾ" ਦੀ ਧਾਰਨਾ ਨੂੰ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਨੇ ਮੁਸਲਮਾਨ ਸਮਾਜ ਵਿੱਚ ਕਾਫੀ ਜੋਸ਼ ਪੈਦਾ ਕੀਤਾ। ਦੇਖਦਿਆਂ-ਦੇਖਦਿਆਂ ਈਰਾਨ ਦੀ ਇਸਲਾਮੀ ਕ੍ਰਾਂਤੀ ਦਾ ਅਸਰ 49 ਮੁਸਲਮਾਨ ਦੇਸਾਂ ਵਿੱਚ ਮਹਿਸੂਸ ਕੀਤਾ ਜਾਣ ਲੱਗਾ। ਸੁੰਨੀ ਦੇਸ ਸਾਊਦੀ ਅਰਬ ਸ਼ੀਆ ਇਸਲਾਮ ਤੋਂ ਤੰਗ ਹੋ ਕੇ ਅਮਰੀਕਾ ਦੀ ਗੋਦੀ ਵਿੱਚ ਜਾ ਡਿੱਗਿਆ।" 10 ਸਾਲ ਬਾਅਦ ਇਸਲਾਮੀ ਕ੍ਰਾਂਤੀ ਦਾ ਅਸਰ ਦੁਨੀਆ ਭਰ ਵਿੱਚ ਉਸ ਵੇਲੇ ਮਹਿਸੂਸ ਕੀਤਾ ਗਿਆ ਜਦੋਂ ਇਮਾਮ ਖੁਮੈਨੀ ਨੇ "ਸੈਟੇਨਿਕ ਵਰਸੇਜ਼" ਨਾਮੀ ਨਾਵਲ ਦੇ ਲੇਖਕ ਸਲਮਾਨ ਰੁਸ਼ਦੀ ਨੂੰ ਜਾਨ ਤੋਂ ਮਾਰਨ ਦਾ ਫਤਵਾ ਜਾਰੀ ਕੀਤਾ। ਭਾਰਤ ਸਮੇਤ ਕਈ ਦੇਸਾਂ ਨੇ ਕਿਤਾਬ ਉੱਤੇ ਪਾਬੰਦੀ ਲਗਾ ਦਿੱਤੀ। ਮੁਸਲਮਾਨ ਦੁਨੀਆ ਵਿੱਚ ਰੁਸ਼ਦੀ ਇੱਕ ਵਿਲੀਨ ਬਣ ਗਿਆ। ਪੱਛਮੀ ਦੇਸਾਂ ਦੇ ਸਭ ਤੋਂ ਵੱਡੇ ਸਾਨੀ ਦੇ ਰੂਪ ਵਿੱਚ ਇਸਲਾਮਿਕ ਕ੍ਰਾਂਤੀ ਨੇ ਸੋਵੀਅਤ ਯੂਨੀਅਨ ਦੀ ਥਾਂ ਲੈ ਲਈ। ਈਰਾਨ ਦੀ ਇਸਲਾਮੀ ਸਰਕਾਰ ਨੇ ਇਜ਼ਰਾਈਲ ਦੀ ਮਾਨਤਾ ਨੂੰ ਖਾਰਿਜ ਕਰ ਦਿੱਤਾ ਅਤੇ ਇਸ ਨੂੰ ਖਤਮ ਕਰਨਾ ਇਰਾਦਾ ਬਣਾਇਆ। ਅਮਰੀਕਾ ਇਸ ਤੋਂ ਕਾਫੀ ਪਰੇਸ਼ਾਨ ਹੋਇਆ। ਮਰੀਕਾ ਅਤੇ ਪੱਛਮੀ ਦੇਸਾਂ ਨੇ 10 ਸਾਲ ਤੱਕ ਚੱਲਣ ਵਾਲੀ ਈਰਾਨ-ਇਰਾਕ ਜੰਗ ਵਿੱਚ ਖੁਲ੍ਹ ਕੇ ਸੱਦਾਮ ਹੁਸੈਨ ਦਾ ਸਾਥ ਦਿੱਤਾ, ਹਥਿਆਰ ਦਿੱਤੇ ਪਰ ਈਰਾਨ ਨੂੰ ਹਰਾ ਨਾ ਸਕੇ। ਅਮਰੀਕਾ ਨੇ ਇਸ ਤੋਂ ਬਾਅਦ ਈਰਾਨ ਦੇ ਖ਼ਿਲਾਫ਼ ਹਰ ਤਰ੍ਹਾਂ ਦੀਆਂ ਪਾਬੰਦੀਆਂ ਲਗਾਈਆਂ।

# ਈਰਾਨ ਨੇ ਹਮਲਾ ਕੀਤਾ ਤਾਂ 52 ਇਰਾਨੀ ਟਿਕਾਣੇ ਅਮਰੀਕੀ 'ਨਿਸ਼ਾਨੇ' 'ਤੇ- ਟਰੰਪ ਦੀ ਧਮਕੀ ?



ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਈਰਾਨ ਨੂੰ ਚੇਤਾਵਨੀ ਦਿੱਤੀ ਹੈ ਕਿ ਜੇ ਕਿਸੇ ਅਮਰੀਕੀ ਟਿਕਾਣੇ ਜਾਂ ਅਮਰੀਕੀ ਜਾਇਦਾਦ 'ਤੇ ਹਮਲਾ ਕੀਤਾ ਗਿਆ ਤਾਂ ਅਮਰੀਕਾ 52 ਈਰਾਨੀ ਸ਼ਹਿਰਾਂ ਨੂੰ 'ਨਿਸ਼ਾਨਾ' ਬਣਾਵੇਗਾ। ਟਰੰਪ ਦਾ ਇਹ ਵੀ ਕਹਿਣਾ ਸੀ ਇਹ ਹਮਲਾ 'ਤੇਜ਼ੀ ਨਾਲ ਅਤੇ ਬਹੁਤ ਜ਼ੋਰ ਨਾਲ' ਕੀਤਾ ਜਾਵੇਗਾ।ਰਾਸ਼ਟਰਪਤੀ ਟਰੰਪ ਦਾ ਇਹ ਬਿਆਨ ਸ਼ੁੱਕਰਵਾਰ ਨੂੰ ਅਮਰੀਕੀ ਕਾਰਵਾਈ ਤੋਂ ਬਾਅਦ ਆਇਆ ਹੈ, ਜਿਸ ਦੌਰਾਨ ਈਰਾਨ ਦੇ ਚੋਟੀ ਦੇ ਕਮਾਂਡਰ ਕਾਸਿਮ ਸੁਲੇਮਾਨੀ ਦੀ ਮੌਤ ਹੋ ਗਈ ਸੀ। ਇਸ ਘਟਨਾ ਤੋਂ ਬਾਅਦ ਈਰਾਨ ਨੇ ਕਿਹਾ ਹੈ ਕਿ ਉਹ ਇਸ ਦਾ ਬਦਲਾ ਸਹੀ ਸਮੇਂ ਅਤੇ ਜਗ੍ਹਾ 'ਤੇ ਲਵੇਗਾ।ਟਰੰਪ ਨੇ ਟਵੀਟ ਕੀਤਾ ਕਿ ਜਨਰਲ ਦੀ ਮੌਤ ਤੋਂ ਬਾਅਦ ਈਰਾਨ "ਅਮਰੀਕੀ ਜਾਇਦਾਦ ਨੂੰ ਨਿਸ਼ਾਨਾ ਬਣਾਉਣ ਬੜੀ ਬੜੀ ਹਿੰਮਤ ਨਾਲ ਬੋਲ ਰਿਹਾ ਹੈ।"ਉਨ੍ਹਾਂ ਕਿਹਾ ਕਿ ਅਮਰੀਕਾ ਨੇ 52 ਅਜਿਹੀਆਂ ਥਾਵਾਂ ਦੀ ਪਛਾਣ ਕੀਤੀ ਹੈ ਜੋ 'ਈਰਾਨ ਅਤੇ ਈਰਾਨੀ ਸੱਭਿਆਚਾਰ ਲਈ ਬਹੁਤ ਉੱਚੀਆਂ ਅਤੇ ਮਹੱਤਵਪੂਰਨ ਹਨ ਅਤੇ ਉਹ ਨਿਸ਼ਾਨੇ 'ਤੇ ਹਨ, ਜੇ ਈਰਾਨ ਅਮਰੀਕਾ 'ਤੇ ਹਮਲਾ ਕਰਦਾ ਹੈ ਤਾਂ ਬਹੁਤ ਤੇਜ਼ੀ ਅਤੇ ਦ੍ਰਿੜਤਾ ਨਾਲ ਹਮਲਾ ਕੀਤਾ ਜਾਵੇਗਾ।ਟਰੰਪ ਨੇ ਕਿਹਾ, "ਅਮਰੀਕਾ ਕੋਈ ਹੋਰ ਧਮਕੀਆਂ ਸਹਿਣ ਨਹੀਂ ਕਰੇਗਾ।"ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ 52 ਨਿਸ਼ਾਨੇ ਉਨ੍ਹਾਂ 52 ਅਮਰੀਕੀ ਲੋਕਾਂ ਦੇ ਨੁੰਮਾਇਦੇ ਹੋਣਗੇ, ਜਿੰਨ੍ਹਾਂ ਨੂੰ 1979 ਵਿਚ ਇੱਕ ਸਾਲ ਲਈ ਈਰਾਨ ਵਿੱਚ ਕੈਦੀ ਬਣਾ ਕੇ ਰੱਖਿਆ ਗਿਆ ਸੀ।

**ਕੀ ਹੋਇਆ ਸੀ ?**

ਬਗਦਾਦ ਹਵਾਈ ਅੱਡੇ ਦੇ ਬਾਹਰ ਸ਼ੁੱਕਰਵਾਰ ਨੂੰ ਈਰਾਨ ਦੇ ਫੌਜੀ ਕਮਾਂਡਰ ਜਨਰਲ ਕਾਮਿਸ ਸੁਲੇਮਾਨੀ ਅਮਰੀਕਾ ਦੇ ਹਵਾਈ ਹਮਲੇ ਵਿਚ ਮਾਰੇ ਗਏ ਸਨ।ਸੁਲੇਮਾਨੀ ਈਰਾਨ ਦੀ ਬਹੁਚਰਚਿਚ ਕੁਦਸ ਫੋਰਸ ਦੇ ਮੁਖੀ ਸਨ। ਇਹ ਫੋਰਸ ਈਰਾਨ ਦੇ ਵਿਦੇਸ਼ਾਂ ਵਿੱਚ ਚਲ ਰਹੀਆਂ ਫੌਜੀ ਮੁਹਿੰਮਾਂ ਨੂੰ ਅੰਜ਼ਾਮ ਦੇਣ ਲਈ ਜਾਣੀ ਜਾਂਦੀ ਹੈ।ਸੁਲੇਮਾਨੀ ਇੱਕ ਫੌਜੀ ਅਫ਼ਸਰ ਦੇ ਤੌਰ 'ਤੇ ਈਰਾਨ ਦੇ ਸਈ ਬਹੁਤ ਮਹੱਤਵਪੂਰਨ ਸਨ। ਉਹ ਇੱਕ ਅਹਿਮ ਖ਼ੁਫ਼ੀਆ ਅਧਿਕਾਰੀ ਸੀ। ਜਿਨ੍ਹਾਂ ਨੂੰ ਇਰਾਨ ਦਾ ਸਭ ਤੋਂ ਅਹਿਮ ਚਿਹਰਾ ਕਹਿਣਾ ਗਲਤ ਨਹੀਂ ਹੋਵੇਗਾ।ਅਮਰੀਕਾ ਨੇ ਕੁਦਸ ਫੋਰਸ ਨੂੰ 25 ਅਕਤੂਬਰ 2007 ਵਿਚ ਅੱਤਵਾਦੀ ਸੰਗਠਨ ਐਲਾਨਿਆ ਸੀ। ਇਸ ਸੰਗਠਨ ਨੇ ਨਾਲ ਕਿਸੇ ਵੀ ਅਮਰੀਕੀ ਦਾ ਕੋਈ ਲੈਣ- ਦੇਣ ਕਰਨ 'ਤੇ ਪੂਰਨ ਪਾਬੰਦੀ ਹੈ ਅਮਰੀਕਾ ਨੇ ਸੁਲੇਮਾਨੀ ਨੂੰ ਵੀ ਅੱਤਵਾਦੀ ਐਲਾਨਿਆ ਹੋਇਆ ਸੀ।

PREETNAMA
ਪ੍ਰੀਤਨਾਮਾ
ਖਰਾ ਸੱਚ
Online and Print Media

ਪ੍ਰੀਤਨਾਮਾ

ADVISORY BOARD

ਪ੍ਰਿਤਪਾਲ ਕੌਰ ਪ੍ਰੀਤ
ਮੁੱਖ ਸੰਪਾਦਕ
+1 (201) 312-4180
*****************
ਜੋਗਾ ਸਿੰਘ
***************************
ਜਸਵਿੰਦਰ ਸਿੰਘ ਨਿਊਜਰਸੀ
***************************
ਗੁਰਮੀਤ ਸਿੰਘ ਧਲਵਾਨ ਸ਼ਿਕਾਗੋ
***************************
ਜਤਿੰਦਰ ਸਪਰਾ
***************************
ਜੀ. ਪੀ. ਸਿੰਘ ਪੰਜਾਬ
***************************
ਸੁਖਮੰਦਰ ਬਰਾੜ (ਭਗਤਾ ਭਾਈਕਾ) ਵੈਨਕੂਵਰ,
***************************
ਜਗਮੀਤ ਕੌਰ ਪੰਜਾਬ
***************************

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

The Preetnama is not responsible or legally lible for any news, article, advertisement or typing mistakes in the news or articles

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਅਸੀਂ ਪਾਠਕਾਂ ਅਤੇ ਲੇਖਕਾਂ ਨੂੰ ਵਿਸ਼ਵਾਸ ਦੁਆਉਂਦੇ ਹਾਂ ਕਿ ਅਗਲੇ ਅੰਕ ਵਿਚ ਉਨ੍ਹਾਂ ਦੇ ਲੇਖ ਨੂੰ ਪਹਿਲ ਦੇ ਆਧਾਰ 'ਤੇ ਪ੍ਰਕਾਸ਼ਿਤ ਕੀਤਾ ਜਾਵੇਗਾ।

Preetnamausa@gmail.com
www.preetnama.com

# ਸੰਪਾਦਕੀ

# ਤੇਰਾ-ਮੇਰਾ ਦੀ ਉਲਝਣ 'ਚੋਂ ਬਾਹਰ ਨਿਕਲੇ ਮਨੁੱਖ



ਪ੍ਰਿਤਪਾਲ ਕੌਰ ਪ੍ਰੀਤ
ਮੁੱਖ ਸੰਪਾਦਕ

ਪੰਜਾਬ ਤੋਂ ਪਰਵਾਸ ਤਾਂ ਕਈਂ ਸਦੀਆਂ ਤੋਂ ਹੁੰਦਾ ਆ ਰਿਹਾ ਹੈ ਪਰ ਪਰਵਾਸ ਦਾ ਰੁਝਾਨ 1970 ਅਤੇ 1980 ਵਿੱਚ ਆ ਕੇ ਤੇਜ਼ ਹੁੰਦਾ ਹੈ। ਇਹ ਉਹੀ ਸਮਾਂ ਹੈ ਜਦੋਂ ਮੱਧ ਸ਼੍ਰੇਣੀ ਦਾ ਹਿੰਦੁਸਤਾਨ ਦੀ ਆਈ ਆਜ਼ਾਦੀ ਤੋਂ ਮੋਹ ਭੰਗ ਹੋ ਰਿਹਾ ਸੀ ਅਤੇ ਭਾਰਤੀ ਅਰਥ ਵਿਵਸਥਾ ਖੜੋਤ ਦੀ ਅਵਸਥਾ ਵੱਲ ਵਧ ਰਹੀ ਸੀ। ਸੰਨ 1980 ਤੋਂ ਬਾਅਦ ਪੰਜਾਬ ਦੇ ਅਣ-ਸੁਖਾਵੇਂ ਹਾਲਾਤਾਂ ਨੇ ਵੀ ਪੰਜਾਬੀਆਂ ਦਾ ਰੁਖ ਵਿਦੇਸ਼ਾਂ ਦੀ ਧਰਤੀ ਵੱਲ ਤੇਜ ਕੀਤਾ। 20ਵੀਂ ਸਦੀ ਦੇ ਆਖਰੀ ਦਹਾਕੇ ਅਤੇ 21ਵੀਂ ਸਦੀ ਦੇ ਪਹਿਲੇ ਦਹਾਕੇ ਤੋਂ ਪਰਵਾਸ ਕਰਨ ਦੀ ਦ੍ਰਿਸ਼ਟੀ ਹੀ ਬਦਲ ਗਈ ਹੈ।

ਜਿਸ ਵੀ ਮੁਲਕ ਵਿੱਚ ਪੰਜਾਬੀ ਗਏ ਉਨ੍ਹਾਂ ਨੇ ਜਿੱਥੇ ਰੋਜੀ ਰੋਟੀ ਲਈ ਹੱਡ ਭੰਨਵੀਂ ਮਿਹਨਤ ਕੀਤੀ ਉੱਥੇ ਹੀ ਆਪਣੇ ਰੀਤੀ-ਰਿਵਾਜਾਂ, ਸੱਭਿਆਚਾਰ ਨੂੰ ਜਿੰਦਾ ਰੱਖਣ ਲਈ ਕੋਸ਼ਿਸ਼ਾਂ ਕੀਤੀਆਂ ਅਤੇ ਆਪਣੇ ਤਿਉਹਾਰਾਂ ਨੂੰ ਮਨਾਉਣ ਲਈ ਆਪਣੇ ਪੱਧਰ 'ਤੇ ਉਪਰਾਲੇ ਵੀ ਕੀਤੇ। ਕੇਵਲ ਪੰਜਾਬੀ ਹੀ ਨਹੀਂ ਸਗੋਂ ਭਾਰਤੀ ਲੋਕਾਂ ਨੇ ਬਾਹਰ ਜਾ ਕੇ ਆਪਣੀ ਸੱਭਿਅਤਾ, ਆਪਣੇ ਤਿਉਹਾਰਾਂ ਨੂੰ ਸਾਧਨਾ ਦੀ ਅਣਹੋਂਦ ਹੁੰਦੇ ਹੋਏ ਵੀ ਜਿਊਂਦਾ ਰੱਖਿਆ।

ਇਹੀ ਕਾਰਨ ਹੈ ਕਿ ਅੱਜ ਤਿਉਹਾਰ ਕਿਸੇ ਇੱਕ ਧਰਮ, ਜਾਤੀ ਜਾਂ ਫਿਰਕੇ ਦੇ ਖਾਸ ਨਹੀਂ ਰਹੇ, ਸਗੋਂ ਅੱਜ ਇਹ ਤਿਉਹਾਰ ਸਭਨਾਂ ਦੇ ਸਾਂਝੇ ਬਣ ਚੁੱਕੇ ਹਨ। ਦੁਨੀਆਂ ਦੇ ਵਿੱਚ ਇਨਸਾਨੀਅਤ ਨੂੰ ਪਿਆਰ ਕਰਨ ਵਾਲੇ ਲੋਕ ਅੱਜ ਸਾਂਝੀਵਾਲਤਾ ਦਾ ਨਾਅਰਾ ਲਾ ਰਹੇ ਹਨ। ਅਤੇ ਸਾਡੇ ਗੁਰੂਆਂ ਪੀਰਾਂ ਨੇ ਵੀ ਸਾਨੂੰ ਰਲ਼-ਮਿਲ਼ ਕੇ ਰਹਿਣ ਦਾ ਰਸਤਾ ਦੱਸਿਆ ਹੈ। ਗੁਰਬਾਣੀ ਵਿੱਚ ਬਚਨ ਆਉਂਦਾ ਹੈ

ਸਭੇ ਸਾਂਝੀਵਾਲ ਸਦਾਇਨ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ।। (੯੭)

ਵਾਲੀ ਅਵਸਥਾ ਵਿੱਚ ਵਿਚਰਦਿਆਂ ਜਿੰਨਾ ਪਿਆਰ ਅਸੀਂ ਆਪਣੇ ਬੱਚਿਆਂ ਨੂੰ ਕਰਦੇ ਹਾਂ, ਉਨਾਂ ਦੂਜਿਆਂ ਨੂੰ ਵੀ ਕਰਾਂਗੇ, ਜਿੰਨਾ ਅਸੀਂ ਆਪਣਿਆਂ ਲਈ ਦੁਖੀ ਹੁੰਦੇ ਹਾਂ ਉਨਾਂ ਦੂਸਰਿਆਂ ਲਈ ਵੀ ਹੋਵਾਂਗੇ। ਜਦੋਂ ਸੁਆਰਥ ਨਿਰਸੁਆਰਥ ਵਿੱਚ ਤਬਦੀਲ ਹੋ ਜਾਂਦਾ ਹੈ ਤਾਂ ਏਕੁ ਪਿਤਾ ਏਕਸ ਕੇ ਹਮ ਬਾਰਿਕ ਦਾ ਰੱਬੀ ਸਿਧਾਂਤ ਸਾਡੀ ਸਮਝ ਵਿੱਚ ਵੀ ਆ ਜਾਂਦਾ ਹੈ। ਇਸ ਰੱਬੀ ਸਿਧਾਂਤ ਨੂੰ ਅਮਲੀ ਜੀਵਨ ਵਿੱਚ ਸਮਝਣ ਵਾਲੀਆਂ ਭਾਈ ਘਨਈਆ ਜੀ ਅਤੇ ਭਗਤ ਪੂਰਨ ਸਿੰਘ ਆਦਿ ਦੀਆਂ ਪ੍ਰਤੱਖ ਇਤਿਹਾਸਕ ਉਦਾਹਰਣਾਂ ਸਾਡੇ ਸਾਹਮਣੇ ਹਨ।

ਸੰਸਾਰ ਵਿੱਚ ਤੇਰਾ-ਮੇਰਾ, ਆਪਣਾ-ਬਿਗਾਨਾ ਆਦਿ ਦੀ ਉਲਝਣ ਸ਼ੁਰੂ ਤੋਂ ਹੀ ਚਲੀ ਆ ਰਹੀ ਹੈ। ਇਸ ਤਾਣੇ ਬਾਣੇ ਵਿੱਚ ਉਲਝ ਕੇ ਮਨੁੱਖੀ ਸਮਾਜ ਕਈ ਊਣਤਾਈਆਂ, ਵਿਕਾਰਾਂ, ਕਮਜ਼ੋਰੀਆਂ ਦਾ ਸ਼ਿਕਾਰ ਹੋ ਰਿਹਾ ਹੈ। ਵੰਡੀਆਂ, ਵਿਤਕਰੇ ਸੁਚੱਜੇ ਸਮਾਜ ਦੀ ਬਣਤਰ ਵਿੱਚ ਸਭ ਤੋਂ ਵੱਡੀ ਰੁਕਾਵਟ ਬਣ ਕੇ ਸਮਾਜ ਨੂੰ ਘੁਣ ਵਾਂਗ ਅੰਦਰੋਂ ਖੋਖਲਾ ਕਰੀ ਜਾ ਰਹੇ ਹਨ। ਦਸ ਗੁਰੂ ਸਾਹਿਬਾਨ ਨੇ ਮਨੁੱਖੀ ਸਮਾਜ ਨੂੰ ਇਸ ਖੋਖਲੇਪਨ ਤੋਂ ਨਿਜਾਤ ਦਿਵਾਉਣ ਲਈ ਮਨੁੱਖਤਾ ਦੇ ਸਾਹਮਣੇ ਇੱਕ ਨਵਾਂ ਤੇ ਨਿਵੇਕਲਾ ਸਿਧਾਂਤ ਪੇਸ਼ ਕੀਤਾ। ਗੁਰੂ ਸਾਹਿਬ ਵਲੋਂ ਦਰਸਾਏ ਸਿਧਾਂਤ ਦੀ ਵਡਿਆਈ, ਵਿਲੱਖਣਤਾ ਹੀ ਇਹੀ ਹੈ ਕਿ ਰੱਬ ਕਿਤੇ ਸਤਵੇਂ ਅਸਮਾਨ ਤੇ ਨਹੀਂ ਬੈਠਾ ਸਗੋਂ ਆਪਣੀ ਸਾਜੀ ਸ਼੍ਰਿਸ਼ਟੀ ਦੇ ਕਣ-ਕਣ ਵਿੱਚ ਬਿਨਾਂ ਕਿਸੇ ਵਿਤਕਰੇ ਤੋਂ ਸਮਾਇਆ ਹੋਇਆ ਹੈ।

ਅੱਜ ਬਾਹਰਲੇ ਮੁਲਕਾਂ ਵਿੱਚ ਸਾਡੇ ਗੁਰੂਆਂ, ਸੰਤਾਂ ਵਿਦਵਾਨਾਂ ਦੇ ਜਨਮ ਦਿਨ,ਸ਼ਹੀਦੀ ਦਿਵਸ ਸਾਰੇ ਹੀ ਭਾਈਚਾਰਿਆਂ ਵੱਲੋਂ ਮਨਾਏ ਜਾ ਰਹੇ ਹਨ। ਵਿਸਾਖੀ ਹੋਵੇ ਜਾਂ ਦਿਵਾਲੀ ਤਹਾਨੂੰ ਸਿੱਖਾਂ ਤੋਂ ਇਲਾਵਾ ਦੂਜੇ ਧਰਮਾਂ ਦੇ ਲੋਕ ਵੀ ਇਨਾਂ ਤਿਉਹਾਰਾਂ ਵਿੱਚ ਸ਼ਿਰਕਤ ਕਰਦੇ ਵਿਖਾਈ ਦੇਣਗੇ। ਸਾਹਿਬ ਸ਼੍ਰੀ ਗੁਰੂ ਨਾਨਕ ਸਾਹਿਬ ਹੀ ਦਾ ਗੁਰ ਪੁਰਬ ਪੂਰੀ ਦੁਨੀਆਂ ਵਿੱਚ ਹੋਰ ਧਰਮਾਂ ਦੇ ਲੋਕਾਂ ਵੱਲੋਂ ਵੀ ਬੜੀ ਸ਼ਰਧਾ, ਧੂੰਮ-ਧਾਮ ਨਾਲ ਮਨਾਇਆ ਜਾਂਦਾ ਹੈ।

ਅਕਸਰ ਇਹ ਗੱਲ ਅਖਬਾਰਾਂ ਜਾ ਹੋਰ ਮੀਡੀਆ ਦੇ ਸਾਧਨਾਂ 'ਤੇ ਪੜਨ-ਸੁਣਨ ਨੂੰ ਮਿਲਦੀ ਹੈ ਕਿ ਪੰਜਾਬੀ ਸੱਭਿਆਚਾਰ ਬਦਲ ਰਿਹਾ ਹੈ ਜਾਂ ਉਸ ਵਿੱਚ ਨਿਘਾਰ ਆ ਰਿਹਾ ਹੈ, ਜਾਂ ਪੰਜਾਬੀ ਰੀਤੀ-ਰਿਵਾਜਾਂ 'ਤੇ ਪੱਛਮੀ ਸੱਭਿਅਤਾ ਦਾ ਪ੍ਰਭਾਵ ਪੈ ਕੇ ਬੇੜਾ ਗਰਕ ਹੋ ਰਿਹਾ ਹੈ। ਪਰ ਇਸ ਤਰਾਂ ਦਾ ਕੁੱਝ ਵੀ ਨਹੀਂ, ਜੇ ਪੰਜਾਬੀ ਸੱਭਿਆਚਾਰ 'ਤੇ ਬੁਰਾ ਪ੍ਰਭਾਵ ਪੈ ਵੀ ਰਿਹਾ ਹੈ ਤਾਂ ਉਹ ਸਾਡੀ ਗਲਤੀਆਂ ਕਾਰਨ ਹੈ। ਕਿਸੇ ਵੀ ਦੇਸ਼ ਦੇ ਸੱਭਿਆਚਾਰ ਵਿੱਚ ਸਭ ਕੁੱਝ ਸਹੀ ਨਹੀਂ ਹੁੰਦਾ ਪਰ ਸਭ ਕੁੱਝ ਗਲਤ ਵੀ ਨਹੀਂ ਹੁੰਦਾ, ਸਾਡੇ ਤੇ ਨਿਰਭਰ ਕਰਦਾ ਹੈ ਕਿ ਅਸੀਂ ਕਿਸੇ ਸਮਾਜ ਜਾਂ ਦੇਸ਼ ਦੇ ਗੁਣਾਂ ਨੂੰ ਕਿਸ ਤਰੀਕੇ ਨਾਲ ਧਾਰਨ ਕਰਨਾ ਹੈ। ਜੇ ਸਾਨੂੰ ਕਿਸੇ ਸਮਾਜ ਜਾਂ ਸੱਭਿਆਚਾਰ ਵਿੱਚੋਂ ਕੋਈ ਗੱਲ ਚੰਗੀ ਨਹੀਂ ਲੱਗਦੀ ਤਾਂ ਉਸ ਨੂੰ ਗ੍ਰਹਿਣ ਨਾ ਕੀਤਾ ਜਾਵੇ, ਪਰ ਅਸੀਂ ਲੋਕ ਅਕਸਰ ਮਾੜੀਆਂ ਚੀਜਾਂ ਨੂੰ ਜਲਦੀ ਅਪਣਾ ਲੈਂਦੇ ਹਾਂ, ਜਦ ਕਿ ਚੰਗੇ ਗੁਣਾਂ ਨੂੰ ਸਹਿਜੇ ਧਾਰਨ ਨਹੀਂ ਕਰਦੇ।

ਅੱਜ ਗਲੋਬਲਾਈਜੇਸ਼ਨ ਹੋ ਰਿਹਾ ਹੈ, ਸਾਡਾ ਆਲਾ-ਦੁਆਲਾ ਬਦਲ ਰਿਹਾ ਹੈ, ਸਾਡੀ ਹਰ ਇੱਕ ਚੀਜ ਬਦਲਦੀ ਜਾ ਰਹੀ ਹੈ। ਸਾਡੇ ਰਹਿਣ-ਸਹਿਣ ਤੋਂ ਖਾਣ-ਪੀਣ ਤੱਕ ਸਭ ਕੁੱਝ ਵਿੱਚ ਅੰਤਰ ਆ ਗਿਆ ਹੈ।ਸਾਡੇ ਰੀਤੀ-ਰਿਵਾਜਾਂ ਨੂੰ ਹੋਰ ਲੋਕ ਗ੍ਰਹਿਣ ਕਰ ਰਹੇ ਹਨ, ਸਾਡੀ ਸੱਭਿਅਤਾ ਵਿੱਚੋਂ ਹੋਰ ਮੁਲਕਾਂ ਦੇ ਲੋਕ ਚੰਗੀਆਂ ਗੱਲਾਂ ਨੂੰ ਅਪਣਾਅ ਰਹੇ ਹਨ ਇਸ ਹਾਲਤ ਵਿੱਚ ਅਸੀਂ ਵੀ ਉਨਾਂ ਦੇ ਰਹਿਣ-ਸਹਿਣ, ਰੀਤੀ ਰਿਵਾਜਾਂ ਜਾਂ ਤਿਉਹਾਰਾਂ ਦਾ ਅਸਰ ਜਰੂਰ ਕਬੂਲਾਂਗੇ।

ਹੁਣ ਅਸੀਂ ਕਿਸੇ ਵੀ ਤਿਉਹਾਰ ਨੂੰ ਧਾਰਮਿਕ ਕੱਟੜਤਾ ਵਿੱਚ ਲਪੇਟ ਕੇ ਨਹੀਂ ਦੇਖ ਸਕਦੇ, ਸਾਡੇ ਤਿਉਹਾਰ ਸਿਰਫ ਸਾਡੇ ਨਹੀਂ ਸਾਂਝੇ ਹੋ ਗਏ ਨੇ। ਅਤੇ ਜਿਸ ਮੁਲਕ ਜਾਂ ਜਿਸ ਸਮਾਜ ਵਿੱਚ ਅਸੀਂ ਰਹਿਣਾ,ਵਿਚਰਨਾ ਹੈ ਉਨ੍ਹਾਂ ਨਾਲ ਇਹ ਸਾਂਝ ਕੁਦਰਤੀ ਤੌਰ 'ਤੇ ਬਣਦੀ ਰਹੇਗੀ। ਕੈਨੇਡਾ, ਅਮਰੀਕਾ, ਇੰਗਲੈਂਡ,ਅਤੇ ਆਸਰਟੇਲੀਆਂ ਵਰਗੇ ਦੇਸ਼,ਜਿਨਾਂ ਵਿੱਚ ਪੰਜਾਬੀਆਂ ਦੀ ਬਹੁਤਾਤ ਹੈ, ਸਾਡੇ ਸਾਰੇ ਹੀ ਧਾਰਮਿਕ ਸਮਾਗਮਾਂ ਵਿੱਚ ਗੋਰੇ ਲੋਕ ਵੱਧ-ਚੜ ਕੇ ਹਿੱਸਾ ਲੈਂਦੇ ਹਨ, ਪੰਜਾਬੀਆਂ ਤੋਂ ਵੱਧ ਗਿਣਤੀ ਉਨ੍ਹਾਂ ਦੀ ਹੁੰਦੀ ਹੈ ਅਸੀਂ ਕਿੱਦਾਂ ਕਹਿ ਸਕਦੇ ਹਾਂ ਕਿ ਸਿੱਖ ਗੁਰੂਆਂ ਦੇ ਦਿਹਾੜੇ ਸਿਰਫ ਸਿੱਖਾਂ ਦੇ ਹਨ। ਸਾਡਾ ਗੁਰੂ ਤਾਂ ਸਾਨੂੰ ਸਾਂਝੀਵਾਲਤਾ ਦਾ ਉਪਦੇਸ਼ ਦੇ ਰਿਹਾ ਹੈ ਅਤੇ ਅਸੀਂ ਵੰਡੀਆਂ ਪਾਉਣ ਦੀ ਗੱਲ ਕਰ ਰਹੇ ਹਾਂ। ਜੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਅੰਮ੍ਰਿਤ ਦੀ ਦਾਤ ਵੰਡੀ ਗਈ ਤਾਂ ਉਸ ਨੂੰ ਵੀ ਕਿਸੇ ਇੱਕ ਫਿਰਕੇ, ਕਿਸੇ ਇੱਕ ਇਲਾਕੇ ਦੇ ਲੋਕਾਂ ਤਕ ਸੀਮਤ ਨਹੀ ਕੀਤਾ, ਸਗੋ ਕੋਈ ਲਾਹੌਰ ਤੋਂ, ਕੋਈ ਦਿੱਲੀ ਤੋਂ, ਕੋਈ ਜਗਨਨਾਥਪੁਰੀ ਤੋਂ, ਕੋਈ ਦਵਾਰਕਾ ਤੋਂ, ਕੋਈ ਬਿਦਰ ਤੋਂ ਵੱਖ ਵੱਖ ਜਾਤਾਂ ਬਰਾਦਰੀਆਂ ਦੇ ਪੰਜ ਅਤੀ ਉਤਮ ਮਨੁੱਖਾਂ ਨੂੰ ਸਾਂਝੇ ਬਾਟੇ ਵਿਚੋਂ ਅੰਮ੍ਰਿਤ ਛਕਾ ਕੇ ਅਮਲੀ ਰੂਪ ਵਿੱਚ ਇੱਕ ਕਰਕੇ ਵਿਖਾ ਦਿਤਾ ਅਤੇ ਫਿਰ ਆਪਣੇ ਸਾਜੇ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤ ਆਪ ਮੰਗ ਕੇ ਲੈਣ ਨਾਲ ਇੱਕ ਲਾਮਿਸਾਲੀ ਸੇਧ ਸੰਸਾਰ ਨੂੰ ਦਿਤੀ। ਗੁਰੂ ਸਾਹਿਬਾਨ ਨੇ ਧਰਮ ਦੇ ਮੂਲ ਸਿਧਾਂਤ ੧ੴ ਨੂੰ ਨਾ ਕੇਵਲ ਪੰਜਾਬ ਸਗੋ ਸੰਸਾਰ ਦੇ ਹਰ ਕੋਨੇ ਵਿੱਚ ਬਿਨਾ ਕਿਸੇ ਵਿਤਕਰੇ ਦੇ ਪ੍ਰਚਾਰ ਅਤੇ ਪਸਾਰ ਕੀਤਾ। ਗੁਰੂ ਕਾਲ ਦੇ 239 ਸਾਲ ਦੇ ਲੰਮੇ ਸਮੇ ਵਿੱਚ ਇੱਕ ਰਸ, ਇੱਕ ਸੂਤਰ ਵਿੱਚ ਪ੍ਰੋਈ ਹੋਈ ਯੋਜਨਾਬੱਧ ਨਿਰਤੰਰ ਪ੍ਰੈਕਟੀਕਲ ਟਰੇਨਿੰਗ ਸਮੁੱਚੀ ਲੋਕਾਈ ਨੂੰ ਬਿਨਾ ਕਿਸੇ ਭੇਦ ਭਾਵ ਦੇ ਦਿੱਤੀ ਗਈ।

ਸਾਡੇ ਗੁਰੂਆਂ ਨੇ ਤਾਂ ਸਾਨੂੰ ਸ਼ੁਰੂ ਤੋਂ ਹੀ ਏਕਤਾ ਦੀ ਗੱਲ ਦੱਸੀ ਸੀ, ਪਰ ਅਸੀਂ ਲੋਕਾਂ ਨੇ ਹੀ ਸਦਾ ਹੀ ਵੱਖਰੇਵਿਆਂ ਦਾ ਬੀਜ ਹੀ ਬੋਇਆ ਹੈ।

ਪੰਜਾਬੀ ਸੱਭਿਆਚਾਰ ਜਾਂ ਰੀਤੀ-ਰਿਵਾਜਾਂ 'ਤੇ ਬਾਹਰੀ ਪ੍ਰਭਾਵ ਕਿੰਨਾ ਕੁ ਬੁਰਾ ਅਸਰ ਕਰ ਰਹੇ ਨੇ, ਇਹ ਤਾਂ ਦੂਰ ਦੀ ਗੱਲ ਹੈ, ਪਰ ਅਸੀਂ ਲੋਕ ਪੰਜਾਬੀ ਸੱਭਿਆਚਾਰ ਪ੍ਰਤੀ ਆਪਣੀ ਕਿੰਨੀ ਕੁ ਜਿੰਮੇਵਾਰੀ ਸਮਝਦੇ ਹਾਂ ਇਹ ਵੀ ਸਾਨੂੰ ਦੇਖਣਾ ਪਵੇਗਾ।

ਮਨੁੱਖਤ ਨੂੰ ਏਕਤੇ ਦੇ ਧਾਗੇ ਵਿੱਚ ਪਰੋਣ ਲਈ ਚੰਗੀਆਂ ਗੱਲਾਂ, ਚੰਗੇ ਵਿਚਾਰਾਂ,ਦਾ ਅਦਾਨ ਪ੍ਰਦਾਨ ਜੇ ਇੱਕ ਦੂਜੇ ਦੇ ਰੀਤੀ-ਰਿਵਾਜਾਂ, ਤਿਉਹਾਰਾਂ ਵਿੱਚ ਸ਼ਾਮਿਲ ਹੋ ਕੇ ਹੁੰਦਾ ਹੈ ਤਾਂ ਇਸ ਤੋਂ ਵਧੀਆ ਗੱਲ ਕੀ ਹੋ ਸਕਦੀ ਹੈ। ਇੱਕ ਛੋਟੀ ਜਿਹੀ ਉਦਾਰਹਨ ਦੇਣਾ ਚਾਹਾਂਗਾ ਕਿ ਫਰਜ ਕਰੋ ਕਿ ਕਿਸੇ ਸਿੱਖ ਨੇ ਈਦ ਦੇ ਮੌਕੇ ਕਿਸੇ ਮੁਸਲਮਾਨ ਭਰਾ ਨੂੰ ਈਦ ਦੀ ਮੁਬਾਰਕ ਉਸ ਦੇ ਗਲੇ ਲੱਗ ਕੇ ਦਿੱਤੀ, ਕੀ ਇਸ ਤਰਾਂ ਕਰਨ ਨਾਲ ਉਹ ਸਿੱਖ ਮੁਸਲਮਾਨ ਬਣ ਗਿਆ ? ਕਿਸੇ ਮੁਸਲਮਾਨ ਨੇ ਕਿਸੇ ਹਿੰਦੂ ਭੈਣ-ਭਰਾ ਨੂੰ ਹਿੰਦੂ ਤਿਉਹਾਰ ਦੀ ਮੁਬਾਰਕਵਾਦ ਦਿੱਤੀ ਕੀ ਉਹ ਮੁਸਲਮਾਨ ਹਿੰਦੂ ਬਣ ਗਿਆ ? ਬਿਲਕੁੱਲ ਵੀ ਨਹੀਂ ਇਹ ਤਾਂ ਮਹੁੱਬਤ ਵੰਡਣ ਦੇ ਬਹਾਨੇ ਹਨ ਜਿਹੜੇ ਸਾਨੂੰ ਤਲਾਸ਼ ਕਰ ਲੈਣੇ ਚਾਹੀਦੇ ਹਨ। ਆਪਣੇ ਧਰਮ ਵਿੱਚ ਤੁਸੀਂ ਪੱਕੇ ਰਹੋ, ਕਿਸੇ ਵੀ ਧਰਮ ਨੂੰ ਊਚਾ-ਨੀਵਾਂ ਨਾ ਸਮਝੋ ਨਾ ਹੀ ਕਹੋ, ਇਹੀ ਮਨੁੱਖਤਾ ਹੈ ਇਹੀ ਵੱਡਾ ਧਰਮ ਹੈ। ਚਲਦੇ-ਚਲਦੇ ਇਹੀ ਕਹਿਣਾ ਚਹਾਂਗੇ ਕਿਸੇ ਦੇ ਧਾਰਮਿਕ ਜਾਂ ਸਮਾਜਿਕ ਸਮਾਗਮਾਂ ਵਿੱਚ ਸ਼ਾਮਲ ਹੋ,ਕੁੱਝ ਵੀ ਬੁਰਾ ਨਹੀਂ ਹੁੰਦਾ,ਨਾ ਹੀ ਸਾਡੇ ਰੱਬ ਨੂੰ ਬੁਰਾ ਲੱਗਦਾ ਹੈ ਕਿਉਂਕਿ ਰੱਬ ਤਾਂ ਇੱਕ ਹੀ ਹੈ ਅਸੀਂ ਲੋਕਾਂ ਨੇ ਰਸਤੇ ਅੱਡ-ਅੱਡ ਜਰੂਰ ਕੀਤੇ ਹੋਏ ਨੇ। ਮੁਹੱਬਤ ਦੇ ਫੁੱਲਾਂ ਤਾਂ ਹੀ ਖਿੜਣਗੇ, ਜੇ ਅਪੱਣਤ, ਆਪਸੀ ਪਿਆਰ ਦਾ ਪਾਣੀ ਇਨਸਾਨ ਰੂਪੀ ਬੂਟੇ ਨੂੰ ਮਿਲਦਾ ਰਹੇਗਾ। ਤੁਸੀ ਜਿਸ ਵੀ ਸਮਾਜ ਵਿੱਚ,ਜਿਸ ਵੀ ਦੇਸ਼ ਵਿੱਚ ਰਹਿ ਰਹੇ ਹੋ ਉਸ ਸਮਾਜ,ਉਸ ਦੇਸ਼ ਦੇ ਲੋਕਾਂ ਤੋਂ ਜੇ ਮਹੁੱਬਤ ਚਾਹੁੰਦੇ ਹੋ ਤਾਂ ਮਹੁੱਬਤ ਵੰਡਣੀ ਪਵੇਗੀ।

# ਪ੍ਰਵਾਸੀ ਪੰਜਾਬੀਆਂ ਦਾ ਪੰਜਾਬ ਨਾਲੋਂ ਭੰਗ ਹੋ ਰਿਹਾ ਮੋਹ

ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਵਸਦੇ ਲੱਖਾਂ ਪੰਜਾਬੀਆਂ ਦਾ ਭਾਰਤ ਹੀ ਨਹੀਂ ਬਲਕਿ ਪੰਜਾਬ ਨਾਲੋਂ ਵੀ ਮੋਹ ਭੰਗ ਹੋ ਗਿਆ ਹੈ। ਕਾਰਨ ਸ਼ਪੱਸ਼ਟ ਹੈ, ਕਿਉਂਕਿ ਉਨ੍ਹਾਂ ਦੀ ਪੰਜਾਬ ਵਿੱਚ ਕਿਧਰੇ ਵੀ ਕੋਈ ਸੁਣਵਾਈ ਨਹੀਂ ਹੋ ਰਹੀ। ਉਨ੍ਹਾਂ ਦੇ ਘਰ ਬਾਰ ਜਾਂ ਜ਼ਮੀਨ ਜਾਇਦਾਦ ਜਿਹੜੀ ਪੰਜਾਬ ਵਿੱਚ ਰਹਿ ਗਈ ਹੈ। ਉਹ ਹੁਣ ਕਿਸੇ ਵੀ ਤਰ੍ਹਾਂ ਸੁਰੱਖਿਅਤ ਨਹੀਂ। ਗ਼ੈਰਾਂ ਨੇ ਤਾਂ ਉਨ੍ਹਾਂ ਦੇ ਘਰਾਂ ਜਾਂ ਜ਼ਮੀਨਾਂ ਤੇ ਕਬਜ਼ੇ ਕਰਨੇ ਹੀ ਸਨ ਲੇਕਿਨ ਹੁਣ ਤਾਂ ਉਨ੍ਹਾਂ ਦੇ ਆਪਣੇ ਸ਼ਰੀਕ ਹੀ ਉਨ੍ਹਾਂ ਦੀਆਂ ਜਾਇਦਾਦਾਂ ਤੇ ਘਰਾਂ ਨੂੰ ਜੱਫੇ ਪਾਈ ਬੈਠੇ ਹਨ। ਕਿਰਾਏ ਤੇ ਦਿੱਤੀਆਂ ਐਨ.ਆਰ.ਆਈਜ਼ ਦੀਆਂ ਦੁਕਾਨਾਂ ਜਾਂ ਹੋਰ ਸ਼ਹਿਰੀ ਜਾਇਦਾਦਾਂ ਦਾ ਉਨ੍ਹਾਂ ਨੂੰ ਕੋਈ ਕਿਰਾਇਆ ਨਹੀਂ ਮਿਲ ਰਿਹਾ। ਜੇਕਰ ਕੋਈ ਜਾ ਕੇ ਆਪਣਾ ਹੱਕ ਮੰਗਣਾ ਵੀ ਚਾਹੁੰਦਾ ਹੈ ਤਾਂ ਉਨ੍ਹਾਂ ਤੇ ਝੂਠੇ ਪੁਲੀਸ ਪਰਚੇ ਦਰਜ਼ ਕਰਾਉਣ ਤੱਕ ਦੀਆਂ ਗੱਲਾਂ ਸਾਹਮਣੇ ਆ ਰਹੀਆਂ ਹਨ। ਸਰਕਾਰੇ/ਦਰਬਾਰੇ ਵੀ ਐਨ.ਆਰ.ਆਈਜ਼ ਦੀ ਕੋਈ ਪੁੱਛ ਪੜਤਾਲ ਨਹੀਂ ਹੋ ਰਹੀ। ਉੱਥੇ ਪਿੰਡਾਂ ਦਾ ਬਾਰਸੂਖ ਵਿਅਕਤੀ ਪੰਚ/ਸਰਪੰਚ ਵੀ ਉਨ੍ਹਾਂ ਦੀ ਮਦਦ ਕਰਨ ਤੋਂ ਇਨਕਾਰੀ ਨੇ। ਉਹ ਇਹ ਗੱਲਾਂ ਭਾਵਪੂਰਤ ਜਾਣਦੇ ਹਨ ਕਿ ਬਾਹਰਲਿਆਂ ਨੇ ਕਿਹੜਾ ਇੱਥੇ ਰਹਿਣਾ ਹੈ ਜਾਂ ਫਿਰ ਸਾਨੂੰ ਕੋਈ ਵੋਟਾਂ ਦੀ ਇਨ੍ਹਾਂ ਪਾਸੋਂ ਝਾਕ ਹੈ। ਜਿਸ ਲਈ ਇਨ੍ਹਾਂ ਦੀ ਮਦਦ ਕੀਤੀ ਜਾਵੇ। ਉਨ੍ਹਾਂ ਨੂੰ ਲੋੜ ਪੰਜਾਬ ਦੇ ਆਪਣੇ ਆਸ-ਪਾਸ ਰਹਿਣ ਵਾਲਿਆਂ ਦੀ ਹੈ ਕਿ ਨਾ ਕਿ ਪ੍ਰਦੇਸੀਂ ਰਹਿਣ ਵਾਲਿਆਂ ਦੀ। ਹਜ਼ਾਰਾਂ ਪੰਜਾਬੀ ਉਥੇ ਦੀਆਂ ਅਦਾਲਤੀ ਪ੍ਰਕ੍ਰਿਆਵਾਂ ਵਿੱਚ ਉਲਝ ਰਹੇ ਹਨ। ਕਈਆਂ ਨੇ ਕਈ ਕਈ ਚੱਕਰ ਵੀ ਪੰਜਾਬ ਦੇ ਲਗਾ ਲਏ ਹਨ। ਲੇਕਿਨ ਉਨ੍ਹਾਂ ਦੀ ਵਾਂਗ ਡੋਰ ਕਿਸੇ ਨੇ ਨਹੀਂ ਫੜ੍ਹੀ। ਨਾਂ ਕਿਸੇ ਨੇ ਕੋਈ ਰਾਹ ਪੱਲਾ ਹੀ ਫੜਾਇਆ। ਖਰਚ ਅਤੇ ਪ੍ਰੇਸ਼ਾਨੀਆਂ ਵੱਖਰੀਆਂ ਹਨ। ਸਰਕਾਰ ਨੇ ਭਾਵੇਂ ਇਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਐਨ.ਆਰ.ਆਈਜ਼ ਸਭਾ ਬਣਾਈ ਹੋਈ ਹੈ ਅਤੇ ਐਨ.ਆਰ.ਆਈਜ਼. ਲਈ ਮੰਤਰੀ ਦਾ ਮਹਿਕਮਾ ਵੀ ਹੈ। ਅਤੇ ਐਨ.ਆਰ.ਆਈਜ਼. ਕਮਿਸ਼ਨ ਵੀ ਹੈ ਲੇਕਿਨ ਹੋ ਕੁਝ ਨਹੀਂ ਰਿਹਾ। ਸਮੱਸਿਆਵਾਂ ਘਟਨ ਦੀ ਬਜਾਇ ਵੱਧ ਹੀ ਰਹੀਆਂ ਹਨ। ਉਲਝਣਾਂ 'ਚ ਫਸੇ ਪ੍ਰਵਾਸੀ ਕੋਰਟਾਂ ਦੀਆਂ ਤਾਰੀਕਾਂ ਲੰਬੀਆਂ ਹੋਣ ਕਰਕੇ ਕਿੰਨਾਂ ਕੁ ਚਿਰ ਪੰਜਾਬ ਬੈਠੇ ਰਹਿ ਸਕਦੇ ਹਨ। ਜਦੋਂ ਕਿ ਉਸ ਦੀ ਆਪਣੀ ਸੁਰੱਖਿਆ ਵੀ ਖਤਰੇ ਵਿੱਚ ਪੈ ਜਾਂਦੀ ਹੈ। ਇਹ ਸਭ ਕੁਝ ਦੇਖਦੇ ਹੋਏ, ਬਾਹਰ ਬੈਠੇ ਪੰਜਾਬੀ ਪ੍ਰੇਸ਼ਾਨ ਹੋ ਰਹੇ ਹਨ। ਉਨ੍ਹਾਂ ਦੇ ਆਪਣਿਆਂ ਨਾਲ ਪੈ ਰਹੇ ਝਗੜੇ ਤੇ ਵੱਧ ਰਹੇ ਵਾਦ-ਵਿਵਾਦ ਦਿਨੋਂ-ਦਿਨ ਹੋਰ ਵੀ ਗੰਭੀਰ ਹੋ ਰਹੇ ਹਨ। ਇਹ ਸਭ ਕੁਝ ਦੇ ਨਿਪਟਾਰੇ ਲਈ ਪੰਜਾਬ ਦੇ ਮੁਖ ਮੰਤਰੀ ਮਾਣਯੋਗ ਕੈਪਟਨ ਅਮਰਿੰਦਰ ਸਿੰਘ ਨੂੰ ਧਿਆਣ ਦੇਣ ਦੀ ਜ਼ਰੂਰਤ ਹੈ, ਤਾਂ ਕਿ ਪ੍ਰਵਾਸੀ ਬੇਫਿਕਰ ਹੋ ਕੇ ਪੰਜਾਬ ਆਉਣ-ਜਾਣ, ਆਪਣੀਆਂ ਜਾਇਦਾਦਾਂ ਨੂੰ ਠੀਕ ਤਰੀਕੇ ਨਾਲ ਸੰਭਾਲ ਸਕਣ। ਸਮੱਸਿਆ ਇਹੀ ਨਹੀਂ ਹੋਰ ਵੀ ਬਹੁਤ ਦਿਨੋਂ-ਦਿਨ ਪੈਦਾ ਹੋ ਰਹੀਆਂ ਹਨ। ਪ੍ਰਵਾਸੀ ਪੰਜਾਬੀ ਸਤਾਏ ਹੋਏ ਪੰਜਾਬ ਨਾਲੋਂ ਹੀ ਆਪਣਾ ਮੋਹ ਭੰਗ ਕਰਨ ਲੱਗ ਪਏ ਹਨ। ਉਨ੍ਹਾਂ ਦੇ ਬੱਚੇ ਵੀ ਪੰਜਾਬ ਤੋਂ ਦੂਰ ਹੋ ਰਹੇ ਹਨ। ਪਿਛਲੇ ਤੋਂ ਪਿਛਲੇ ਸਾਲ ਕੈਪਟਨ ਸਾਹਿਬ ਨੇ ਬਾਹਰ ਵਸਦੇ ਪੰਜਾਬੀਆਂ ਦੇ ਬੱਚਿਆਂ ਨੂੰ ਪੰਜਾਬ ਦੀਆਂ ਇਤਿਹਾਸਕ ਥਾਵਾਂ ਦਿਖਾਉਣ ਦਾ ਉਪਰਾਲਾ ਕੀਤਾ ਸੀ ਸ਼ੁਰੂ ਵਿੱਚ ਤਾਂ ਉਸਨੂੰ ਕੁਝ ਕੁ ਹੁੰਗਾਰਾ ਇੰਗਲੈਂਡ ਦੇ ਪ੍ਰਵਾਸੀਆਂ ਵਲੋਂ ਮਿਲਿਆ। ਪਰ ਹੁਣ ਇਹ ਪ੍ਰੋਜੈਕਟ ਵੀ ਠੰਡਾ ਪੈ ਗਿਆ ਲੱਗਦਾ ਹੈ। ਦੇਖਣ ਵਿੱਚ ਇਹ ਵੀ ਆ ਰਿਹਾ ਹੈ ਕਿ ਸਰਕਾਰ ਸਕੀਮਾਂ ਹੀ ਏਨੀਆਂ ਸ਼ੁਰੂ ਕਰ ਲੈਂਦੀ ਹੈ ਕਿ ਉਸ ਨੂੰ ਅਮਲ ਵਿੱਚ ਲਿਆਉਣ ਲਈ ਆਪ ਹੀ ਉਲਝ ਕੇ ਰਹਿ ਜਾਂਦੀ ਹੈ। ਮੁਖ ਗੱਲ ਦੀ ਸਮੱਸਿਆ ਜੋ ਆਉਂਦੀ ਹੈ ਉਹ ਵਿਕਾਸ ਕਾਰਜਾਂ ਅਤੇ ਦ੍ਰਿੜਤਾ ਨਾਲ ਅਮਲ ਨਾ ਕਰਨ ਦੀ ਹੀ ਕਹੀ ਜਾ ਸਕਦੀ ਹੈ। ਖੈਰ ਪ੍ਰਦੇਸੀਆਂ ਨੇ ਪੰਜਾਬ ਦੀ ਤਕਦੀਰ ਤੇ ਤਦਬੀਰ ਬਦਲਣ ਲਈ ਬੜਾ ਕੁਝ ਕੀਤਾ। ਕੋਠੀਆਂ, ਮੈਰਿਜ ਪੈਲਸਾਂ ਵਾਲਾ ਕਲਚਰ ਅਤੇ ਐਨ.ਆਰ.ਆਈਜ਼. ਦੀ ਹੀ ਦੇਣ ਕਹੀ ਜਾ ਸਕਦੀ ਹੈ। ਜਿਸ ਦੀ ਬਹੁਤੀ ਸ਼ਲਾਘਾ ਤਾਂ ਕਰਨੀ ਨਾ ਨਹੀਂ ਬਣਦੀ। ਹੁਣ ਮੁਸੀਬਤ ਇਹ ਹੈ ਕਿ ਪੰਜਾਬ ਦਾ ਕਿਸਾਨ ਜਾਂ ਹੋਰ ਦਰਮਿਆਨਾ ਵਰਗ ਇਸ ਤੋਂ ਨਿਜ਼ਾਤ ਨਹੀਂ ਪਾ ਸਕਦਾ। ਬਾਕੀ ਪ੍ਰਦੇਸੀਆਂ ਦੀਆਂ ਚੰਗੀਆਂ ਜਾਇਦਾਦਾਂ ਤੇ ਕੋਠੀਆਂ/ਕਾਰੋਬਾਰ ਪ੍ਰਦੇਸੀਆਂ ਲਈ ਹੀ ਸੰਭਾਲਣੇ ਅਤੀ ਮੁਸ਼ਕਲ ਹੋ ਰਹੇ ਹਨ। ਤਾਣੀ ਹੋਰ ਦਿਨ-ਬ-ਦਿਨ ਉਲਝਦੀ ਹੀ ਜਾ ਰਹੀ ਹੈ ਬਸ ਰੱਬ ਰੱਬ ਹੀ ਰਾਖਾ ਹੈ।

**- ਰਸ਼ਪਾਲ ਸਿੰਘ ਗਿੱਲ**






**ਲੜਕੇ/ਲੜਕੀ ਦੀ ਲੋੜ**

ਕੈਨੇਡੀਅਨ ਜੱਟ ਸਿੱਖ ਲੜਕਾ 5‘-9“ 27 ਵਾਸਤੇ ਲੜਕੀ ਦੀ ਲੋੜ .ਓਹੀ ਸੰਪਰਕ ਕਰਨ ਜਿਹੜੇ ਲੜਕੇ ਦੇ ਭਰਾ 5‘-7“ 29 ਨੂੰ ਕੈਨੇਡੀਅਨ ਲੜਕੀ ਦਾ ਰਿਸ਼ਤਾ ਕਰਵਾਉਣ .780-807-8861, ਇੰਡੀਆ 98555-97890

**************************

ਜੱਟ ਸਿੱਖ ਧਾਲੀਵਾਲ,ਉਮਰ 25 ਸਾਲ, ਕੱਦ 5‘-10“ ਲੁਧਿਆਣੇ ਜਿਲੇ ਵਿੱਚ 25 ਏਕੜ ਜਮੀਨ ਵਿਜਟਰ ਵੀਜੇ ‘ਤੇ ਕੈਨੇਡਾ ਆਏ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਸੰਪਰਕ:780-953-6167

**************************

ਜੱਟ ਸਿੱਖ ਪੂੰਨੀਆ, ਉਮਰ 25 ਸਾਲ,ਕੱਦ 5‘-8“ MSC-IT ਲਈ ਕੈਨੇਡੀਅਨ ਲੜਕੇ ਦੀ ਲੋੜ ਹੈ। ਸੰਪਰਕ 780-904-5608, 780-710-5571 ਈ-ਮੇਲ:bdhillon@ carillion.ca

**************************

ਇੰਗਲੈਂਡ ਤੋਂ ਪੜਿਆ ਉਮਰ 28 ਸਾਲ,ਕੱਦ 6 ਫੁੱਟ,ਵਧੀਆ ਪ੍ਰਾਪਰਟੀ 20 ਏਕੜ ਜਮੀਨ,ਇੰਡੀਆ ਵਿੱਚ ਵਧੀਆ ਨੌਕਰੀ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਸੰਪਰਕ 780-716-5859

**************************

ਸਿੱਖ ਬੀ ਟੈੱਕ, ਉਮਰ 30 ਸਾਲ, ਕੱਦ 5‘-7: ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ। ਸੰਪਰਕ 778-838-5989 ਇੰਡੀਆ-9872719621

**************************

ਜੱਟ ਸਿੱਖ,ਮਕੈਨੀਕਲ ਇੰਜਨੀਅਰ, ਉਮਰ 27 ਸਾਲ,ਕੱਦ 5‘-11 ਲੜਕੇ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ। ਸੰਪਰਕ 514-609-0617

**************************

ਜੱਟ ਸਿੱਖ,ਧਾਲੀਵਾਲ ਉਮਰ 25 ਸਾਲ, ਕੱਦ 5‘-10 ਲੁਧਿਆਣੇ ਜਿਲੇ ਵਿੱਚ 25 ਏਕੜ ਜਮੀਨ,ਵਿਜਟਰ ਵੀਜੇ, ‘ਤੇ ਕੈਨੇਡਾ ਆਏ ਲੜਕੇ ਲਈ ਕੈਨੇਡੀਅਨ ਪੀ.ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ।ਸੰਪਰਕ :780-953-6167

**************************

ਜੱਟ ਸਿੱਖ ਲੜਕੀ ਉਮਰ 25 ਸਾਲ ਕੱਦ ਸਾਢੇ 5‘ ਫੁੱਟ M.A ਲਈ ਜੱਟ Canadian ਜੱਟ ਸਿੱਖ ਲੜਕੇ ਦੀ ਲੋੜ। 780-932-0612, 94172-00545

**************************

ਜੱਟ ਸਿਖ ਗਰੇਵਾਲ ਉਮਰ 28 ਸਾਲ ਕੱਦ 5’-3’’, ਬੀ. ਟੈਕ, ਐਮ. ਟੈਕ, ਅਸਿਸਟੈਂਟ ਪ੍ਰੋਫੈਸਰ ਦੀ ਜੌਰ ਕਰ ਰਹੀ ਲੜਕੀ ਨੂੰ ਕੈਨੇਡੀਅਨ ਲੜਕੇ ਦੀ ਲੋੜ ਹੈ। ਲੜਕੀ ਦਾ ਵੱਡਾ ਭਰਾ ਐਡਮਿੰਟਨ ਵਿਚ ਰਹਿ ਰਿਹਾ ਹੈ। ਸੰਪਰਕ : ਕੈਨੇਡਾ 587-501-3604, ਇੰਡੀਆ : +91 94634-10985

**************

ਸੰਧੂ ਜੱਟ ਸਿੱਖ, ਉਮਰ 25 ਸਾਲ, ਕੱਦ 5‘4 ਐਮ ਏ,ਬੀ ਐੱਡ, ਐੱਮ ਫਿਲ ਲੜਕੀ ਲਈ ਕੈਨੇਡੀਅਨ ਲੜਕੇ ਦੀ ਤਲਾਸ਼। ਲੜਕੀ ਦਾ ਬਾਕੀ ਪਰਿਵਾਰ ਕੈਨੇਡਾ ਦਾ ਵਸਨੀਕ ਹੈ। ਸੰਪਰਕ 780-707-3837, 7809036232

*******************

ਜੱਟ ਸਿੱਖ ਲੜਕਾ Canada ਵਿੱਚ Student 24 ਸਾਲ, ਕੱਦ 5‘-9 ਲਈ Canada P.R ਲੜਕੀ ਦੀ ਲੋੜ ।780-932-0612 94172-00545

**************************

ਜੱਟ ਸਿੱਖ 24 ਸਾਲ ਕੱਦ 6‘ ਫੁੱਟ ਲੜਕੇ ਲਈ Canada ਦੀ P.R ਲੜਕੀ ਦੀ ਲੋੜ All Family well settled in Canada. 780-913-1179 ਇੰਡੀਆ +91-90200-00019

**************************

ਰਾਮਗੜ੍ਹੀਆ ਸਿੱਖ, ਵਿਜਟਰ ਵੀਜੇ ‘ਤੇ ਕੈਨੇਡਾ ਆਏ ਲੜਕੇ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ, ਉਮਰ 27 ਸਾਲ ਕੱਦ 5‘-10 ਸੰਪਰਕ 780-782-3313

**************************

ਕੈਨੇਡੀਅਨ ਇਮੀਗ੍ਰਾਂਟ ਰਾਮਗੜ੍ਹੀਆ ਸਿੱਖ ਲੜਕੀ July 87 Born E‘GT(B.Tech), ਮੈਨੇਜਰ ਦੀ ਜੋਬ ਕਰਦੀ ਹੋਈ ਪਰਿਵਾਰਕ ਲੜਕੀ ਲਈ ਕੈਨੇਡਾ ਤੋਂ ਯੋਗ ਵਰ ਦੀ ਲੋੜ ਹੈ ਸਟੂਡੈਂਟ/ ਵਰਕ ਪਰਮਿਟ ਉੱਤੇ ਆਏ ਹੋਏ ਲੜਕੇ ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ ,ਮਾਲਵੇ ਨੂੰ ਪਹਿਲ ਲੜਕੀ ਦਾ ਸਾਰਾ ਪਰਿਵਾਰ ਐਡਮੰਟਨ ਵਿੱਚ well settled ਹੈ ।ਆਪਣਾ Biodata / Picture e-mail :deepedmonton9@gmail.com. (whatsapp) or Call ' 780-628-7089

*************************

ਢੰਡ ਖਤਰੀ ਲੜਕਾ ਉਮਰ 36 ਸਾਲ ਕੱਦ 5’-8’’ ਖੁਦ ਦਾ ਕਾਰੋਬਾਰ, ਭੈਣ ਅਮਰੀਕਾ ਵਿਚ Well Seattled ਮੁੰਡੇ ਦੀ ਫਾਈਲ Already Apply ਕੀਤੀ ਹੋਈ ਹੀ, ਵਾਸਤੇ ਲੜਕੀ ਦੀ ਲੋੜ ਹੈ। ਮੁੰਡੇ ਦੀ ਭੈਣ ਇੰਡੀਆ ਆਈ ਹੋਈ ਹੈ। ਕੋਈ ਜਾਤੀ ਬੰਧਨ ਨਹੀਂ। ਸੰਪਰਕ : 9855813008, +1 646-287-9887

****************

ਕੈਨੇਡੀਅਨ ਇਮੀਗ੍ਰਾਂਟ, ਜੱਟ ਸਿੱਖ ਚੀਮਾ ਉਮਰ 30 ਸਾਲ, ਕੱਦ 5‘-5“ ਲਈ ਲੜਕੀ ਦੀ ਲੋੜ ਹੈ। ਉਹੀ ਪਰਿਵਾਰ ਸੰਪਰਕ ਕਰਨ ਜੋ ਲੜਕੇ ਦੀ ਇੰਡੀਆ ਰਹਿੰਦੀ ਭੈਣ ਲਈ ਕੈਨੇਡੀਅਨ ਲੜਕੇ ਦਾ ਰਿਸ਼ਤਾ ਕਰਵਾ ਸਕਣ।
ਸੰਪਰਕ:-780-238-1020
bluewhaleelectrical@yahoo.com

’’’’’’’’’’’’’’’’’’’’’’’’’’’’’’’’’

ਰਾਮਦਾਸੀਆ ਸਿੱਖ ਜੁਲਾਹਾ, ਉਮਰ 27 ਸਾਲ ਕੱਦ 5 ਫੁੱਟ 9 ਇੰਚ,BSC IT ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਸੰਪਰਕ:639-470-2491

************************

Jatt sikh dhanoa 27/5,7 Dentist girl in India looking for a suitable match doctor/engineer boy India or abroad. Contact 780 236 0671 India 70872 64520

*************************



31 year old Sikh Khatri/arora boy 5feet6 Canadian university graduate with business degree and working in medical science field looking for a well eduacated girl from Khatri/arora/ramgharia family. Please contact 780 264 9616 or yoursps@yahoo.com

************************

A Sikh boy residing in Edmonton working as a Engineer, Height 5'-9" Age 33 Years old Looking qualified girl from Alberta.Contact : 780-489-7925









# Fancy a drink? This edible blob of water may be for you



You're seated at a restaurant and the waiter comes up to you and asks: "Tap water or bottled"? "Bubble," you say as you whip out a small transparent wobbly sphere of water and swallow it whole.

Nope, that ain't science fiction. It's nearing reality now.

A London-based start-up has come up with a unique solution to cut plastic waste - by creating edible spheres containing water that eliminate the need for containers. The spheres, called "Ooho", have a jelly-like membrane made of plant and seaweed extracts that decompose after four to six weeks if not consumed.The start-up company, Skipping Rocks Lab, says its mission is to make packaging waste disappear by creating a sustainable alternative, as many cities around the world struggle to dispose of vast numbers of used plastic water bottles. It says on its crowdfunding page that the packaging is cheaper than plastic and costs less than two cents to make. There are two ways to drink from the flexible globes - by tearing a hole and pouring into your mouth, or consuming it whole. In a trial near London Bridge, the innovative balls drew a mixture of surprise, amusement and delight among those who sampled them. There are issues, of course, that remain to be resolved. How, for example, can the balls be transported and carried around reliably without leaking or making a mess when someone drinks from them? But while the creators - London engineers Rodrigo Garcia Gonzalez, Pierre Paslier, and Guillaume Couche - figure these out, they've already won awards and been noticed for their design - winning the second annual Lexus Design Award and being featured during the Milan Design Week. One of the markets they plan to target is that of marathon runners, who will be able to dispose of the balls mid-race without concerns about the environment. And then there's another, more fun use for the Ooho balls. "People see these small round bubbles and they just think 'shots'. So that's definitely something we're looking at," said Skipping Rocks Lab Chief Operating Officer Lise Honsinger. "We have encapsulated alcohol, we want to perfect it, and then hopefully this will be the Jaegerbomb of the future."

# How you can EAT your way to a stress-free life without resorting to fatty comfort foods



It's all too tempting when you're stressed to reach immediately for the salty snacks or sugary treats. But instead of diving for the comfort foods, there are much healthier options that will help you de-stress much more effectively. You don't have to give up indulgent foods altogether though, as experts reveal that cheese will help calm you down very quickly.

**RED KIDNEY BEANS**

'These beans add a healthy dose of zinc to your diet, the experts at nutrition tracking website Nutracheck said. 'Low levels of this mineral have been linked to increased risk of depression and reduced responsiveness to depression treatment. 'Ensuring you have an adequate intake of zinc can help balance mood and possibly your ability to manage stress better.'

**CHEESE**

Provides a good dose of tryptophan, an amino acid which is turned into serotonin in the body,' the experts revealed.

'Serotonin is a neurotransmitter which plays an important role in mood control.'

**SPINACH**

Rich in folate, this leafy green can help stabilise your mood.

'Studies show a link between folate deficiency and increased risk of depression.'

**SALMON**

'Farmed salmon in particular is a rich source of omega-3 fatty acids. 'This type of fatty acid has anti-inflammatory effects which are believed to help reduce some of the risk factors associated with developing anxiety. Less anxiety equals less stress.'

**ALMONDS**

'These are a great source of magnesium. This mineral plays a role in converting tryptophan into serotonin. 'As mentioned above, serotonin plays an important role in mood control and can affect how calm and relaxed you feel.'

**CAMOMILE TEA**

'Camomile tea has been linked to several health benefits, including reduced anxiety and depression.

# 'Your brother is better in bed'

## *Dumped people reveal the VERY harsh parting words that still haunt them long after their break up*



Some relationships are unforgettable - and unfortunately the same goes for some break-ups.

A question posted on Reddit asked users to share the cruellest words they've ever heard upon being dumped.

More than 2,000 responses flooded in from broken-hearted Reddit users who recalled admissions of cheating, or being told their now ex wanted freedom - only to find out soon after they'd already moved onto someone new. Other Redditors revealed how they'd been the ones to unleash harsh words on a former love.

One said they told the person they were breaking up with they'd been unfaithful no less than 13 times. Another admitted to telling someone they were merely a 'distraction from my future'.



Another man who'd experienced a painful break-up recalled how a former girlfriend blamed his hair loss, and someone else said he was told 'your brother is better in bed'.

# Black warrant in Dec 2012 Delhi rape case: This is what it means

## According to the law, a black warrant or death warrant proceedings take place after the person on death row has exhausted all legal remedies available to them.

A local court in Delhi on Tuesday issued a black warrant against the four men who had brutally raped and tortured a 23-year-old woman on December 16, 2012, inside a moving bus in the Capital.

ਚੰਡੀਗੜ੍ਹ : ਪੰਜਾਬ ਦੀ ਜ਼ਮੀਨ ਵਿੱਚ ਬੜੀ ਤੇਜ਼ੀ ਨਾਲ ਜ਼ਹਿਰ ਘੁੱਲ ਰਿਹਾ ਹੈ। ਇਸ ਨਾਲ ਜਿੱਥੇ ਪੰਜਾਬੀ ਕੈਂਸਰ ਵਰਗੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ, ਉੱਥੇ ਹੀ ਜ਼ਮੀਨਾਂ ਵੀ ਬੰਜਰ ਹੋ ਰਹੀਆਂ ਹਨ। ਦਰਅਸਲ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਪੰਜਾਬ ਵਿੱਚ ਖਾਦਾਂ ਦੀ ਵਰਤੋਂ ਘਟ ਨਹੀਂ ਰਹੀ। ਖਾਦਾਂ ਤੇ ਕੀਟਨਾਸ਼ਕਾਂ ਨਾਲ ਭਾਵੇਂ ਫਸਲ ਦਾ ਝਾੜ ਤਾਂ ਵੱਧ ਮਿਲ ਜਾਂਦਾ ਹੈ ਪਰ ਲੰਮੇ ਸਮੇਂ ਵਿੱਚ ਜ਼ਮੀਨ ਬੰਜਰ ਹੋਣ ਵੱਲ ਵੱਧ ਰਹੀ ਹੈ। ਹਾਸਲ ਜਾਣਕਾਰੀ ਮੁਤਾਬਕ ਕਿਸਾਨਾਂ ਨੂੰ ਦੋ ਸਾਲਾਂ ਵਿੱਚ 24 ਲੱਖ 'ਮਿੱਟੀ ਸਿਹਤ ਕਾਰਡ' ਵੰਡਣ ਦੇ ਬਾਵਜੂਦ ਪੰਜਾਬ ਵਿੱਚ ਖਾਦਾਂ ਦੀ ਵਰਤੋਂ ਘੱਟ ਨਹੀਂ ਰਹੀ। ਪੰਜਾਬ ਵਿੱਚ ਦੇਸ਼ ਨਾਲੋਂ ਛੇ ਗੁਣਾਂ ਵੱਧ ਖਾਦਾਂ ਵਰਤੀਆਂ ਜਾ ਰਹੀਆਂ ਹਨ। ਇਹ ਤੱਥ ਕੇਂਦਰ ਸਰਕਾਰ ਵੱਲੋਂ ਦੋ ਸਾਲਾਂ ਵਿਚ ਮਿੱਟੀ ਸਿਹਤ ਕਾਰਡ ਵੰਡਣ ਤੋਂ ਬਾਅਦ ਸਾਹਮਣੇ ਆਏ ਹਨ। ਕੇਂਦਰ ਸਰਕਾਰ ਨੇ ਇਹ ਸਕੀਮ 2014-15 ਵਿੱਚ ਸ਼ੁਰੂ ਕਰ ਦਿੱਤੀ ਸੀ ਪਰ ਪੰਜਾਬ ਵਿੱਚ ਇਹ ਸਕੀਮ 2016-17 ਵਿੱਚ ਲਾਗੂ ਕੀਤੀ ਗਈ ਸੀ। ਪਹਿਲੇ ਪੜਾਅ 'ਚ ਸਾਢੇ 12 ਲੱਖ ਮਿੱਟੀ ਸਿਹਤ ਕਾਰਡ ਤੇ ਦੂਜੇ ਪੜਾਅ 'ਚ ਸਾਢੇ 11 ਲੱਖ ਮਿੱਟੀ ਸਿਹਤ ਕਾਰਡ ਵੰਡੇ ਗਏ ਸਨ। ਹਰ ਪੜਾਅ 'ਚ 8 ਲੱਖ 35 ਹਜ਼ਾਰ ਮਿੱਟੀ ਦੇ ਨਮੂਨੇ ਲਏ ਗਏ ਸਨ। ਪੰਜਾਬ ਵਿਚ ਕਣਕ ਤੇ ਝੋਨੇ ਦੀਆਂ ਫਸਲਾਂ ਦੌਰਾਨ ਸਾਢੇ 26 ਲੱਖ ਟਨ ਯੂਰੀਆ ਖਾਦ ਦੀ ਵਰਤੋਂ ਹੁੰਦੀ ਹੈ ਜਦਕਿ ਕਣਕ ਦੀ ਫਸਲ ਵੇਲੇ 7 ਲੱਖ ਟਨ ਡੀਏਪੀ ਖਾਦ ਵਰਤੀ ਜਾਂਦੀ ਹੈ। ਖੇਤੀ ਮਾਹਿਰਾਂ ਦਾ ਕਹਿਣਾ ਹੈ ਕਿ ਕਿਸਾਨਾਂ ਨੂੰ ਸਮਝਾਉਣ ਦੇ ਬਾਵਜੂਦ ਫਸਲਾਂ 'ਚ ਖਾਦਾਂ ਪਾਉਣ ਦਾ ਰੁਝਾਨ ਘੱਟ ਨਹੀਂ ਹੋ ਰਿਹਾ। ਸਰਕਾਰੀ ਅੰਕੜਿਆਂ ਅਨੁਸਾਰ ਦੇਸ਼ ਦੇ ਕੁੱਲ ਰਕਬੇ 'ਚ ਪੰਜਾਬ ਦਾ ਰਕਬਾ ਡੇਢ ਫੀਸਦੀ ਆਉਂਦਾ ਹੈ ਜਦਕਿ ਇਥੇ ਦੇਸ਼ 'ਚ ਹੁੰਦੀ ਖਾਦਾਂ ਦੀ ਖਪਤ ਦਾ 9 ਫੀਸਦੀ ਹਿੱਸਾ ਪਾਇਆ ਜਾ ਰਿਹਾ ਹੈ। ਪੰਜਾਬ ਦੇ 40 ਲੱਖ ਹੈਕਟੇਅਰ ਰਕਬੇ ਵਿੱਚ ਖੇਤੀ ਹੁੰਦੀ ਹੈ ਜਦਕਿ ਪੰਜਾਬ ਦਾ ਕੁੱਲ ਰਕਬਾ 50,360 ਵਰਗ ਕਿਲੋਮੀਟਰ ਹੈ। ਮਾਹਿਰਾਂ ਦਾ ਕਹਿਣਾ ਹੈ ਕਿ 1961 ਤੋਂ ਲੈ ਕੇ ਕਣਕ ਦੀ ਪੈਦਾਵਾਰ ਸਿਰਫ ਚਾਰ ਗੁਣਾਂ ਵਧੀ ਹੈ ਜਦਕਿ ਖਾਦਾਂ ਦੀ ਵਰਤੋਂ ਪ੍ਰਤੀ ਏਕੜ 4200 ਵਾਰ ਹੋ ਰਹੀ ਹੈ। ਸਾਉਣੀ ਤੇ ਹਾੜੀ ਦੀਆਂ ਫਸਲਾਂ 'ਚ 445 ਕਿਲੋ ਪ੍ਰਤੀ ਹੈਕਟੇਅਰ ਖਾਦ ਵਰਤੀ ਜਾ ਰਹੀ ਹੈ ਜਦਕਿ ਦੇਸ਼ ਵਿਚ ਇਸ ਦੀ ਔਸਤ 82.2 ਕਿਲੋ ਹੁੰਦੀ ਹੈ। ਖਾਦਾਂ ਦੇ ਵਧੇ ਰੁਝਾਨ ਨਾਲ ਪੰਜਾਬ ਵਿੱਚ ਬਿਮਾਰੀਆਂ ਵੀ ਵਧ ਰਹੀਆਂ ਹਨ। ਜੁਆਇੰਟ ਡਾਇਰੈਕਟਰ ਖਾਦਾਂ ਜਗਤਾਰ ਸਿੰਘ ਬਰਾੜ ਦਾ ਕਹਿਣਾ ਸੀ ਕਿ ਡੀਏਪੀ 10 ਫੀਸਦੀ ਘਟਾਉਣ ਦਾ ਟੀਚਾ ਹੈ ਪਰ ਹਾਲੇ ਤਕ 7 ਫੀਸਦੀ ਤੱਕ ਹੀ ਖਾਦਾਂ ਘਟੀਆਂ ਹਨ।

## ਪਾਕਿਸਤਾਨ ਦੇ ਸਿੱਖ ਪੱਤਰਕਾਰ ਹਰਮੀਤ ਸਿੰਘ ਦੇ ਭਰਾ ਦਾ ਪੇਸ਼ਾਵਰ 'ਚ ਕਤਲ



ਪਾਕਿਸਤਾਨ ਦੇ ਨਨਕਾਣਾ ਸਾਹਿਬ ਗੁਰਦੁਆਰੇ 'ਚ ਹੋਏ ਹਮਲੇ ਤੋਂ ਬਾਅਦ ਇੱਕ ਹੋਰ ਘਟਨਾ ਸਾਹਮਣੇ ਆਈ ਹੈ। ਪੇਸ਼ਾਵਰ 'ਚ ਇੱਕ ਸਿੱਖ ਨੌਜਵਾਨ ਦਾ ਕਤਲ ਹੋਇਆ ਹੈ। ਮ੍ਰਿਤਕ ਪਰਵਿੰਦਰ ਸਿੰਘ ਪਾਕਿਸਤਾਨ ਦੇ ਸਿੱਖ ਪੱਤਰਕਾਰ ਹਰਮੀਤ ਸਿੰਘ ਦਾ ਭਰਾ ਸੀ। ਪੇਸ਼ਾਵਰ ਤੋਂ ਬੀਬੀਸੀ ਪੱਤਰਕਾਰ ਅਜ਼ੀਜ਼ ਉੱਲਾਹ ਮੁਤਾਬਕ ਪੁਲਿਸ ਨੇ ਦੱਸਿਆ, "ਰਵਿੰਦਰ ਸਿੰਘ ਖ਼ੈਬਰ ਪਖ਼ਤੂਨਖਵਾ ਇਲਾਕੇ ਦੇ ਸ਼ਾਂਗਲਾ ਤੋਂ ਆ ਰਿਹਾ ਸੀ। ਉਸਨੂੰ ਗੋਲੀ ਮਾਰੀ ਗਈ ਅਤੇ ਪੇਸ਼ਾਵਰ ਦੇ ਚਮਕਾਨੀ ਇਲਾਕੇ 'ਚ ਜੀਟੀ ਰੋਡ 'ਤੇ ਲਾਸ਼ ਨੂੰ ਸੁੱਟ ਦਿੱਤਾ ਗਿਆ।" ਪੁਲਿਸ ਨੇ ਦੱਸਿਆ ਕਿ ਮ੍ਰਿਤਕ ਦੇ ਹੀ ਮੋਬਾਇਲ ਤੋਂ ਉਸਦੇ ਭਰਾ ਨੂੰ ਫ਼ੋਨ ਕੀਤਾ ਗਿਆ ਕਿ ਉਸਦੀ ਲਾਸ਼ ਜੀਟੀ ਰੋਡ 'ਤੇ ਪਈ ਹੈ। ਲਾਸ਼ ਨੂੰ ਇੱਕ ਚੱਦਰ 'ਚ ਲਪੇਟਿਆ ਗਿਆ ਸੀ। ਉਨ੍ਹਾਂ ਅੱਗੇ ਦੱਸਿਆ, "ਪਰਵਿੰਦਰ ਮਲੇਸ਼ਿਆ 'ਚ ਬਿਜ਼ਨੇਸ ਕਰਦਾ ਸੀ। ਉਸ ਦਾ ਵਿਆਹ ਹੋਣ ਵਾਲਾ ਸੀ।" ਮ੍ਰਿਤਕ ਦੇ ਭਰਾ ਹਰਮੀਤ ਸਿੰਘ ਮੁਤਾਬ ?ਕ ਪਰਵਿੰਦਰ ਦੀ ਕਿਸੀ ਨਾਲ ਕੋਈ ਦੁਸ਼ਮਣੀ ਨਹੀਂ ਸੀ।

**ਚੈਨ ਨਾਲ ਨਹੀ ਬੈਠਾਂਗੇ- ਹਰਮੀਤ ਸਿੰਘ**

ਮ੍ਰਿਤਕ ਦੇ ਭਰਾ ਹਰਮੀਤ ਸਿੰਘ ਦੀ ਵੀ ਇੱਕ ਵੀਡਿਓ ਸਾਹਮਣੇ ਆ ਰਹੀ ਹੈ ਜਿਸ ਵਿੱਚ ਉਹ ਰੌਂਦੇ ਹੋਇ ਇਨਸਾਫ਼ ਦੀ ਮੰਗ ਕਰ ਰਿਹਾ ਹੈ। ਹਰਮੀਤ ਸਿੰਘ ਨੇ ਕਿਹਾ, "ਘੱਟ ਗਿਣਤੀ ਕਿਸੇ ਵੀ ਮੁਲਕ ਦੀ ਖ਼ੂਬਸੂਰਤੀ ਹੁੰਦੀ ਹੈ ਤੇ ਕਰੋੜਾਂ ਦੇ ਫੰਡ ਇਨ੍ਹਾਂ ਦੀ ਸੁਰੱਖਿਆਂ ਅਤੇ ਵਿਕਾਸ ਲਈ ਰੱਖੇ ਜਾਂਦੇ ਹਨ। ਪਰ ਹਰ ਸਾਲ ਸਾਨੂੰ ਲਾਸ਼ਾਂ ਉਠਾਉਣੀਆਂ ਪੈਂਦੀਆਂ ਹਨ।" ਉਨ੍ਹਾਂ ਅੱਗੇ ਕਿਹਾ ਕਿ ਜੱਦੋਂ ਤੱਕ ਉਨ੍ਹਾਂ ਦੇ ਭਰਾ ਦੇ ਕਾਤਿਲਾਂ ਨੂੰ ਨਹੀਂ ਫੜਿਆ ਜਾਂਦਾ, ਉਹ ਚੈਨ ਨਾਲ ਨਹੀਂ ਬੈਠਣਗੇ।

**ਵਿਦੇਸ਼ ਮੰਤਰਾਲੇ ਨੇ ਕੀਤੀ ਘਟਨਾ ਦੀ ਨਿਖ਼ੇਧੀ**

ਵਿਦੇਸ਼ ਮੰਤਰਾਲੇ ਨੇ ਰਵਿੰਦਰ ਸਿੰਘ ਦੀ ਮੌਤ ਦੀ ਘਟਨਾ ਦੀ ਸਖ਼ਤ ਨਿਖ਼ੇਧੀ ਕੀਤੀ ਹੈ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਪ੍ਰਧਾਨਮੰਤਰੀ ਨਰਿੰਦਰ ਮੋਦੀ ਨੂੰ ਇਹ ਮੁੱਦਾ ਪਾਕਿਸਤਾਨ ਦੇ ਪ੍ਰਧਾਨਮੰਤਰੀ ਇਮਰਾਨ ਖਾਨ ਨਾਲ ਚੁੱਕਣ ਲਈ ਕਿਹਾ। ਭਾਰਤੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਇਸ ਘਟਨਾ ਬਾਰੇ ਟਵੀਟ ਕੀਤਾ ਹੈ। ਉਨ੍ਹਾਂ ਟਵੀਟ ਕਰਕੇ ਕਿਹਾ, ਪਾਕਿਸਤਾਨ ਸਰਕਾਰ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰੇ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦੇਵੇ। ਇਮਰਾਨ ਖ਼ਾਨ ਲਈ ਸਮਾਂ ਆ ਗਿਆ ਹੈ ਕਿ ਜੋ ਉਹ ਕਹਿੰਦੇ ਹਨ ਉਸ 'ਤੇ ਅਮਲ ਕਰਨ।

### ਦਿੱਲੀ ਕਮੇਟੀ ਦੇ ਮੁਖੀ ਨੇ ਕੀ ਕਿਹਾ ?

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਵੀ ਕਿਹਾ ਕਿ ਪਾਕਿਸਤਾਨ ਦੇ ਸਿੱਖ ਨਨਕਾਣਾ ਸਾਹਿਬ 'ਤੇ ਹੋਏ ਹਮਲੇ ਤੋਂ ਅਜੇ ਉਭਰੇ ਨਹੀਂ ਸੀ ਕਿ ਪੇਸ਼ਾਵਰ 'ਚ ਸਿੱਖ ਨੌਜਵਾਨ ਦਾ ਕਤਲ ਕਰ ਦਿੱਤਾ ਗਿਆ। ਸਿਰਸਾ ਨੇ ਅੱਗੇ ਕਿਹਾ, "ਪਾਕਿਸਤਾਨ ਦੇ ਪ੍ਰਧਾਨਮੰਤਰੀ ਇਮਰਾਨ ਖ਼ਾਨ ਦੀ ਚੁੱਪੀ ਕਾਰਨ ਹੀ ਇਹ ਸਭ ਹੋ ਰਿਹਾ ਹੈ। ਪਾਕਿਸਤਾਨ 'ਚ ਘੱਟ ਗਿਣਤੀ ਸੁਰੱਖਿਅਤ ਨਹੀਂ ਹਨ।"

# ਸਾਵਰਕਰ ਅਤੇ ਗੋਡਸੇ ਦੇ ਸਮਲਿੰਗੀ ਰਿਸ਼ਤੇ ਸਨ, ਕਾਂਗਰਸ ਸੇਵਾ ਦਲ ਦਾ ਦਾਅਵਾ







ਭੋਪਾਲ : ਭੋਪਾਲ ਵਿੱਚ ਸ਼ੁਰੂ ਹੋਇਆ ਕਾਂਗਰਸ ਸੇਵਾਦਲ ਦੇ ਕੌਮੀ ਟਰੇਨਿੰਗ ਕੈਂਪ, ਵੀਰ ਸਾਵਰਕਰ 'ਤੇ ਕੀਤੀਆਂ ਗਈਆਂ ਟਿੱਪਣੀਆਂ ਕਾਰਨ ਵਿਵਾਦਾਂ ਵਿੱਚ ਆ ਗਿਆ ਹੈ। ਇਸ ਕੈਂਪ ਵਿੱਚ ਵੰਡੀਆਂ ਗਈਆਂ ਬੁਕਲੇਟਾਂ ਵਿੱਚ 'ਵੀਰ ਸਾਵਰਕਰ ਕਿੰਨੇ ਵੀਰ' ਵਿੱਚ ਡੌਮਿਨਕ ਲਾਪੀਏ ਤੇ ਲੌਰੀ ਕੌਲਿਨ ਦੀ ਕਿਤਾਬ 'ਫ੍ਰੀਡਮ ਐਟ ਮਿਡਨਾਈਟ' ਦੇ ਹਵਾਲੇ ਨਾਲ ਦਾਅਵਾ ਕੀਤਾ ਗਿਆ ਹੈ ਕਿ ਵੀਰ ਸਾਵਰਕਰ ਦੇ ਨੱਥੂਰਾਮ ਗੋਡਸੇ ਨਾਲ ਸਮਲਿੰਗੀ ਸਬੰਧ ਸਨ। ਉੱਥੇ ਹੀ, ਇਸ ਕਿਤਾਬ ਵਿੱਚ ਇਸ ਗੱਲ ਦਾ ਵੀ ਜ਼ਿਕਰ ਹੈ ਕਿ ਸਾਵਰਕਰ ਦੀ ਸੋਚ ਗਊ-ਭਗਤੀ ਬਾਰੇ ਕੀ ਸੀ।

ਕਿਤਾਬ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਆਰਐੱਸਐੱਸ ਤੇ ਭਾਜਪਾ ਅਤੇ ਹੋਰ ਦੂਜੇ ਸਹਿਯੋਗੀਆਂ ਦੀ ਮੌਜੂਦਾ ਸੋਚ ਦੇ ਉਲਟ ਸਾਵਰਕਰ ਨੇ ਗਾਂ ਨੂੰ ਕਦੇ ਵੀ ਧਾਰਮਿਕ ਮਹੱਤਤਾ ਨਹੀਂ ਦਿੱਤੀ, ਬਲਕਿ ਉਸ ਨੂੰ ਕੇਵਲ ਆਰਥਿਕ ਵਿਕਾਸ ਵਿੱਚ ਉਪਯੋਗੀ ਮੰਨਿਆ ਹੈ। ਇਸ 10 ਰੋਜ਼ਾ ਪਰੀਖਣ ਪ੍ਰੋਗਰਾਮ ਦੀ ਸ਼ੁਰੂਆਤ ਵੀਰਵਾਰ ਤੋਂ ਭੋਪਾਲ 'ਚ ਹੋਈ ਹੈ।

**ਕਾਂਗਰਸ ਦੇ ਸੇਵਾਦਲ ਦਾ ਦਾਅਵਾ**

ਇਸ ਪ੍ਰੋਗਰਾਮ ਵਿੱਚ ਇੱਕ ਹੋਰ ਪੁਸਤਕ ਰਾਸ਼ਟਰੀ ਸੇਵਕ ਸੰਘ ਅਤੇ ਭਾਰਤੀ ਜਨਤਾ ਪਾਰਟੀ ਦੀਆਂ ਕੁਝ ਤੱਥ ਅਤੇ ਜਾਣਕਾਰੀਆਂ ਵੀ ਵੰਡੀਆਂ ਹਨ ਇਸ ਪੁਸਤਕ ਵਿੱਚ ਲਿਖਿਆ ਹੈ ਕਿ ਨੇਤਾ ਜੀ ਬੋਸ ਨੇ ਦੂਜੀ ਵਿਸ਼ਵ ਜੰਗ ਦੌਰਾਨ, ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਵਿਦੇਸ਼ੀ ਸਹਾਇਤਾ ਤੈਅ ਕਰ ਰਹੇ ਸਨ ਅਤੇ ਦੇਸ਼ ਦੇ ਪੂਰਬ-ਉੱਤਰ 'ਤੇ ਇੱਕ ਹੋਰ ਹਮਲੇ ਦੀ ਯੋਜਨਾ ਬਣਾ ਰਹੇ ਸਨ, ਉਦੋਂ ਵੀਰ ਸਾਵਰਕਰ ਨੇ ਅੰਗਰੇਜ਼ਾਂ ਨੂੰ ਪੂਰਨ-ਫੌਜੀ ਸਹਿਯੋਗ ਦੀ ਪੇਸ਼ਕਸ਼ ਕੀਤੀ ਸੀ। ਇਨ੍ਹਾਂ ਕਿਤਾਬਾਂ ਵਿੱਚ ਵਿਰੋਧੀ ਭਾਜਪਾ ਨੂੰ ਕਾਂਗਰਸ ਨੂੰ ਘੇਰਨ ਦਾ ਮੌਕਾ ਦੇ ਦਿੱਤਾ। ਭਾਜਪਾ ਨੇ ਇਨ੍ਹਾਂ ਕਿਤਾਬਾਂ ਵਿੱਚ ਪੇਸ਼ ਤੱਥਾਂ 'ਤੇ ਇਤਰਾਜ਼ ਜਤਾਈ ਹੈ। ਸ਼ਿਵਸੈਨਾ ਨੇਤਾ ਸੰਜੇ ਰਾਊਤ ਨੇ ਕਾਂਗਰਸ ਸੇਵਾਦਲ ਦੇ ਬੁਕਲੇਟ 'ਤੇ ਪ੍ਰਤੀਕਿਰਿਆ ਦਿੰਦਿਆਂ ਹੋਇਆ ਕਿਹਾ, "ਸਾਵਰਕਰ ਇੱਕ ਮਹਾਨ ਵਿਅਕਤੀ ਸੀ। ਇੱਕ ਤਬਕਾ ਉਨ੍ਹਾਂ ਦੇ ਖ਼ਿਲਾਫ਼ ਬੋਲਦਾ ਰਹਿੰਦਾ ਹੈ। ਉਹ ਚਾਹੇ ਜੋ ਵੀ ਲੋਕ ਹੋਣ, ਇਹ ਉਨ੍ਹਾਂ ਦੇ ਦਿਮਾ.ਗ ਦੀ ਗੰਦਗੀ ਦਿਖਲਾਉਂਦਾ ਹੈ।"

**ਭਾਜਪਾ ਦਾ ਜਵਾਬ**

ਭਾਜਪਾ ਦੇ ਬੁਲਾਰੇ ਰਜਨੀਸ਼ ਅਗਰਵਾਲ ਨੇ ਕਿਹਾ, "ਵੀਰ ਸਾਵਤਰਕਰ ਬਾਰੇ ਮਹਾਤਮਾ ਗਾਂਧੀ ਨੇ ਯੰਗ ਇੰਡੀਆ ਵਿੱਚ ਉਨ੍ਹਾਂ ਤਾਰੀਫ਼ ਲਿਖੀ। ਇੰਦਰਾ ਗਾਂਧੀ ਨੇ ਪ੍ਰਧਾਨ ਮੰਤਰੀ ਵਜੋਂ ਉਨ੍ਹਾਂ ਦਾ ਟਿਕਟ ਜਾਰੀ ਕੀਤਾ। ਉਨ੍ਹਾਂ ਨੇ ਇਹ ਵੀ ਲਿਖਿਆ ਕਿ ਵੀਰ ਸਾਵਰਕਰ ਮਹਾਨ ਯੋਧਾ ਸਨ।" ਉਨ੍ਹਾਂ ਨੇ ਅੱਗੇ ਕਿਹਾ, "ਇਹ ਮਾਹਤਮਾ ਗਾਂਧੀ ਅਤੇ ਇੰਦਰਾ ਗਾਂਧੀ ਦੇ ਵਿਚਾਰਾਂ 'ਤੇ ਚੱਲਣ ਵਾਲੀ ਕਾਂਗਰਸ ਨਹੀਂ ਹੈ ਬਲਕਿ ਇਹ ਖੱਬੇਪੱਖੀਆਂ ਦੇ ਵਿਚਾਰਾਂ 'ਤੇ ਚੱਲਣ ਵਾਲੀ ਕਾਂਗਰਸ ਹੈ। ਕੋਈ ਵਿਚਾਰਕ ਬਹਿਸ ਹੋਵੇ ਤਾਂ ਗੱਲ ਸਮਝ ਆਉਂਦੀ ਹੈ ਪਰ ਅਸ਼ਲੀਲ, ਅਪਮਾਨਜਨਕ ਅਤੇ ਇਤਰਾਜ਼ਯੋਗ ਟਿੱਪਣੀਆਂ ਕਰਨਾ ਨਾ ਸਿਰਫ਼ ਵੀਰ ਸਾਵਰਕਰ ਬਲਕਿ ਸਾਰੇ ਆਜ਼ਾਦੀ ਘੁਲਾਟੀਆਂ ਦਾ ਅਪਮਾਨ ਹੈ।" ਸ਼ਿਵਸੈਨਾ ਦੇ ਬੁਲਾਰੇ ਸੰਜੇ ਰਾਊਤ ਨੇ ਕਿਹਾ ਹੈ ਕਿ ਵੀਰ ਸਾਵਰਕਰ ਮਹਾਨ ਸ਼ਖ਼ਸੀਅਤ ਸਨ ਅਤੇ ਉਹ ਅੱਗੇ ਵੀ ਮਹਾਨ ਰਹਿਣਗੇ। ਇੱਕ ਤਬਕਾ ਉਨ੍ਹਾਂ ਦੇ ਖ਼ਿਲਾਫ਼ ਬੋਲਦਾ ਰਹਿੰਦਾ ਹੈ। ਇਹ ਲੋਕ ਜੋ ਵੀ ਹਨ, ਇਹ ਉਨ੍ਹਾਂ ਦੇ ਦਿਮਾਗ਼ ਦੀ ਗੰਦਗੀ ਦਿਖਾਉਂਦਾ ਹੈ।

**ਕਾਂਗਰਸ ਦੀ ਦਲੀਲ**

ਉੱਥੇ, ਕਾਂਗਰਸ ਇਸ ਪੂਰੇ ਮਾਮਲੇ ਦਾ ਬਚਾਅ ਕਰ ਰਹੀ ਹੈ। ਕਾਂਗਰਸੀ ਬੁਲਾਰੇ ਪੰਕਜ ਚਤੁਰਵੇਦੀ ਨੇ ਕਿਹਾ, "ਇਸ ਮਾਮਲੇ ਵਿੱਚ ਕਾਂਗਰਸ ਦੀ ਸੋਚ ਉਹੀ ਹੈ ਜੋ ਪੂਰੇ ਦੇਸ਼ ਦੀ ਹੈ।

ਸਾਵਰਕਰ ਦੀ ਭੂਮਿਕਾ ਬਾਰੇ ਜੋ ਇਤਿਹਾਸ ਵਿੱਚ ਦਰਜ ਹੈ ਉਹੀ ਸਾਡਾ ਵੀ ਕਹਿਣਾ ਹੈ।" ਪੰਕਜ ਚਤੁਰਵੇਦੀ ਨੇ ਅੱਗੇ ਕਿਹਾ, "ਭਾਰਤੀ ਜਨਤਾ ਪਾਰਟੀ ਉਨ੍ਹਾਂ ਨੂੰ ਬੇਸ਼ੱਕ ਵੀਰ ਕਹੇ ਪਰ ਇਹ ਸੱਚ ਹੈ ਕਿ ਜਦੋਂ ਉਨ੍ਹਾਂ ਨੇ ਅੰਗਰੇਜ਼ਾਂ ਨੂੰ ਮੁਆਫ਼ੀ ਦੀ ਅਪੀਲ ਕੀਤੀ ਤਾਂ ਜਾ ਕੇ ਉਨ੍ਹਾ ਜੇਲ੍ਹ 'ਚੋਂ ਬਾਹਰ ਆਏ ਸਨ। ਸਾਵਰਕਰ ਟੂ ਨੇਸ਼ਨ ਥਿਓਰੀ ਦੇ ਸਭ ਤੋਂ ਵੱਡੇ ਸਮਰਥਕ ਸਨ।"

ਉੱਥੇ ਇਤਰਾਜ਼ਯੋਗ ਟਿੱਪਣੀਆਂ 'ਤੇ ਕਾਂਗਰਸ ਦਾ ਕਹਿਣਾ ਹੈ ਕਿ ਇਸ ਬਾਰੇ ਸੇਵਾਦਲ ਨਾਲ ਗੱਲ ਕੀਤੀ ਜਾਵੇਗੀ। ਪੰਕਜ ਚਤੁਰਵੇਦੀ ਨੇ ਕਿਹਾ, "ਇਸ ਬਾਰੇ ਸੇਵਾਦਲ ਕੋਲੋਂ ਪੁੱਛਿਆ ਜਾਵੇਗਾ ਕਿ ਸਰੋਤ ਕੀ ਹਨ, ਕਿੱਥੋਂ ਉਨ੍ਹਾਂ ਨੇ ਚੀਜ਼ਾਂ ਲਈਆਂ ਹਨ। ਕਿਉਂਕਿ ਕਾਂਗਰਸ ਦੀ ਸੱਭਿਆਚਾਰ ਅਪਮਾਨ ਕਰਨ ਵਾਲਾ ਨਹੀਂ ਹੈ ਅਤੇ ਨਾ ਹੀ ਕਿਸੇ ਪ੍ਰਤੀ ਇਤਰਾਜ਼ਯੋਗ ਗੱਲਾਂ ਕਰਨ ਦਾ।" ਬਹਰਹਾਲ ਇਸ ਪਰੀਖਣ ਪ੍ਰੋਗਰਾਮ ਕਾਰਨ ਤੋਂ ਕਾਂਗਰਸ ਅਤੇ ਭਾਜਪਾ ਪ੍ਰਦੇਸ਼ ਵਿੱਚ ਇੱਕ ਵਾਰ ਫਿਰ ਆਹਮੋ-ਸਾਹਮਣੇ ਆ ਗਏ ਹਨ।

**ਧੰਨਵਾਦ ਬੀ ਬੀ ਸੀ**

# ਅਕਾਲੀ ਦਲ ਨੇ ਬੈਂਸ ਭਰਾਵਾਂ ਤੇ ਖਹਿਰਾ ਨਾਲ ਸੰਪਰਕ ਸਾਧਿਆ

## ਢੀਂਡਸਾ ਪਰਿਵਾਰ ਵੱਲੋਂ ਕਿਨਾਰਾ ਕਰਨ ਮਗਰੋਂ ਪਾਰਟੀ ਮਜ਼ਬੂਤ ਕਰਨ ਲਈ ਨਵੀਆਂ ਕਵਾਇਦਾਂ





ਪਟਿਆਲਾ : ਇਕ ਪਾਸੇ ਢੀਂਡਸਾ ਪਰਿਵਾਰ ਸ਼੍ਰੋਮਣੀ ਅਕਾਲੀ ਦਲ ਵਲੋਂ ਵੱਖ ਹੋ ਰਿਹਾ ਹੈ ਤੇ ਦੂਜੇ ਪਾਸੇ ਅਕਾਲੀ ਲੀਡਰਸ਼ਿਪ ਵਲੋਂ ਕੁਝ ਅਜਿਹੇ ਅਕਾਲੀ ਲੀਡਰਾਂ ਜਿਨ੍ਹਾਂ ਨੇ ਨਵੀਂਆਂ ਪਾਰਟੀਆਂ ਬਣਾਈਆਂ, ਨਾਲ ਸੰਪਰਕ ਸਾਧਿਆ ਜਾ ਰਿਹਾ ਹੈ ਤਾਂ ਜੋ ਹਾਸ਼ੀਏ 'ਤੇ ਚਲ ਰਹੇ ਅਕਾਲੀ ਦਲ ਨੂੰ ਦੁਬਾਰਾ ਤੋਂ ਮਜ਼ਬੂਤੀ ਦਿਵਾਈ ਜਾ ਸਕੇ।

ਅਕਾਲੀ ਦਲ ਦੇ ਸੀਨੀਅਰ ਲੀਡਰ ਰਹੇ ਸੁਖਦੇਵ ਸਿੰਘ ਢੀਂਡਸਾ ਨੇ ਪਿਛਲੇ ਕੁਝ ਦਿਨਾਂ ਤੋਂ ਅਕਾਲੀ ਲੀਡਰਸ਼ਿਪ ਖਾਸ ਕਰਕੇ ਸੁਖਬੀਰ ਸਿੰਘ ਬਾਦਲ ਖਿਲਾਫ ਉਗਰ ਰੂਪ ਧਾਰਨ ਕੀਤਾ ਹੋਇਆ ਹੈ ਅਤੇ ਉਸੇ ਰਾਹ 'ਤੇ ਹੁਣ ਉਨ੍ਹਾਂ ਦੇ ਬੇਟੇ ਪਰਮਿੰਦਰ ਸਿੰਘ ਢੀਂਡਸਾ ਵੀ ਚੱਲ ਪਏ ਹਨ ਅਤੇ ਉਨ੍ਹਾਂ ਨੇ ਵੀ ਅਕਾਲੀ ਦਲ ਦੇ ਵਿਧਾਇਕ ਦਲ ਦੇ ਆਗੂ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਅਕਾਲੀ ਦਲ ਵਲੋਂ ਢੀਂਡਸਾ ਪਰਿਵਾਰ ਵਲੋਂ ਅਲੱਗ ਹੋਣ ਤੋਂ ਬਾਅਦ ਹੋਣ ਵਾਲੇ ਸਿਆਸੀ ਘਾਟੇ ਨੂੰ ਪੂਰਾ ਕਰਨ ਲਈ ਕੁਝ ਅਜਿਹੇ ਲੀਡਰਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ, ਜਿਨ੍ਹਾਂ ਵਲੋਂ ਅਕਾਲੀ ਲੀਡਰਾਂ ਦਾ ਤਿੱਖਾ ਵਿਰੋਧ ਕੀਤਾ ਜਾਂਦਾ ਰਿਹਾ ਹੈ।

ਦੱਸਿਆ ਜਾ ਰਿਹਾ ਹੈ ਕਿ ਅਕਾਲੀ ਦਲ ਲੀਡਰਸ਼ਿਪ ਦੁਆਰਾ ਬੈਂਸ ਭਰਾਵਾਂ ਅਤੇ ਸੁਖਪਾਲ ਸਿੰਘ ਖਹਿਰਾ ਨੂੰ ਅਕਾਲੀ ਦਲ ਵਿੱਚ ਸ਼ਾਮਲ ਹੋਣ ਦੀ ਪੇਸ਼ਕਸ਼ ਕੀਤੀ ਹੈ। ਇਥੇ ਇਹ ਦੱਸਣਯੋਗ ਹੈ ਕਿ ਸਿਮਰਜੀਤ ਸਿੰਘ ਬੈਂਸ ਅਤੇ ਬਲਵਿੰਦਰ ਸਿੰਘ ਬੈਂਸ ਜੋ ਕਿ ਕਿਸੇ ਸਮੇਂ ਅਕਾਲੀ ਦਲ ਦਾ ਹਿੱਸਾ ਹੁੰਦੇ ਸਨ, ਨੇ ਹੁਣ ਲੋਕ ਇਨਸਾਫ ਪਾਰਟੀ ਗਠਿਤ ਕਰ ਲਈ ਹੈ। ਇਨ੍ਹਾਂ ਦੋਹਾਂ ਭਰਾਵਾਂ ਨਾਲ ਅਕਾਲੀ ਦਲ ਵਲੋਂ ਸੰਪਕਰ ਕੀਤਾ ਗਿਆ ਹੈ ਅਤੇ ਕਿਹਾ ਗਿਆ ਹੈ ਕਿ ਉਹ ਮੁੜ ਅਕਾਲੀ ਦਲ ਵਿੱਚ ਸ਼ਾਮਲ ਹੋ ਜਾਣ ਕਿਉਂਕਿ ਉਹ ਸ਼ੁਰੂ ਤੋਂ ਹੀ ਅਕਾਲੀ ਰਹੇ ਹਨ। ਪਰ ਹਾਲੇ ਤੱਕ ਬੈਂਸ ਭਰਾਵਾਂ ਨੇ ਇਸ ਪੇਸ਼ਕਸ਼ ਨੂੰ ਭਰਵਾਂ ਹੁੰਗਾਰਾ ਨਹੀਂ ਦਿੱਤਾ। ਉਨ੍ਹਾਂ ਵਲੋਂ ਇਸ ਗੱਲ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ ਕਿ ਇਸ ਪੇਸ਼ਕਸ਼ ਨਾਲ ਉਨ੍ਹਾਂ ਨੂੰ ਕਿੰਨਾ ਕੁ ਸਿਆਸੀ ਲਾਭ ਹੋ ਸਕਦਾ ਹੈ। ਉਂਝ ਦੋਵੇਂ ਭਰਾ ਵਿਧਾਇਕ ਤਾਂ ਚੁਣੇ ਜਾਂਦੇ ਹਨ ਪਰ ਉਹ ਸਰਕਾਰ ਦਾ ਹਿੱਸਾ ਨਹੀਂ ਬਣ ਪਾਉਂਦੇ। ਦੂਜੇ ਪਾਸੇ ਅਕਾਲੀ ਦਲ ਵਲੋਂ ਸੁਖਪਾਲ ਸਿੰਘ ਖਹਿਰਾ ਨਾਲ ਵੀ ਸੰਪਰਕ ਕੀਤਾ ਜਾ ਰਿਹਾ ਹੈ। ਖਹਿਰਾ ਭਾਵੇਂ ਕਾਂਗਰਸ ਅਤੇ ਆਮ ਆਦਮੀ ਪਾਰਟੀ ਦਾ ਹਿੱਸਾ ਵੀ ਰਹੇ ਹਨ ਪਰ ਇਹ ਗੱਲ ਵੀ ਦੱਸਣਯੋਗ ਹੈ ਕਿ ਉਨ੍ਹਾਂ ਦੇ ਪਿਤਾ ਸਵਰਗੀ ਸੁਖਜਿੰਦਰ ਸਿੰਘ ਕੱਟੜ ਅਕਾਲੀ ਲੀਡਰ ਰਹੇ ਹਨ ਅਤੇ ਬਰਨਾਲਾ ਮੰਤਰੀ ਮੰਡਲ ਵਿੱਚ ਸਿੱਖਿਆ ਮੰਤਰੀ ਵੀ ਰਹੇ ਹਨ। ਜਿਥੋਂ ਤੱਕ ਖਹਿਰਾ ਦੀ ਗੱਲ ਹੈ ਉਹ ਆਮ ਆਦਮੀ ਪਾਰਟੀ ਤੋਂ ਬਾਗੀ ਹੋ ਚੁੱਕੇ ਹਨ ਅਤੇ ਉਨ੍ਹਾਂ ਨੇ ਪਾਰਟੀ ਤੋਂ ਅਲੱਗ ਹੋ ਕੇ ਪੰਜਾਬੀ ਏਕਤਾ ਪਾਰਟੀ ਬਣਾਈ ਸੀ ਅਤੇ ਬਠਿੰਡਾ ਲੋਕ ਸਭਾ ਤੋਂ ਚੋਣ ਵੀ ਲੜੀ ਸੀ। ਪਰ ਲੋਕਾਂ ਵਲੋਂ ਉਨ੍ਹਾਂ ਬਹੁਤਾ ਹੁੰਗਾਰਾ ਨਹੀਂ ਮਿਲਿਆ। ਦੂਜੇ ਪਾਸੇ ਆਪ ਉਸ ਨੂੰ ਦੁਬਾਰਾ ਅਪਣਾਉਣ ਲਈ ਤਿਆਰ ਨਹੀਂ ਹੈ। ਖਹਿਰਾ ਨੂੰ ਵੀ ਪੰਜਾਬੀ ਏਕਤਾ ਪਾਰਟੀ ਦਾ ਕੋਈ ਵਧੀਆ ਭਵਿੱਖ ਨਜ਼ਰ ਨਹੀਂ ਆ ਰਿਹਾ। ਅਜਿਹੇ ਵਿੱਚ ਅਕਾਲੀ ਦਲ ਵਿੱਚ ਬੈਠਿਆ ਉਨ੍ਹਾਂ ਦਾ ਇਕ ਰਿਸ਼ਤੇਦਾਰ ਅਕਾਲੀ ਦਲ ਵਿੱਚ ਲਿਆਉਣ ਲਈ ਪ੍ਰੇਰ ਰਿਹਾ ਹੈ। ਅਕਾਲੀ ਦਲ ਨੂੰ ਵੀ ਅਜਿਹੇ ਲੀਡਰਾਂ ਦੀ ਲੋੜ ਹੈ ਅਤੇ ਖਹਿਰਾ ਨੂੰ ਵੀ ਹੁਣ ਕਿਸੇ ਪਾਰਟੀ ਦੀ ਲੋੜ ਹੈ।

ਭਾਵੇਂ ਕਿ ਹਾਲੇ ਇਹ ਨਹੀਂ ਪਤਾ ਲੱਗਾ ਕਿ ਬੈਂਸ ਭਰਾਵਾਂ ਅਤੇ ਖਹਿਰਾ ਨੇ ਅਕਾਲੀ ਦਲ ਨੂੰ ਕੀ ਹੁੰਗਾਰਾ ਦਿੱਤਾ ਹੈ ਪਰ ਦੋਨਾਂ ਧਿਰਾਂ ਨੂੰ ਇਸ ਸਮੇਂ ਵੱਡੀ ਪਾਰਟੀ ਦੀ ਵੀ ਲੋੜ ਹੈ ਅਤੇ ਅਕਾਲੀ ਦਲ ਨੂੰ ਵੀ ਖਿੰਡੀਆਂ ਹੋਈਆਂ ਸ਼ਕਤੀਆਂ ਨੂੰ ਇਕੱਠਾ ਕਰਨ ਦੀ ਬਹੁਤ ਜ਼ਿਆਦਾ ਲੋੜ ਹੈ।

# ਸਿਆਟਲ ਵਿਖੇ ਜਤਿੰਦਰ ਸਿੰਘ ਸ਼ਿੰਦੇ ਦੀ ਬੇਵਕਤੀ ਮੌਤ 'ਤੇ ਸਿੱਖ ਕੌਂਸਲ ਵੱਲੋਂ ਦੁੱਖ ਦਾ ਪ੍ਰਗਟਾਵਾ

ਨਿਊਯਾਰਕ : ਪਿਛਲੇ ਦਿਨੀਂ ਸਿਆਟਲ ਵਿਖੇ ਇੰਡੀਆ ਤੋਂ ਚੱਲ ਕੇ ਚੰਗੇ ਭਵਿੱਖ ਲਈ ਪਹੁੰਚਣ ਵਾਲੇ ਨੌਜਵਾਨ ਜਤਿੰਦਰ ਸਿੰਘ ਸ਼ਿੰਦਾ ਅਕਾਲ ਚਲਾਣਾ ਕਰ ਗਿਆਹੈ। ਪਿੰਡ ਸੰਗੋਜਲਾ ਦਾ ਵਸਨੀਕ 2ਮਹੀਨੇ ਪਹਿਲਾਂ ਅਮਰੀਕਾ ਪਹੁੰਚਿਆ ਸੀ। ਅਚਨਚੇਤ ਹੋਈ ਮੌਤ ਦੀ ਖ਼ਬਰ ਸੁਣ ਕੇ ਹਰ ਅੱਖ ਗਮਗੀਨ ਹੋ ਗਈ। ਉਹ ਗੁਰਦੁਆਰਾ ਟਾਹਲੀ ਸਾਹਿਬ ਵਿਖੇ ਹਰ ਰੋਜ਼ ਸੇਵਾ ਕਰਨ ਵਾਲਾ ਸ਼ੁਰਧਾਲੂ ਸੀ। ਪਿੰਡ ਵਿਚ ਕਿਸੇ ਦੇ ਦੁੱਖ ਸੁੱਖ ਵਿਚ ਅੱਗੇ ਹੋ ਕੇ ਸਾਥ ਦੇਣ ਵਾਲਾ ਨੇਕ ਦਿਲ ਇਨਸਾਨ ਸੀ। ਜਿਸ ਕਰਕੇ ਪਿੰਡ ਵਾਸੀ ਉਸਦਾ ਸਤਿਕਾਰ ਕਰਦੇ ਸਨ।



ਮਾਤਾ ਪਿਤਾ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਸਦੇ ਮਾਤਾ ਪਿਤਾ ਸਸਕਾਰ ਸਮੇਂ ਪਹੁੰਚਣ ਲਈ ਸਿਆਟਲ ਆ ਗਏ ਹਨ। 12 ਜਨਵਰੀ ਨੂੰ ਸਿਆਟਲ ਵਿਖੇ ਸਸਕਾਰ ਹੋਵੇਗਾ। ਇਸ ਦੁੱਖ ਦੀ ਘੜੀ ਵਿਚ ਸਿੱਖ ਕਮਿਊਨਿਟੀ ਕੌਂਯਲ ਅਮਰੀਕਾ ਦੇ ਸਰਪ੍ਰਸਤ ਹਰਬੰਸ ਸਿੰਘ ਢਿੱਲੋਂ ਪ੍ਰਧਾਨ ਬਲਦੇਵ ਸਿੰਘ ਹਰਿਆਣਾ ਚੇਅਰਮੈਨ ਰਣਜੀਤ ਸਿੰਘ ਵਾਲੀਆ ਖਜ਼ਾਨਚੀ ਬਲਕਾਰ ਸਿੰਘ ਸਲਾਂ ਅਤੇ ਮੁੱਖ ਬੁਲਾਰੇ ਗਿਆਨੀ ਰਣਜੀਤ ਸਿੰਘ ਸੰਗੋਜਲਾ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਥੇ ਅਰਦਾਸ ਕੀਤੀ ਹੈ ਕਿ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣੇ।

# ਹੁਣ ਕੁੱਖ 'ਚ ਹੀ ਬੱਚਿਆਂ ਨੂੰ ਬਣਾਇਆ ਜਾਵੇਗਾ ਸੰਸਕਾਰੀ

ਲਖਨਊ : ਫੈਜ਼ਾਬਾਦ 'ਚ ਸਥਿਤ ਅਵਧ ਯੂਨੀਵਰਸਿਟੀ ਦੇ ਯੋਗ ਵਿਭਾਗ 'ਚ ਇੱਕ ਕੋਰਸ ਸ਼ੁਰੂ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ, ਜਿਸ ਨਾਲ ਬੱਚੇਦਾਨੀ 'ਚ ਹੀ ਬੱਚੇ ਨੂੰ ਸੰਸਕਾਰ ਦਿੱਤੇ ਜਾ ਸਕਣਗੇ। ਕੋਰਸ ਵਿੱਚ ਗਰਭਵਤੀ ਔਰਤਾਂ ਨੂੰ ਸੰਸਕ੍ਰਿਤੀ ਅਤੇ ਸੱਭਿਆਚਾਰਕ ਸਿੱਖਿਆ ਦੇ ਕੇ ਉਨ੍ਹਾਂ ਦੀ ਕੁੱਖ 'ਚ ਪੈਦਾ ਹੋਣ ਵਾਲੇ ਬੱਚੇ ਨੂੰ ਸੰਸਕਾਰੀ ਬਣਾਇਆ ਜਾਵੇਗਾ। ਕੁੱਖ ਵਿੱਚ ਬੱਚਿਆਂ ਦੇ ਸੰਸਕਾਰਾਂ ਬਾਰੇ ਅਵਧ ਯੂਨੀਵਰਸਿਟੀ ਦੇ ਉਪ ਕੁਲਪਤੀ ਐਸਐਨ ਸ਼ੁਕਲਾ ਨੇ ਕਿਹਾ ਕਿ ਇੱਕ 3 ਮਹੀਨਿਆਂ ਦਾ ਕੋਰਸ ਹੈ ਜਿਸ ਵਿੱਚ ਗਰਭਵਤੀ ਔਰਤਾਂ ਨੂੰ ਸੱਭਿਆਚਾਰਕ ਸਿੱਖਿਆ ਦਿੱਤੀ ਜਾਵੇਗੀ। ਸਿੱਖਿਆ ਕਿਵੇਂ ਦਿੱਤੀ ਜਾਏਗੀ- ਐਸਐਨ ਸ਼ੁਕਲਾ ਨੇ ਕਿਹਾ ਕਿ ਰਮਾਇਣ, ਮਹਾਭਾਰਤ ਜਾਂ ਕਿਸੇ ਵੀ ਤਰ੍ਹਾਂ ਦੇ ਮੁਕਾਬਲੇ ਦੀ ਤਿਆਰੀ ਕਰਦਿਆਂ ਉਨ੍ਹਾਂ ਨੂੰ ਸਿਖਾਇਆ ਜਾਵੇਗਾ ਅਤੇ ਸਮਝਾਇਆ ਜਾਵੇਗਾ। ਔਰਤਾਂ ਦੇ ਆਸ-ਪਾਸ ਅਜਿਹਾ ਮਾਹੌਲ ਬਣਾਇਆ ਜਾਏਗਾ ਤਾਂ ਜੋ ਉਨ੍ਹਾਂ ਦੇ ਬੱਚੇ ਪੇਟ ਵਿੱਚ ਪ੍ਰਭਾਵਿਤ ਹੋਣ। ਅਵਧ ਯੂਨੀਵਰਸਿਟੀ ਵਿਖੇ ਯੋਗਾ ਵਿਭਾਗ ਦੇ ਮਾਹਰਾਂ ਨੇ ਇਸ ਸਬੰਧੀ ਪੂਰੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਇਹ ਸਭ ਕਿਸ ਤਰ੍ਹਾਂ ਅਤੇ ਕਿਵੇਂ ਸੰਭਵ ਹੋਏਗਾ। ਇਸ ਦੇ ਨਾਲ ਹੀ ਜ਼ਿਲ੍ਹਾ ਮਹਿਲਾ ਹਸਪਤਾਲ 'ਚ ਤਾਇਨਾਤ ਲੇਡੀ ਡਾਕਟਰ ਵੰਦਨਾ ਸਿੰਘ ਨੇ ਕਿਹਾ ਕਿ ਅਸੀਂ ਜੋ ਕ੍ਰਿਆਸ਼ੀਲਤਾ ਕਰਦੇ ਹਾਂ ਉਸ ਨਾਲ ਸਾਡੇ ਬੱਚਿਆਂ ਤੇ ਪ੍ਰਭਾਵ ਹੁੰਦਾ ਹੈ। ਉਨ੍ਹਾਂ ਕਿਹਾ ਕਿ ਜੇ ਅਸੀਂ ਤਣਾਅ ਵਿੱਚ ਰਹਿੰਦੇ ਹਾਂ, ਤਾਂ ਬੱਚੇ ਹਮੇਸ਼ਾਂ ਤਣਾਅਪੂਰਨ ਹੁੰਦੇ ਹਨ ਅਤੇ ਜੇ ਅਸੀਂ ਆਪਣੇ ਆਲੇ ਦੁਆਲੇ ਧਾਰਮਿਕ ਜਾਂ ਖੁਸ਼ੀ ਦਾ ਮਾਹੌਲ ਪੈਦਾ ਕਰਦੇ ਹਾਂ, ਤਾਂ ਬੱਚੇ ਉਸੇ ਮਾਨਸਿਕਤਾ ਦੇ ਹੁੰਦੇ ਹਨ।

# ਰਵੀਨਾ, ਫਰਾਹ ਅਤੇ ਭਾਰਤੀ ਖਿਲਾਫ ਹੁਣ ਰੋਪੜ 'ਚ ਕੇਸ, ਨਹੀਂ ਥੰਮ ਰਿਹਾ ਵਿਵਾਦ

ਰੋਪੜ : ਕੁਝ ਦਿਨ ਤੋਂ ਬਾਲੀਵੁੱਡ ਐਕਟਰਸ ਰਵੀਨਾ ਟੰਡਨ, ਪ੍ਰੋਡਿਊਸਰ-ਡਾਇਰੈਕਟਰ ਫਰਾਹ ਖ਼ਾਨ ਅਤੇ ਕਾਮੇਡੀਅਨ ਭਾਰਤੀ ਸਿੰਘ ਇਸਾਈ ਧਰਮ ਬਾਰੇ ਇਤਰਾਜ਼ਯੋਗ ਸ਼ਬਦਾਵਲੀ ਦੀ ਵਰਤੋਂ ਕਰਨ ਕਰਕੇ ਵਿਵਾਦਾਂ 'ਚ ਹਨ। ਅਸਲ 'ਚ ਫਰਾਹ ਦੇ ਇੱਕ ਸ਼ੋਅ 'ਚ ਇਨ੍ਹਾਂ ਨੇ ਇੱਕ ਸ਼ਬਦ ਦਾ ਮਜ਼ਾਕ ਉਡਾਇਆ ਸੀ। ਜਿਸ ਨੂੰ ਇਸਾਈ ਭਾਈਚਾਰੇ ਨੇ ਆਪਣਾ ਅਪਮਾਨ ਮੰਨਦੇ ਹੋਏ ਤਿੰਨਾਂ ਖਿਲਾਫ ਵਿਰੋਧ ਪ੍ਰਦਰਸ਼ਨ ਸ਼ੁਰੂ ਕੀਤਾ ਸੀ। ਹੁਣ ਇਸਾਈ ਭਾਈਚਾਰੇ ਦੀ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ 'ਚ ਬਾਲੀਵੁੱਡ ਐਕਟਰਸ ਰਵੀਨਾ ਟੰਡਨ, ਕਾਮੇਡੀਅਨ ਭਾਰਤੀ ਸਿੰਘ ਅਤੇ ਪ੍ਰੋਡਿਊਸਰ-ਡਾਇਰੈਕਟਰ ਫਰਾਹ ਖ਼ਾਨ ਖਿਲਾਫ ਰੋਪੜ ਪੁਲਿਸ ਨੇ ਧਾਰਾ 295ਏ ਤਹਿਤ ਐਫਆਈਆਰ ਦਰਜ ਕੀਤੀ ਹੈ। ਇਸ ਤੋਂ ਪਹਿਲਾਂ ਅਜਨਾਲਾ 'ਚ ਵੀ ਤਿੰਨਾਂ ਖਿਲਾਫ ਧਾਰਾ 295ਏ ਤਹਿਤ ਮਾਮਲਾ ਦਰਜ



ਹੋ ਚੁੱਕਿਆ ਹੈ। ਇਸ ਦੇ ਨਾਲ ਹੀ ਦੱਸ ਦਈਏ ਕਿ ਵਿਵਾਦ ਵੱਧਣ ਤੋਂ ਬਾਅਦ ਫਰਾਹ ਅਤੇ ਰਵੀਨਾ ਨੇ ਮਾਫੀ ਮੰਗ ਆਪਣੀ ਸਫਾਈ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀ ਸੀ।

### ਅਕਾਲੀ ਦਲ ਲਈ ਖ਼ਤਰੇ ਦੀ ਘੰਟੀ

# ਬ.ਗਾਵਤਾਂ ਨਾ ਰੁਕੀਆਂ ਤਾਂ ਵੱਡਾ ਖਮਿਆਜ਼ਾ ਭੁਗਤਣਾ ਪਵੇਗਾ



ਚੰਡੀਗੜ੍ਹ : ਇਕ ਦਹਾਕਾ ਪੰਜਾਬ 'ਚ ਰਾਜ ਕਰਨ ਤੋਂ ਬਾਅਦ ਅਕਾਲੀ ਦਲ ਤੋਂ ਸੱਤਾ ਕੀ ਖੁੱਸੀ ਕਿ ਬਾਗ਼ੀ ਸੁਰਾਂ ਵੀ ਸਿਖਰ 'ਤੇ ਪੁੱਜ ਗਈਆਂ। 2017 ਦੀਆਂ ਵਿਧਾਨ ਸਭਾ ਚੋਣਾਂ 'ਚ ਹਾਰ ਤੋਂ ਬਾਅਦ ਪਾਰਟੀ 'ਚ ਵਿਰੋਧ ਦੀ ਅਜਿਹੀ ਚੰਗਿਆੜੀ ਉੱਠੀ ਕਿ 2020 ਤਕ ਇਸ ਨੇ ਭਾਂਬੜ ਦਾ ਰੂਪ ਧਾਰ ਲਿਆ। 14 ਦਸੰਬਰ 2020 ਨੂੰ ਅਕਾਲੀ ਦਲ ਆਪਣੇ 100 ਸਾਲ ਪੂਰੇ ਕਰਨ ਜਾ ਰਿਹਾ ਹੈ ਪਰ ਸਾਲ ਦੀ ਸ਼ੁਰੂਆਤ ਵਿਚ ਹੀ ਅਕਾਲੀ ਦਲ ਨੂੰ ਝਟਕਾ ਲੱਗ ਗਿਆ। ਇਹ ਝਟਕਾ ਪਿਤਾ ਦੇ ਮਨ੍ਹਾ ਕਰਨ ਦੇ ਬਾਵਜੂਦ ਪਾਰਟੀ ਪ੍ਰਧਾਨ ਦੀ ਮੰਨਦੇ ਹੋਏ ਲੋਕ ਸਭਾ ਚੋਣ ਲੜਨ ਵਾਲੇ ਪਰਮਿੰਦਰ ਢੀਂਡਸਾ ਨੇ ਦਿੱਤਾ। ਪਰਮਿੰਦਰ ਪਹਿਲਾ ਪੁੱਤ ਨਹੀਂ ਹੈ ਜਿਸ ਨੇ ਪਿਤਾ ਦੀ ਆਵਾਜ਼ ਨੂੰ ਸੁਣਦੇ ਹੋਏ ਅਜਿਹਾ ਕਦਮ ਚੁੱਕਿਆ ਹੈ, ਇਸ ਤੋਂ ਪਹਿਲਾਂ ਮਰਹੂਮ ਲੀਡਰ ਪ੍ਰੇਮ ਸਿੰਘ ਲਾਲਪੁਰਾ, ਰਣਜੀਤ ਸਿੰਘ ਬ੍ਰਹਮਪੁਰਾ, ਡਾ. ਰਤਨ ਸਿੰਘ ਅਜਨਾਲਾ ਦੇ ਪੁੱਤਰ ਵੀ ਪਿਤਾ ਦੇ ਪੱਖ 'ਚ ਫੈਸਲਾ ਲੈ ਚੁੱਕੇ ਹਨ। ਹੁਣ ਪਰਮਿੰਦਰ ਢੀਂਡਸਾ ਦੇ ਅਸਤੀਫੇ ਨੇ ਸਿਆਸੀ ਗਲਿਆਰਿਆਂ ਵਿਚ ਤੂਫਾਨ ਲੈ ਆਂਦਾ ਹੈ। ਆਲਮ ਇਹ ਹੈ ਕਿ ਮਹਿਜ਼ ਦੋ ਸਾਲ ਦੇ ਵਕਫੇ 'ਚ ਹੀ ਪੰਜ ਵੱਡੇ ਲੀਡਰ ਪਾਰਟੀ ਤੋਂ ਕਿਨਾਰਾ ਕਰ ਚੁੱਕੇ ਹਨ। ਇਨ੍ਹਾਂ ਵਿਚ ਰਣਜੀਤ ਸਿੰਘ ਬ੍ਰਹਮਪੁਰਾ ਉਨ੍ਹਾਂ ਦੇ ਪੁੱਤਰ ਰਵਿੰਦਰ ਸਿੰਘ ਬ੍ਰਹਮਪੁਰਾ, ਡਾ. ਰਤਨ ਸਿੰਘ ਅਜਨਾਲਾ ਉਨ੍ਹਾਂ ਦੇ ਪੁੱਤਰ ਅਮਰਪਾਲ ਬੋਨੀ ਅਜਨਾਲਾ ਅਤੇ ਸੇਵਾ ਸਿੰਘ ਸੇਖਵਾਂ ਸ਼ਾਮਲ ਹਨ। ਭਾਵੇਂ ਸੁਖਦੇਵ ਸਿੰਘ ਢੀਂਡਸਾ ਵੀ ਖੁੱਲ੍ਹ ਕੇ ਬਗ਼ਾਵਤ ਕਰ ਚੁੱਕੇ ਹਨ ਪਰ ਉਹ ਅਜੇ ਵੀ ਆਪਣੇ ਆਪ ਨੂੰ ਅਕਾਲੀ ਦਲ ਦਾ ਹਿੱਸਾ ਦੱਸ ਰਹੇ ਹਨ। ਇਸ ਤੋਂ ਇਲਾਵਾ ਛੋਟੇ ਢੀਂਡਸਾ ਨੇ ਵਿਧਾਇਕ ਦਲ ਦੇ ਲੀਡਰ ਤੋਂ ਅਸਤੀਫਾ ਦੇ ਦਿੱਤਾ ਹੈ ਜਦਕਿ ਉਹ ਅਜੇ ਵੀ ਪਾਰਟੀ ਦੇ ਵਿਧਾਇਕ ਹਨ। ਦਰਅਸਲ, ਪਾਰਟੀ ਦੇ ਸੀਨੀਅਰ ਉਪ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਤੇ ਸੈਕਟਰੀ ਜਨਰਲ ਰਹੇ ਸੁਖਦੇਵ ਸਿੰਘ ਢੀਂਡਸਾ ਨੇ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਤੋਂ ਪਾਰਟੀ ਦੀ ਹਾਰ ਤੋਂ ਬਾਅਦ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਮੰਗਿਆ ਸੀ। ਸੁਖਬੀਰ ਵਲੋਂ ਅਸਤੀਫਾ ਨਾ ਦੇਣ 'ਤੇ ਬ੍ਰਹਮਪੁਰਾ ਨੇ ਖੁੱਲ੍ਹ ਕੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਇਹ ਨਹੀਂ ਸੀ ਕਿ ਬ੍ਰਹਮਪੁਰਾ ਨੂੰ ਮਨਾਉਣ ਦਾ ਯਤਨ ਨਹੀਂ ਕੀਤਾ ਗਿਆ ਉਨ੍ਹਾਂ ਮਨਾਉਣ ਦੀ ਕੋਸ਼ਿਸ਼ਾਂ ਹੋਈਆਂ ਪਰ ਬ੍ਰਹਮਪੁਰਾ ਇਸ ਗੱਲ 'ਤੇ ਅੜੇ ਰਹੇ ਕਿ ਵੱਡੇ ਬਾਦਲ ਖੁਦ ਮਨਾਉਣ ਆਉਣ, ਅਜਿਹਾ ਨਹੀਂ ਹੋਇਆ। ਲਗਾਤਾਰ ਬਿਆਨਬਾਜ਼ੀ ਹੁੰਦੀ ਦੇਖ ਸੁਖਬੀਰ ਨੇ ਬ੍ਰਹਮਪੁਰਾ, ਉਨ੍ਹਾਂ ਦੇ ਪੁੱਤਰ ਰਵਿੰਦਰ, ਡਾ. ਅਜਨਾਲਾ ਉਨ੍ਹਾਂ ਦੇ ਪੁੱਤਰ ਅਮਰਪਾਲ ਬੋਨੀ ਅਤੇ ਸੇਵਾ ਸਿੰਘ ਸੇਖਵਾਂ ਖਿਲਾਫ ਸਖਤ ਐਕਸ਼ਨ ਲਿਆ।

ਲਗਭਗ ਇਕ ਸਾਲ ਤੋਂ ਵੱਡੇ ਢੀਂਡਸਾ ਪਾਰਟੀ 'ਚ ਅਹੁਦਿਆਂ ਤੋਂ ਅਸਤੀਫਾ ਦੇ ਚੁੱਕੇ ਹਨ ਹੁਣ ਛੋਟੇ ਢੀਂਡਸਾ ਨੇ ਵੀ ਵਿਧਾਇਕ ਦਲ ਦੇ ਲੀਡਰ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਇਕ ਤੋਂ ਬਾਅਦ ਇਕ ਸੀਨੀਅਰ ਲੀਡਰਾਂ ਦਾ ਪਾਰਟੀ ਤੋਂ ਕਿਨਾਰਾ ਕਰਨਾ ਅਕਾਲੀ ਦਲ ਲਈ ਖਤਰੇ ਦੀ ਘੰਟੀ ਹੈ ਅਤੇ ਇਸ ਨੂੰ ਜੇਕਰ ਜਲਦੀ ਨਾ ਠੱਲਿਆ ਗਿਆ ਤਾਂ ਪਾਰਟੀ ਨੂੰ ਇਸ ਦਾ ਵੱਡਾ ਹਰਜਾਨਾ ਝੱਲਣਾ ਪੈ ਸਕਦਾ ਹੈ।

## ਪਾਕਿਸਤਾਨ ਵੱਲੋਂ ਵਸੂਲੀ ਜਾਂਦੀ ਗੁਰਦੁਆਰਾ ਸਾਹਿਬ ਲਈ 20 ਡਾਲਰ ਫ਼ੀਸ ਕਾਰਨ ਪੰਜਾਬ 'ਚ ਨਹੀਂ ਲੱਭ ਰਹੇ ਡਾਲਰ



ਬਟਾਲਾ : ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਲਈ ਲਾਂਘਾ 9 ਨਵੰਬਰ 2019 ਨੂੰ ਖੁੱਲ੍ਹਿਆ ਸੀ ਅਤੇ ਆਖ਼ਰੀ ਸਮਝੌਤੇ 'ਤੇ ਦਸਤਖ਼ਤ 24 ਅਕਤੂਬਰ ਨੂੰ ਡੇਰਾ ਬਾਬਾ ਨਾਨਕ ਸਰਹੱਦ ਜ਼ੀਰੋ ਲਾਇਨ 'ਤੇ ਕੀਤੇ ਗਏ ਸਨ। ਇਸ ਸਮਝੌਤੇ ਵਿਚ ਦੋਵਾਂ ਦੇਸ਼ਾਂ ਵੱਲੋਂ ਲਿਖੀਆਂ ਗਈਆਂ ਸ਼ਰਤਾਂ ਨੂੰ ਸਮਝੌਤੇ ਦਾ ਰੂਪ ਦਿੱਤਾ ਗਿਆ ਸੀ, ਜਿਸ ਵਿਚ ਪਾਕਿਸਤਾਨ ਵੱਲੋਂ ਸ਼ਨਾਖ਼ਤੀ ਕਾਰਡ ਵਜੋਂ ਪਾਸਪੋਰਟ ਅਤੇ 20 ਡਾਲਰ ਫ਼ੀਸ ਵਸੂਲਣ 'ਤੇ ਵੀ ਸਹਿਮਤੀ ਹੋਈ ਸੀ। ਭਾਵੇਂ ਭਾਰਤ ਵਾਲੇ ਪਾਸਿਉਂ 20 ਡਾਲਰ ਵਸੂਲਣ 'ਤੇ ਕਾਫੀ ਇਤਰਾਜ਼ ਕੀਤਾ ਜਾਂਦਾ ਰਿਹਾ, ਪ੍ਰੰਤੂ ਪਾਕਿਸਤਾਨ ਨੇ ਇਸ ਸ਼ਰਤ ਨੂੰ ਨਰਮ ਨਹੀਂ ਕੀਤਾ। ਸ਼ੁਰੂਆਤੀ ਦਿਨਾਂ ਵਿਚ ਪਾਕਿਸਤਾਨ ਚੈੱਕ ਪੋਸਟ 'ਤੇ ਬਣੇ ਕਾਊਂਟਰ ਤੋਂ ਸ਼ਰਧਾਲੂ ਭਾਰਤੀ ਰੁਪਇਆਂ ਨੂੰ ਡਾਲਰਾਂ ਵਿਚ ਬਦਲ ਲੈਂਦੇ ਸਨ, ਪ੍ਰੰਤੂ ਪਾਕਿਸਤਾਨ ਦੇ ਅਧਿਕਾਰੀਆਂ ਵੱਲੋਂ ਸਮਾ ਬਚਾਉਣ ਅਤੇ ਪ੍ਰਕਿਰਿਆ ਨੂੰ ਹੋਰ ਸੁਖਾਲੀ ਕਰਨ ਦੇ ਮਕਸਦ ਨਾਲ 20 ਡਾਲਰ ਭਾਰਤ ਤੋਂ ਹੀ ਲੈ ਕੇ ਆਉਣ ਲਈ ਵੀ ਕਿਹਾ ਜਾਂਦਾ ਰਿਹਾ। ਕੁੱਝ ਕੁ ਸ਼ਰਧਾਲੂ ਤਾਂ ਡਾਲਰ ਭਾਰਤ ਤੋਂ ਹੀ ਲੈ ਕੇ ਜਾਂਦੇ ਰਹੇ, ਪ੍ਰੰਤੂ ਕੁੱਝ ਵੱਲੋਂ ਉੱਥੋਂ ਹੀ ਖ਼ਰੀਦਣ ਅਤੇ ਹਿਸਾਬ-ਕਿਤਾਬ ਲਾਉਣ ਤੋਂ ਬਾਅਦ ਮਹਿੰਗੇ ਭਾਅ ਡਾਲਰ ਖ਼ਰੀਦਣ ਦੀ ਬਜਾਏ ਭਾਰਤ ਤੋਂ ਹੀ ਡਾਲਰ ਖ਼ਰੀਦਣ ਨੂੰ ਤਰਜੀਹ ਦਿੱਤੀ ਜਾਣ ਲੱਗੀ, ਜਿਸ ਨਾਲ ਪੰਜਾਬ 'ਚ ਡਾਲਰਾਂ ਦੀ ਕਮੀ ਮਹਿਸੂਸ ਕੀਤੀ ਜਾ ਰਹੀ ਹੈ, ਕਿਉਂਕਿ ਭਾਰਤ ਵਾਲੇ ਪਾਸੇ ਡਾਲਰ ਜਾਂ ਤਾਂ ਹਵਾਈ ਅੱਡਿਆਂ 'ਤੇ ਰਜਿਸਟਰਡ ਕਾਊਂਟਰ ਤੋਂ ਮਿਲਦੇ ਹਨ, ਜਾਂ ਸੁਨਿਆਰਿਆਂ ਦੀਆਂ ਦੁਕਾਨਾਂ ਤੋਂ, ਜਿੱਥੇ ਵਿਦੇਸ਼ੀ ਭਾਰਤੀ ਖ਼ਰੀਦੋ-ਫ਼ਰੋਖ਼ਤ ਕਰਨ ਲੱਗਿਆਂ ਡਾਲਰ ਵੇਚ ਜਾਂਦੇ ਹਨ। ਡਾਲਰਾਂ ਵਿਚ ਆ ਰਹੀ ਕਮੀ ਕਾਰਨ ਸੁਨਿਆਰਿਆਂ ਨੇ ਵੀ ਡਾਲਰਾਂ ਨੂੰ ਮਹਿੰਗੇ ਭਾਅ ਵੇਚਣ ਦੇ ਮਕਸਦ ਨਾਲ ਖ਼ਰੀਦਦਾਰਾਂ ਨੂੰ ਗੇੜੇ ਮਰਵਾਉਣੇ ਸ਼ੁਰੂ ਕਰ ਦਿੱਤੇ ਹਨ। ਲੋਕਾਂ ਦੀ ਮੰਗ ਹੈ ਕਿ ਸਰਕਾਰ ਡੇਰਾ ਬਾਬਾ ਨਾਨਕ ਵਿਖੇ ਬਣੇ ਯਾਤਰੀ ਟਰਮੀਨਲ 'ਤੇ ਹੀ ਡਾਲਰ ਖ਼ਰੀਦਣ ਦਾ ਕੋਈ ਕਾਊਂਟਰ ਬਣਾਏ।

## ਪੰਜਾਬ 'ਚ ਵਿਗੜਿਆ ਲਿੰਗ ਅਨੁਪਾਤ, 1000 ਮੁੰਡਿਆਂ ਪਿੱਛੇ ਮਹਿਜ਼ 750 ਕੁੜੀਆਂ



ਚੰਡੀਗੜ੍ਹ : ਦੇ 100 ਪਿੰਡਾਂ 'ਚ ਲਿੰਗ ਅਨੁਪਾਤ ਦਾ ਗ੍ਰਾਫ ਇੰਨਾ ਜ਼ਿਆਦਾ ਵਿਗੜ ਚੁੱਕਿਆ ਹੈ ਕਿ ਇੱਥੇ ਇੱਕ ਹਜ਼ਾਰ ਮੁੰਡਿਆਂ ਪਿੱਛੇ ਮਹਿਜ਼ 750 ਧੀਆਂ ਨੇ ਜਨਮ ਲਿਆ। ਇਹ ਫਿਕਰਮੰਦ ਖੁਲਾਸਾ ਡਿਪਟੀ ਕਮੀਸ਼ਨਰ ਸੰਦੀਪ ਹੰਸ ਦੇ ਹੁਕਮਾਂ ਤੋਂ ਬਾਅਦ ਪਿੰਡਾਂ 'ਚ ਕੀਤੇ ਸਰਵੇ ਤੋਂ ਹੋਇਆ ਹੈ। ਜਦਕਿ ਇਹ ਸੂਚੀ ਪ੍ਰਸ਼ਾਸ਼ਨ ਨੇ ਅਜੇ ਜਨਤਕ ਨਹੀਂ ਕੀਤੀ। ਇੱਥੋਂ ਦੇ 100 ਪਿੰਡਾਂ 'ਚ ਲਿੰਗ ਅਨੁਪਾਤ ਦਾ ਗ੍ਰਾਫ ਇੰਨਾ ਜ਼ਿਆਦਾ ਵਿਗੜ ਚੁੱਕਿਆ ਹੈ ਕਿ ਇੱਥੇ ਇੱਕ ਹਜ਼ਾਰ ਮੁੰਡਿਆਂ ਪਿੱਛੇ ਮਹਿਜ਼ 750 ਧੀਆਂ ਨੇ ਜਨਮ ਲਿਆ। ਇਹ ਫਿਕਰਮੰਦ ਖੁਲਾਸਾ ਡਿਪਟੀ ਕਮੀਸ਼ਨਰ ਸੰਦੀਪ ਹੰਸ ਦੇ ਹੁਕਮਾਂ ਤੋਂ ਬਾਅਦ ਪਿੰਡਾਂ 'ਚ ਕੀਤੇ ਸਰਵੇ ਤੋਂ ਹੋਇਆ ਹੈ। ਜਦਕਿ ਇਹ ਸੂਚੀ ਪ੍ਰਸਾਸ਼ਨ ਨੇ ਅਜੇ ਜਨਤਕ ਨਹੀਂ ਕੀਤੀ। ਬੀਤੇ ਕਈ ਸਾਲਾ ਤੋਂ ਮੋਗਾ 'ਚ ਲਿੰਗ ਜਾਂਚ ਦਾ ਗੈਰ ਕਾਨੂੰਨੀ ਕੰਮ ਜ਼ੋਰਾਂ 'ਤੇ ਚੱਲ ਰਿਹਾ ਹੈ। ਬੀਤੇ ਪੰਜ ਸਾਲਾਂ 'ਚ ਕਰੀਬ ਪੰਜ ਵਾਰ ਸਿਰਸਾ ਸਿਹਤ ਵਿਭਾਗ ਟੀਮ ਨੇ ਸਟਿੰਗ ਕਰਕੇ ਮੋਗਾ 'ਚ ਭਰੂਣ ਲਿੰਗ ਜਾਂਚਣ ਵਾਲੇ ਸਕੈਨ ਸੈਂਟਰਾਂ ਨੂੰ ਫੜ ਸੀਲ ਕੀਤਾ ਹੈ। ਉਧਰ ਪੰਜਾਬ ਸਿਹਤ ਵਿਭਾਗ ਦਾ ਦਾਅਵਾ ਸੀ ਕਿ ਜ਼ਿਲ੍ਹੇ 'ਚ ਲਿੰਗ ਅਨੁਪਾਤ ਸੁਧਰ ਰਿਹਾ ਹੈ। ਇੱਥੇ ਸਾਲ 2019 'ਚ ਇੱਕ ਹਜ਼ਾਰ ਮੁੰਡਿਆ ਦੇ ਮੁਕਾਬਲੇ 932 ਕੁੜੀਆਂ ਹਨ। ਇਸ ਦੀ ਸਚਾਈ ਪਤਾ ਕਰਨ ਲਈ ਡੀਸੀ ਮੋਗਾ ਨੇ ਜ਼ਿਲ੍ਹੇ ਦੇ 430 ਪਿੰਡਾਂ ਦੀ ਪਛਾਣ ਕਰਨ ਨੂੰ ਕਿਹਾ ਜਿੱਥੇ ਲਿੰਗ ਅਨੁਪਾਤ ਘੱਟ ਸੀ। ਇਸ ਤੋਂ ਬਾਅਦ ਜ਼ਿਲ੍ਹੇ ਦੇ ਪੰਜ ਬਲਾਕ ਦੇ ਕੁੱਲ 100 ਪਿੰਡਾਂ 'ਚ ਇਹ ਸਰਵੇਖਣ ਕਰਵਾਇਆ ਗਿਆ ਜਿਸ 'ਚ ਇਹ ਚਿੰਤਾ ਦੇ ਹਾਲਾਤ ਸਾਹਮਣੇ ਲਿਆਂਦੇ।

### ਭਾਈ ਲੌਂਗੋਵਾਲ ਵੱਲੋਂ ਭਾਈ ਰਾਜੋਆਣਾ ਨਾਲ ਮੁਲਾਕਾਤ

## ਭਾਈ ਰਾਜੋਆਣਾ ਵੱਲੋਂ ਭੁੱਖ ਹੜਤਾਲ ਦਾ ਫ਼ੈਸਲਾ ਵਾਪਿਸ



ਪਟਿਆਲਾ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਅਗਵਾਈ ਵਿੱਚ ਅੱਜ ਪੰਜ ਮੈਂਬਰੀ ਕਮੇਟੀ ਦੇ ਵਫ਼ਦ ਨੇ ਕੇਂਦਰੀ ਜੇਲ੍ਹ ਪਟਿਆਲਾ ਵਿੱਚ ਸਜ਼ਾ ਯਾਫਤਾ ਭਾਈ ਰਾਜੋਆਣਾ ਨਾਲ ਮੁਲਾਕਾਤ ਕੀਤੀ। ਇਸ ਮੌਕੇ ਮੁਲਾਕਾਤ ਦੌਰਾਨ ਭਾਈ ਰਾਜੋਆਣਾ ਨੇ ਭੁੱਖ ਹੜਤਾਲ ਕਰਨ ਦਾ ਫੈਸਲਾ ਵਾਪਸ ਲੈਣ ਦਾ ਐਲਾਨ ਕੀਤਾ। ਮੁਲਾਕਾਤ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਭਾਈ ਰਾਜੋਆਣਾ ਨੂੰ ਭਰੋਸਾ ਦਿੱਤਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਦੇ ਕੇਸ ਦੀ ਪੈਰਵਾਈ ਮੁੜ ਜ਼ੋਰਦਾਰ ਢੰਗ ਨਾਲ ਕੀਤੀ ਜਾ ਰਹੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਭਾਈ ਰਾਜੋਆਣਾ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੇ ਕੇਸ ਦੇ ਮਾਮਲੇ ਵਿੱਚ ਪਰਿਵਾਰਕ ਮੈਂਬਰਾਂ ਨੂੰ ਭਰੋਸੇ ਵਿਚ ਲੈ ਕੇ ਉਚ ਪੱਧਰੀ ਵਕੀਲਾਂ ਦੇ ਪੈਨਲ ਨਾਲ ਸ਼੍ਰੋਮਣੀ ਕਮੇਟੀ ਵੱਲੋਂ ਮੁੜ ਰਿਵਿਊ ਪਟੀਸ਼ਨ ਸੁਪਰੀਮ ਕੋਰਟ ਵਿਚ ਦਾਇਰ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜਲਦ ਹੀ ਸ਼੍ਰੋਮਣੀ ਕਮੇਟੀ ਦਾ ਇੱਕ ਵਫ਼ਦ ਕੇਂਦਰੀ ਗ੍ਰਹਿ ਵਿਭਾਗ ਦੇ ਮੰਤਰੀ ਅਮਿਤ ਸ਼ਾਹ ਨਾਲ ਵੀ ਮੁਲਾਕਾਤ ਕਰਨ ਜਾ ਰਿਹਾ। ਇਸ ਮਗਰੋਂ ਭਾਈ ਰਾਜੋਆਣਾ ਨੇ ਭੁੱਖ ਹੜਤਾਲ ਵਾਪਸ ਲੈਣ ਦਾ ਫੈਸਲਾ ਕੀਤਾ। ਇਸ ਮੌਕੇ ਗੱਲਬਾਤ ਕਰਦਿਆਂ ਭਾਈ ਲੌਂਗੋਵਾਲ ਨੇ ਦੱਸਿਆ ਕਿ ਕੇਂਦਰੀ ਜੇਲ੍ਹ ਪਟਿਆਲਾ ਵਿੱਚ ਲੰਮੇ ਸਮੇਂ ਤੋਂ ਭਾਈ ਰਾਜੋਆਣਾ ਸਜ਼ਾ ਕੱਟ ਰਹੇ ਹਨ ਜਿਨ੍ਹਾਂ ਦੀ ਫਾਂਸੀ ਦੀ ਸਜ਼ਾ ਨੂੰ ਰਿਹਾਈ ਵਿੱਚ ਤਬਦੀਲ ਕਰਨ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਵੱਲੋਂ ਦੇਸ਼ ਦੇ ਰਾਸ਼ਟਰਪਤੀ ਕੋਲ ਇੱਕ ਪਟੀਸ਼ਨ ਦਾਇਰ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਕਾਫੀ ਜੱਦੋ ਜਹਿਦ ਤੋਂ ਬਾਅਦ ਕੇਂਦਰ ਦੀ ਸਰਕਾਰ ਨੇ ਜੇਲ੍ਹਾਂ ਵਿੱਚ ਬੰਦ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਵੱਡਾ ਫੈਸਲਾ ਕੀਤਾ ਸੀ, ਪ੍ਰੰਤੂ ਫ਼ੈਸਲੇ ਉੱਤੇ ਰੋਕ ਲੱਗਣ ਤੋਂ ਬਾਅਦ ਮੁੜ ਸ਼੍ਰੋਮਣੀ ਕਮੇਟੀ ਨੇ ਆਪਣੀ ਜੱਦੋ ਜਹਿਦ ਸ਼ੁਰੂ ਕਰ ਦਿੱਤੀ ਹੈ। ਭਾਈ ਲੌਂਗੋਵਾਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਵਫ਼ਦ ਵੱਲੋਂ ਉਨ੍ਹਾਂ ਦੇ ਪਰਿਵਾਰ ਨਾਲ ਵੀ ਮੁਲਾਕਾਤ ਕਰਕੇ ਇਹ ਭਰੋਸਾ ਦਿੱਤਾ ਕਿ ਜਲਦ ਹੀ ਭਾਈ ਰਾਜੋਆਣਾ ਦੇ ਕੇਸ ਵਿੱਚ ਕਿਸੇ ਵੀ ਤਰ੍ਹਾਂ ਦੀ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ। ਇਸ ਮੌਕੇ ਭਾਈ ਰਾਜੋਆਣਾ ਦੀ ਭੈਣ ਬੀਬੀ ਕਮਲਦੀਪ ਕੌਰ ਨੇ ਗੱਲਬਾਤ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਦੇ ਵਫ਼ਦ ਨੇ ਸਾਡੇ ਪਰਵਾਰ ਨੂੰ ਜੋ ਭਰੋਸਾ ਦਿੱਤਾ ਹੈ ਉਸ ਦਾ ਅਸੀਂ ਸਤਿਕਾਰ ਕਰਦੇ ਹਾਂ।

## ਪੰਜਾਬ 'ਚ ਵੱਖ-ਵੱਖ ਥਾਈਂ ਪਏ ਮੀਂਹ ਕਾਰਨ ਮੁੜ ਵਧੀ ਠੰਢ

ਚੰਡੀਗੜ੍ਹ : ਬੀਤੇ ਦਿਨ ਤੋਂ ਪੰਜਾਬ ਦੇ ਵੱਖ-ਵੱਖ ਸ਼ਹਿਰਾਂ 'ਚ ਮੀਂਹ ਪਿਆ। ਇਸ ਨਾਲ ਦਿਨ ਦਾ ਤਾਪਮਾਨ ਡਿੱਗ ਗਿਆ ਹੈ ਅਤੇ ਠੰਢ ਵੱਧ ਗਈ ਹੈ। ਮੌਸਮ ਵਿਭਾਗ ਦਾ ਕਹਿਣਾ ਹੈ ਕਿ ਚੰਡੀਗੜ੍ਹ, ਪੰਜਾਬ ਅਤੇ ਹਰਿਆਣਾ 'ਚ ਵੈਸਟਰਨ ਡਿਸਟਰਬੈਂਸ ਐਕਟਿਵ ਹੋ ਗਿਆ ਹੈ। 7 ਤੇ 8 ਜਵਨਰੀ ਨੂੰ ਵੀ ਪੰਜਾਬ ਦੇ ਕਈ ਜ਼ਿਲ੍ਹਿਆਂ 'ਚ ਬੱਦਲ ਛਾਏ ਰਹਿਣਗੇ। ਮੀਂਹ ਤੋਂ ਬਾਅਦ ਅੱਜ ਗੁਰਦਾਸਪੁਰ ਦਾ ਤਾਪਮਾਨ 4.6 ਡਿਗਰੀ, ਅੰਮ੍ਰਿਤਸਰ 'ਚ 8.2 ਡਿਗਰੀ, ਪਟਿਆਲਾ 6.4 ਡਿਗਰੀ, ਚੰਡੀਗੜ੍ਹ, 8.2 ਡਿਗਰੀ, ਫਰੀਦਕੋਟ 'ਚ 9 ਡਿਗਰੀ, ਲੁਧਿਆਣਾ 'ਚ 10 ਡਿਗਰੀ, ਬਠਿੰਡਾ 'ਚ 9.6 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਗਿਆ। ਸੋਮਵਾਰ ਸਵੇਰੇ ਜਦੋਂ ਲੋਕਾਂ ਦੀ ਅੱਖ ਖੁੱਲ੍ਹੀ ਤਾਂ ਕਈ ਥਾਵਾਂ 'ਤੇ ਮੀਂਹ ਪੈ ਰਿਹਾ ਸੀ। ਹਾਲਾਂਕਿ ਬੱਦਲਵਾਈ ਐਤਵਾਰ ਨੂੰ ਹੀ ਹੋ ਗਈ ਸੀ। ਸਵੇਰ ਤੋਂ ਸ਼ੁਰੂ ਹੋਈ ਬਾਰਿਸ਼ ਦੁਪਹਿਰ 12.30 ਵਜੇ ਤਕ ਹੁੰਦੀ ਰਹੀ। ਉੱਥੇ ਹੀ ਬਾਰਿਸ਼ ਕਾਰਨ ਸੜਕਾਂ 'ਤੇ ਟ੍ਰੈਫਿਕ ਜਾਮ ਵਰਗੇ ਹਾਲਾਤ ਬਣ ਗਏ।



# ਭਾਰਤ ਸਰਕਾਰ ਵੱਲੋਂ ਕਰਵਾਇਆ ਜਾ ਰਿਹਾ 'ਐਨਪੀਆਰ' ਕੀ ਹੈ ?




ਭਾਰਤ ਸਰਕਾਰ ਦੇ ਮੰਤਰੀ ਮੰਡਲ ਦੀ ਬੈਠਕ ਵਿੱਚ ਅੱਜ ਐਨਪੀਆਰ (ਨੈਸ਼ਨਲ ਪੋਪੂਲੇਸ਼ਨ ਰਜਿਸਟਰ ਜਾਂ ਰਾਸ਼ਟਰੀ ਅਬਾਦੀ ਸੂਚੀਕਰਨ) ਕਰਾਉਣ ਦੇ ਸੁਝਾਅ ਨੂੰ ਪ੍ਰਵਾਨ ਕਰ ਲਿਆ ਗਿਆ ਹੈ। ਬੀਤੇ ਦਿਨਾਂ ਤੋਂ ਨਾਗਰਿਕਤਾ ਸਬੰਧੀ ਨਵੇਂ ਕਾਨੂੰਨ ਅਤੇ ਐਨਆਰਸੀ (ਰਾਸ਼ਟਰੀ ਨਾਗਰਿਕਤਾ ਸੂਚੀਕਰਨ) ਬਾਰੇ ਚੱਲ ਰਹੇ ਵਿਵਾਦ ਦਰਮਿਆਨ ਹੁਣ ਐਨਪੀਆਰ ਨੇ ਨਵੀਂ ਬਹਿਸ ਛੇੜ ਦਿੱਤੀ ਹੈ। ਅੰਮ੍ਰਿਤਸਰ ਟਾਈਮਜ਼ ਦੇ ਪਾਠਕਾਂ ਨੂੰ ਅਸੀਂ ਇਸ ਰਿਪੋਰਟ ਰਾਹੀਂ ਐਨਪੀਆਰ ਬਾਰੇ ਦੱਸਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਆਖਰ ਇਹ ਕੀ ਸ਼ੈਅ ਹੈ।

**ਕੀ ਹੈ ਐਨਪੀਆਰ ?**

ਐਨਪੀਆਰ ਭਾਰਤ ਵਿੱਚ ਰਹਿਣ ਵਾਲੇ ਵਸ਼ਿੰਦਿਆਂ ਦਾ ਇੱਕ ਸੂਚੀਕਰਨ (ਰਜਿਸਟਰ) ਹੈ। ਭਾਰਤ ਦੇ ਹਰ ਆਮ ਵਸ਼ਿੰਦੇ ਨੂੰ ਇਸ ਸੂਚੀ ਵਿੱਚ ਆਪਣਾ ਨਾਂ ਦਰਜ ਕਰਾਉਣਾ ਲਾਜ਼ਮੀ ਹੈ। ਇਸ ਵਿੱਚ ਭਾਰਤੀ ਨਾਗਰਿਕ ਅਤੇ ਭਾਰਤ ਵਿੱਚ ਰਹਿੰਦੇ ਵਿਦੇਸ਼ੀ ਨਾਗਰਿਕ ਵੀ ਸ਼ਾਮਲ ਹਨ। ਇਸ ਐਨਪੀਆਰ ਦਾ ਮੁੱਖ ਮੰਤਵ ਦੇਸ਼ ਵਿੱਚ ਰਹਿੰਦੇ ਵਸ਼ਿੰਦਿਆਂ ਦੀ ਜਾਣਕਾਰੀ ਅਤੇ ਅੰਕੜਿਆਂ ਨੂੰ ਇਕੱਤਰ ਕਰਨਾ ਹੈ। ਭਾਰਤ ਵਿੱਚ ਪਹਿਲਾ ਐਨਪੀਆਰ 2010 'ਚ ਕਰਵਾਇਆ ਗਿਆ ਸੀ। ਇਸ ਤੋਂ ਹਾਸਲ ਹੋਏ ਤੱਥਾਂ ਨੂੰ 2015 ਵਿੱਚ ਦਰ-ਦਰ ਸਰਵੇਖਣ ਰਾਹੀਂ ਦਰੁਸਤ ਕੀਤਾ ਗਿਆ ਸੀ। ਹੁਣ ਸਰਕਾਰ ਦੇ ਫੈਂਸਲੇ ਮੁਤਾਬਿਕ ਅਗਲਾ ਐਨਪੀਆਰ 2020 ਵਿੱਚ ਅਪ੍ਰੈਲ ਮਹੀਨੇ ਤੋਂ ਸਤੰਬਰ ਮਹੀਨੇ ਦੇ ਸਮੇਂ ਦਰਮਿਆਨ ਕੀਤਾ ਜਾਵੇਗਾ। ਇਸ ਨਾਲ 2021 ਦੀ ਮਰਦਮਸ਼ੁਮਾਰੀ ਦੀ ਘਰਾਂ ਦੀ ਸੂਚੀ ਵੀ ਬਣਾਈ ਜਾਵੇਗੀ। ਇਸ ਸਰਵੇਖਣ ਦੀ ਰਿਪੋਰਟ ਨੂੰ ਭਾਰਤੀ ਨਾਗਰਿਕਤਾ ਕਾਨੂੰਨ 1955 ਅਤੇ ਨਾਗਰਿਕਤਾ (ਨਾਗਰਿਕਾਂ ਦੀ ਸੂਚੀ ਅਤੇ ਰਾਸ਼ਟਰੀ ਪਛਾਣ ਪੱਤਰ ਜਾਰੀ ਕਰਨ) ਦੇ ਨਿਯਮ, 2003 ਦੇ ਅਧਾਰ 'ਤੇ ਪਿੰਡ/ਕਸਬੇ/ਸ਼ਹਿਰ, ਸਬ-ਜ਼ਿਲ੍ਹਾ, ਜ਼ਿਲ੍ਹਾ, ਸੂਬਾ ਅਤੇ ਰਾਸ਼ਟਰੀ ਪੱਧਰ 'ਤੇ ਤਿਆਰ ਕੀਤਾ ਜਾਵੇਗਾ।

**ਮਰਦਮਸ਼ੁਮਾਰੀ (ਸੈਂਸਸ) ਕੀ ਹੈ ?**

ਮਰਦਮਸ਼ੁਮਾਰੀ ਦੇਸ਼ ਦੀ ਅਬਾਦੀ ਦੀ ਗਿਣਤੀ ਨੂੰ ਕਹਿੰਦੇ ਹਨ। ਇਹ ਗਿਣਤੀ 10 ਸਾਲਾਂ ਬਾਅਦ ਕੀਤੀ ਜਾਂਦੀ ਹੈ। ਭਾਰਤ ਵਿੱਚ ਹੋਣ ਜਾ ਰਹੀ 2021 ਦੀ ਮਰਦਮਸ਼ੁਮਾਰੀ 16ਵੀਂ ਮਰਦਮਸ਼ੁਮਾਰੀ ਹੈ। ਭਾਰਤ ਵਿੱਚ ਪਹਿਲੀ ਵਾਰ ਮਰਦਮਸ਼ੁਮਾਰੀ 1872 ਵਿੱਚ ਹੋਣ ਦੀ ਗੱਲ ਕਹੀ ਜਾਂਦੀ ਹੈ। ਅੰਗਰੇਜ਼ਾਂ ਦੇ ਜਾਣ ਮਗਰੋਂ ਬਣੇ ਮੌਜੂਦਾ ਭਾਰਤੀ ਰਾਜਪ੍ਰਬੰਧ ਦੀ ਇਹ 8ਵੀਂ ਮਰਦਮਸ਼ੁਮਾਰੀ ਹੋਵੇਗੀ।

**ਆਮ ਵਸ਼ਿੰਦੇ ਤੋਂ ਕੀ ਭਾਵ ਹੈ ?**

ਨਾਗਰਿਕਤਾ (ਨਾਗਰਿਕਾਂ ਦੀ ਸੂਚੀ ਅਤੇ ਰਾਸ਼ਟਰੀ ਪਛਾਣ ਪੱਤਰ ਜਾਰੀ ਕਰਨ) ਦੇ ਨਿਯਮ, 2003 ਮੁਤਾਬਿਕ 'ਆਮ ਵਸ਼ਿੰਦਾ' ਉਹ ਵਿਅਕਤੀ ਹੈ ਜੋ ਕਿਸੇ ਵੀ ਖੇਤਰ (ਪਿੰਡ/ਕਸਬਾ, ਸ਼ਹਿਰ ਆਦਿ) ਵਿਖੇ ਪਿਛਲੇ 6 ਮਹੀਨਿਆਂ ਜਾਂ ਉਸਤੋਂ ਜ਼ਿਆਦਾ ਸਮੇਂ ਤੋਂ ਰਹਿ ਰਿਹਾ ਹੈ ਜੋ ਅਗਲੇ 6 ਮਹੀਨਿਆਂ ਜਾਂ ਇਸ ਤੋਂ ਵੱਧ ਸਮੇਂ ਲਈ ਉਸ ਖੇਤਰ ਵਿੱਚ ਰਹਿਣ ਦਾ ਇਰਾਦਾ ਰੱਖਦਾ ਹੈ।

**ਐਨਪੀਆਰ ਅਤੇ ਐਨਸੀਆਰ ਵਿੱਚ ਕੀ ਫਰਕ ਹੈ ?**

ਐਨਪੀਆਰ ਐਨਆਰਸੀ ਤੋਂ ਵੱਖਰਾ ਹੈ। ਐਨਪੀਆਰ ਵਿੱਚ ਵਿਦੇਸ਼ੀ ਨਾਗਰਿਕ ਵੀ ਸ਼ਾਮਲ ਹਨ ਜਦਕਿ ਐਨਆਰਸੀ ਵਿੱਚ ਵਿਦੇਸ਼ੀ ਨਾਗਰਿਕ ਬਾਹਰ ਰੱਖੇ ਜਾਣਗੇ। ਜਿੱਥੇ ਐਨਆਰਪੀ ਵਿੱਚ ਭਾਰਤ ਅੰਦਰ ਰਹਿੰਦੇ ਭਾਰਤੀ ਨਾਗਰਿਕ ਅਤੇ ਵਿਦੇਸ਼ੀ ਨਾਗਰਿਕ ਸ਼ਾਮਲ ਹੋਣਗੇ, ਉੱਥੇ ਐਨਆਰਸੀ ਵਿੱਚ ਭਾਰਤ ਅੰਦਰ ਅਤੇ ਭਾਰਤ ਤੋਂ ਬਾਹਰ ਰਹਿੰਦੇ ਭਾਰਤੀ ਨਾਗਰਿਕ ਹੀ ਸ਼ਾਮਲ ਹੋਣਗੇ।

**ਐਨਪੀਆਰ ਅਤੇ ਐਨਆਰਸੀ ਵਿੱਚ ਆਪਸੀ ਸਬੰਧ ਕੀ ਹੈ ?**

ਨਾਗਰਿਕਤਾ (ਨਾਗਰਿਕਾਂ ਦੀ ਸੂਚੀ ਅਤੇ ਰਾਸ਼ਟਰੀ ਪਛਾਣ ਪੱਤਰ ਜਾਰੀ ਕਰਨ) ਦੇ ਨਿਯਮ, 2003 ਮੁਤਾਬਿਕ ਕੇਂਦਰ ਸਰਕਾਰ, ਇਸ ਸਬੰਧ ਵਿਚ ਜਾਰੀ ਕੀਤੇ ਗਏ ਹੁਕਮ ਨਾਲ, ਇਕ ਤਰੀਕ ਤੈਅ ਕਰ ਸਕਦੀ ਹੈ ਜਿਸ ਤਰੀਕ ਤੋਂ ਜਾਣਕਾਰੀ ਇਕੱਤਰ ਕਰਕੇ ਇਹ ਅਬਾਦੀ ਦੀ ਸੂਚੀ ਤਿਆਰ ਕੀਤੀ ਜਾ ਸਕਦੀ ਹੈ। ਇਸ ਅਬਾਦੀ ਦੀ ਸੂਚੀ ਦੀ ਜਾਣਕਾਰੀ ਨੂੰ ਤਸਦੀਕ ਕਰਕੇ ਭਾਰਤੀ ਨਾਗਰਿਕਾਂ ਦੀ ਸੂਚੀ ਬਣਾਈ ਜਾ ਸਕਦੀ ਹੈ।

# ਮਾਨਸਿਕ ਸੰਕਟ 'ਚ ਘਿਰੇ ਕੈਨੇਡਾ ਦੇ ਪਰਵਾਸੀ ਪੰਜਾਬੀ ਵਿਦਿਆਰਥੀ



ਵਧਦੀ ਬੇਰੁਜ਼ਗਾਰੀ ਅਤੇ ਨਸ਼ਿਆਂ ਤੋਂ ਡਰਦਿਆਂ ਮਾਪੇ ਆਪਣੀ ਜ਼ਮੀਨ-ਜਾਇਦਾਦ ਵੇਚ ਕੇ ਅਤੇ ਕਰਜ਼ੇ ਚੁੱਕ ਕੇ ਬੱਚਿਆਂ ਨੂੰ ਚੰਗੇ ਭਵਿੱਖ ਦੀ ਆਸ ਵਿੱਚ ਵਿਦੇਸ਼ੀਂ ਭੇਜਣ ਲਈ ਮਜਬੂਰ ਹਨ। ਪਰ ਵਿਦੇਸ਼ੀ ਧਰਤੀ ਉੱਤੇ ਨਿੱਤ ਦਿਹਾੜੇ ਵਾਪਰ ਰਹੀਆਂ ਘਟਨਾਵਾਂ ਨੇ ਮਾਪਿਆਂ ਦੇ ਸਾਹ ਸੂਤ ਲਏ ਹਨ। ਕੁਝ ਦਿਨ ਪਹਿਲਾਂ ਕਨੇਡਾ ਦੇ ਸ਼ਹਿਰ 'ਸਰੀ' ਵਿੱਚ ਪੰਜਾਬੀ ਲੜਕੀ ਪ੍ਰਭਲੀਨ ਕੌਰ ਦੇ ਪਤੀ ਪੀਟਰ ਨੇ ਉਸ ਦੀ ਜਾਨ ਲੈ ਕੇ ਬਾਅਦ ਵਿੱਚ ਆਪਣੀ ਜਾਨ ਦੇ ਦਿੱਤੀ ਸੀ। ਇਹ ਮਾਮਲਾ ਹਾਲੇ ਠੰਢਾ ਵੀ ਨਹੀਂ ਹੋਇਆ ਸੀ ਕਿ ਇੱਕ ਹੋਰ ਘਟਨਾ ਬਰੈਂਪਟਨ ਵਿੱਚ ਵਾਪਰ ਗਈ ਜਿੱਥੇ ਪੰਜਾਬੀ ਨੌਜਵਾਨ ਨਵਦੀਪ ਸਿੰਘ ਨੇ ਸ਼ਰਨਜੀਤ ਕੌਰ ਦੀ ਜਾਨ ਲੈਣ ਉਪਰੰਤ ਆਪ ਖੁਦਕੁਸ਼ੀ ਕਰ ਲਈ। ਇਸੇ ਤਰ੍ਹਾਂ ਕੈਨੇਡਾ ਦੇ ਮਾਂਟਰੀਅਲ ਵਿੱਚ ਇੱਕ ਹੀ ਪਰਿਵਾਰ ਦੇ ਚਾਰ ਮੈਂਬਰਾਂ ਦੀਆਂ ਲਾਸ਼ਾਂ ਮਿਲੀਆਂ ਸਨ। ਤਿੰਨ ਲਾਸ਼ਾਂ ਘਰ ਵਿੱਚੋਂ ਮਿਲੀਆਂ ਸਨ, ਜਿਨ੍ਹਾਂ ਵਿੱਚ ਇੱਕ ਔਰਤ ਅਤੇ ਉਸਦੇ ਦੋ ਮੁੰਡੇ ਸ਼ਾਮਲ ਸਨ ਜਦਕਿ ਪਤੀ ਦੀ ਲਾਸ਼ 50 ਕਿਲੋਮੀਟਰ ਦੂਰ ਮਿਲੀ ਸੀ। ਪੁਲਿਸ ਨੂੰ ਸ਼ੱਕ ਹੈ ਕਿ ਪਤੀ ਨੇ ਆਪਣੀ ਪਤਨੀ ਅਤੇ ਬੱਚਿਆਂ ਦੀ ਜਾਨ ਲੈਣ ਉਪਰੰਤ ਆਪਣੀ ਜਾਨ ਦੇ ਦਿੱਤੀ ਹੋਵੇਗੀ। ਹੁਣ ਤਾਜ਼ਾ ਘਟਨਾ ਵਿੱਚ ਮਿਸੀਸਾਗਾ (ਕੈਨੇਡਾ) ਵਿਖੇ ਗੁਰਦਾਸਪੁਰ ਦੀ 21 ਸਾਲਾ ਲੜਕੀ ਦੀ ਪਾਣੀ ਵਿੱਚ ਡੁੱਬਣ ਨਾਲ ਮੌਤ ਹੋ ਗਈ ਹੈ। ਇਸ ਬਾਰੇ ਵੀ ਇਹ ਸ਼ੰਕਾ ਜ਼ਾਹਰ ਕੀਤੀ ਜਾ ਰਹੀ ਹੈ ਕਿ ਲੜਕੀ ਦਾ ਕਤਲ ਕੀਤਾ ਗਿਆ ਹੋ ਸਕਦਾ ਹੈ। ਇਹਨਾਂ ਤੋਂ ਇਲਾਵਾ ਹਾਦਸਿਆਂ ਅਤੇ ਹਾਰਟ ਅਟੈਕ ਨਾਲ ਹੋਣ ਵਾਲੀਆਂ ਮੌਤਾਂ ਦੀ ਵੀ ਗਿਣਤੀ ਵਧੀ ਹੈ। ਜਿੱਥੇ ਹਾਦਸਿਆਂ ਦਾ ਕਾਰਨ ਸੜਕਾਂ ਉੱਤੇ ਪਈ ਬਰਫ ਅਤੇ ਅਜਿਹੇ ਹਾਲਾਤ ਸਮੇਂ ਡਰਾਈਵਰੀ ਵਿੱਚ ਮੁਹਾਰਤ ਨਾ ਹੋਣਾ ਦੱਸਿਆ ਜਾ ਰਿਹਾ, ਉੱਥੇ ਦਿਲ ਦੇ ਦੌਰੇ ਵਿੱਚ ਵਾਧੇ ਦਾ ਕਾਰਨ ਮਾਨਸਿਕ ਪ੍ਰੇਸ਼ਾਨੀ ਦੱਸਿਆ ਜਾ ਰਿਹਾ ਹੈ, ਜੋ ਸਿਰ ਉੱਤੇ ਚੁੱਕੇ ਕਰਜ਼ੇ ਦੀ ਪੰਡ ਅਤੇ ਕੰਮ ਕਰਨ ਦੇ ਹਾਲਾਤ ਸਾਜ਼ਗਾਰ ਨਾ ਹੋਣ ਕਾਰਨ ਵਧ ਜਾਂਦੀ ਹੈ - ਜਿਸ ਕਾਰਨ ਵੱਡੀ ਗਿਣਤੀ ਵਿੱਚ ਨੌਜਵਾਨ ਦਿਲ ਦੇ ਦੌਰੇ ਦਾ ਸ਼ਿਕਾਰ ਹੋ ਰਹੇ ਹਨ। ਇਹਨਾਂ ਵਿੱਚ ਵਧੇਰੇ ਬੱਚੇ ਉਹ ਹਨ ਜੋ ਪੜ੍ਹਾਈ ਦੇ ਵੀਜ਼ੇ (ਸਟਡੀ ਵੀਜ਼ੇ) ਉੱਤੇ ਗਏ ਹੋਏ ਹਨ। ਅਜਿਹੀਆਂ ਦੁਖਦਾਇਕ ਘਟਨਾਵਾਂ ਕਾਰਨ ਪਿੱਛੇ ਬੈਠੇ ਮਾਪਿਆਂ ਨੂੰ ਦੋਹਰੀ ਸੱਟ ਵੱਜ ਰਹੀ ਹੈ। ਇੱਕ ਤਾਂ ਬੱਚਿਆਂ ਦਾ ਸਦਾ ਲਈ ਵਿਛੋੜਾ ਅਤੇ ਦੂਜੀ ਹੈ ਜ਼ਮੀਨ-ਜਾਇਦਾਦ ਤੋਂ ਵਾਂਝੇ ਹੋ ਜਾਣਾ। ਪੰਜਾਬ ਵਿੱਚ ਦੁਆਬੇ ਮਗਰੋਂ ਮਾਲਵੇ ਵਿੱਚ ਸਟਡੀ ਵੀਜ਼ੇ ਉੱਤੇ ਵਿਦੇਸ਼ ਜਾਣ ਦਾ ਰੁਝਾਨ ਇਕ ਦਮ ਤੇਜ਼ ਹੋਇਆ ਹੈ। ਅੰਕੜਿਆਂ ਮੁਤਾਬਕ ਨਰਮਾ ਪੱਟੀ ਵਿੱਚ 'ਸਟੱਡੀ ਵੀਜ਼ਾ' ਘਰ ਬਾਰ ਹੂੰਝਣ ਲੱਗਾ ਹੈ। ਮਾਪਿਆਂ ਦਾ ਪੁੱਤਾਂ-ਧੀਆਂ ਨੂੰ ਪ੍ਰਦੇਸ ਭੇਜਣ ਲਈ ਸਭ ਕੁਝ ਦਾਅ ਉੱਤੇ ਲੱਗਾ ਹੋਇਆ ਹੈ। ਮਾਵਾਂ ਦੀਆਂ ਬਾਹਾਂ ਸੁੰਨੀਆਂ, ਕੰਨ ਖਾਲੀ ਅਤੇ ਟਰੈਕਟਰਾਂ, ਪਸ਼ੂਆਂ ਬਿਨਾਂ ਘਰ ਵੀ ਖਾਲੀ ਹੋਣ ਲੱਗੇ ਹਨ। ਜਹਾਜ਼ ਦੀ ਟਿਕਟ ਲਈ 'ਪਸ਼ੂ' ਅਤੇ ਵਿਦੇਸ਼ੀ ਫੀਸਾਂ ਲਈ 'ਖੇਤੀ ਮਸ਼ੀਨਰੀ' ਦਾ ਵਿਕਣਾ ਹੁਣ ਕੋਈ ਲੁਕੀ ਛਿਪੀ ਗੱਲ ਨਹੀਂ ਰਹੀ। ਲਗਭਗ ਇੱਕ ਸਾਲ ਤੋਂ ਇਸ ਖ਼ਿੱਤੇ ਵਿੱਚ ਸਟਡੀ ਵੀਜ਼ੇ ਉੱਤੇ ਪੁੱਤਾਂ ਧੀਆਂ ਨੂੰ ਵਿਦੇਸ਼ ਭੇਜਣ ਦਾ ਰੁਝਾਨ ਹੁਣ ਸਿਖਰ ਉੱਤੇ ਪਹੁੰਚ ਚੁੱਕਾ ਹੈ। ਭੁੱਚੋ ਮੰਡੀ ਦੇ ਇੱਕ ਸੁਨਿਆਰੇ (ਜਵੈਲਰ) ਅਨੁਸਾਰ ਹੁਣ ਇੱਕੋ ਦਿਨ ਵਿੱਚ ਚਾਰ ਚਾਰ ਕੇਸ 'ਗਹਿਣੇ' ਗਿਰਵੀ ਰੱਖਣ ਅਤੇ ਵੇਚਣ ਵਾਲੇ ਆਉਂਦੇ ਹਨ, ਜਿਨ੍ਹਾਂ ਵਿੱਚੋਂ 50 ਫੀਸਦੀ ਕੇਸ ਸਟੱਡੀ ਵੀਜ਼ੇ ਵਾਲੇ ਹੁੰਦੇ ਹਨ। ਇਸੇ ਤਰ੍ਹਾਂ ਪ੍ਰਾਈਵੇਟ ਫਾਈਨਾਂਸ ਕੰਪਨੀਆਂ ਕੋਲ ਗਹਿਣਿਆਂ ਉੱਤੇ ਕਰਜ਼ਾ ਲੈਣ ਵਾਲੇ ਕੇਸ ਵੀ ਵਧੇ ਹਨ। ਮੁਕਤਸਰ ਜ਼ਿਲ੍ਹੇ ਦੇ ਇੱਕ ਪਿੰਡ ਵਿੱਚੋਂ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਇੱਕ ਪਰਿਵਾਰ ਵੱਲੋਂ ਤਾਂ ਆਪਣੀ ਧੀ ਨੂੰ 'ਆਈਲੈੱਟਸ' ਕਰਾਉਣ ਖਾਤਰ ਹੀ 'ਗਹਿਣੇ' ਗਿਰਵੀ ਰੱਖਣੇ ਪਏ ਹਨ। ਕਈ ਕਿਸਾਨਾਂ ਦੀਆਂ ਜ਼ਮੀਨਾਂ ਗਿਰਵੀ ਰੱਖੀਆਂ ਹੋਈਆਂ ਹਨ। ਇੱਕ ਨੌਜਵਾਨ ਕਿਸਾਨ ਦੇ ਕਹਿਣ ਅਨੁਸਾਰ ਜ਼ਮੀਨ ਗਿਰਵੀ ਕਰਨ ਮਗਰੋਂ ਬਹੁਤੇ ਕਿਸਾਨ ਉਸੇ ਜ਼ਮੀਨ ਨੂੰ ਠੇਕੇ ਉੱਤੇ ਲੈਕੇ ਵਾਹੁਣਾ ਸ਼ੁਰੂ ਕਰ ਦਿੰਦੇ ਹਨ। ਇਸ ਤਰ੍ਹਾਂ ਕਰਨ ਨਾਲ ਸਮਾਜ ਵਿੱਚ ਉਹਨਾਂ ਦਾ ਪਰਦਾ ਬਣਿਆ ਰਹਿੰਦਾ ਹੈ। ਇਸ ਪਿੱਛੇ ਇਹ ਧਾਰਨਾ ਵੀ ਕੰਮ ਕਰਦੀ ਕਿ ਬੱਚੇ ਦੇ ਵਿਦੇਸ਼ੀ ਧਰਤੀ 'ਤੇ ਪੱਕਾ ਹੁੰਦਿਆਂ ਹੀ ਸਾਰੀ ਜ਼ਮੀਨ ਛੁਡਾ ਲਈ ਜਾਵੇਗੀ। ਬਹੁਤੇ ਮਾਪੇ ਬੱਚਿਆਂ ਨੂੰ ਬਾਹਰ ਭੇਜਣਾ ਆਪਣੀ ਮਜਬੂਰੀ ਦੱਸਦੇ ਹਨ ਕਿਉਂਕਿ ਪੰਜਾਬ ਵਿੱਚ ਪਸਰੀ ਬੇਰੁਜ਼ਗਾਰੀ ਅਤੇ ਨਸ਼ਿਆਂ ਦੇ ਵਾਧੇ ਨੇ ਸਭ ਨੂੰ ਫਿਕਰਾਂ ਵਿੱਚ ਪਾਇਆ ਹੋਇਆ ਹੈ। ਅੱਜ ਹਰ ਪੰਜਾਬੀ ਕਾਨੂੰਨੀ ਜਾਂ ਗੈਰ ਕਾਨੂੰਨੀ ਹਰ ਹੀਲਾ ਵਰਤਕੇ ਬਾਹਰਲੇ ਮੁਲਕ ਵਿੱਚ ਪਰਵਾਸ ਕਰਨ ਲਈ ਉਤਾਵਲਾ ਹੈ। ਅਜਿਹੇ ਹਾਲਾਤ ਕਾਰਨ ਪੰਜਾਬ ਫਿਰ ਬਹੁਤ ਵੱਡੀ ਤ੍ਰਾਸਦੀ ਵਿੱਚੋਂ ਗੁਜ਼ਰ ਰਿਹਾ ਹੈ। ਜੇ ਇਹ ਕਹਿਣਾ ਹੋਵੇ ਕਿ ਪੰਜਾਬ ਭਵਿੱਖ ਹੀਣ ਹੁੰਦਾ ਜਾ ਰਿਹਾ ਹੈ ਤਾਂ ਇਹ ਅਤਿਕਥਨੀ ਨਹੀਂ ਹੋਵੇਗੀ। ਅੰਕੜੇ ਦੱਸਦੇ ਹਨ ਕਿ 2017 ਵਿੱਚ ਇੱਕ ਲੱਖ ਬੱਚੇ ਸਿਰਫ ਪੜ੍ਹਾਈ ਕਰਨ ਗਏ ਤੇ ਬਾਕੀ ਵੱਖਰੇ ਨੇ। 2018 ਵਿੱਚ 1,70,000 ਨੌਜਵਾਨ ਵਿਦੇਸ਼ਾਂ ਵਿੱਚ ਗਿਆ ਹੈ। ਬੇਸ਼ੱਕ ਕਿਹਾ ਇਹ ਜਾਂਦਾ ਹੈ ਕਿ ਪੜ੍ਹਾਈ ਕਰਨ ਜਾ ਰਹੇ ਹਨ ਪਰ ਅਸਲੀਅਤ ਇਹ ਹੈ ਕਿ ਵੱਡੀ ਗਿਣਤੀ ਪੜ੍ਹਾਈ ਬਹਾਨੇ ਚੰਗੇ ਭਵਿੱਖ ਲਈ ਪ੍ਰਦੇਸੀ ਬਣ ਰਹੀ ਹੈ। ਸੋਚਣ ਵਾਲੀ ਗੱਲ ਇਹ ਵੀ ਹੈ ਕਿ ਸਾਡੇ ਬੱਚਿਆਂ ਦੇ ਨਾਲ ਨਾਲ ਅਰਬਾਂ ਖਰਬਾਂ ਰੁਪਇਆ ਵੀ ਦੇਸ਼ ਵਿੱਚੋਂ ਬਾਹਰ ਜਾ ਰਿਹਾ ਹੈ। ਇੱਕ ਵਿਦਿਆਰਥੀ ਦਾ ਔਸਤਨ ਖਰਚਾ 16 ਲੱਖ ਹੈ ਜੋ ਸਾਡੀ ਆਰਥਿਕਤਾ ਨੂੰ ਭਾਰੀ ਸੱਟ ਮਾਰ ਰਿਹਾ ਹੈ। ਉੱਧਰ ਪੜ੍ਹਾਈ ਦੇ ਨਾਮ ਤੇ ਬਹੁਤ ਸਾਰੇ ਕਾਲਜ ਅਤੇ ਯੂਨੀਵਰਸਿਟੀਆਂ ਘਰਾਂ ਵਿੱਚ ਹੀ ਖੁੱਲ੍ਹੇ ਹੋਏ ਹਨ, ਜਿਨ੍ਹਾਂ ਦਾ ਮਕਸਦ ਕੇਵਲ ਫੀਸ ਇਕੱਤਰ ਕਰਨਾ ਹੈ। 'ਉੱਚ ਵਿਦਿਆ' ਪ੍ਰਦਾਨ ਕਰਨ ਵਾਲੀਆਂ ਇਨ੍ਹਾਂ ਵਿਦੇਸ਼ੀ ਯੂਨੀਵਰਸਿਟੀਆਂ ਵਿੱਚ ਦਾਖਲਾ ਲੈਣ ਲਈ ਆਈਲੈਟਸ, ਪੀਈਟੀ ਆਦਿ ਵਰਗੇ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਨੂੰ ਪਰਖਣ ਵਾਲੇ ਟੈਸਟਾਂ ਦਾ ਇੱਕ ਖਾਸ ਪੈਮਾਨਾ ਨਿਰਧਾਰਤ ਕੀਤਾ ਹੋਇਆ ਹੈ। ਇਹਨਾਂ ਟੈਸਟਾਂ ਲਈ ਛੋਟੇ ਛੋਟੇ ਸ਼ਹਿਰਾਂ ਤੋਂ ਲੈ ਕੇ ਵੱਡੇ-ਵੱਡੇ ਮਹਾਂਨਗਰਾਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਟ੍ਰੇਨਿੰਗ ਸੈਂਟਰ ਖੁੱਲ੍ਹੇ ਹੋਏ ਹਨ ਜਦਕਿ ਦੂਜੇ ਪਾਸੇ ਬਾਬਾ ਫਰੀਦ ਯੂਨੀਵਰਸਿਟੀ ਮੁਤਾਬਕ 9 ਡੈਂਟਲ ਕਾਲਜਾਂ ਦੀਆਂ 850 ਬੀ ਡੀ ਐੱਸ ਦੀਆਂ ਸੀਟਾਂ ਵਿੱਚੋਂ ਸਿਰਫ 375 ਹੀ ਭਰੀਆਂ ਸਨ। ਜੋ ਸਿਰਫ 44 ਪ੍ਰਤੀਸ਼ਤ ਹੀ ਬਣਦੀਆਂ ਸਨ। ਕਦੀ ਅਜਿਹਾ ਸਮਾਂ ਵੀ ਸੀ ਕਿ ਲੋਕ ਮੈਡੀਕਲ ਕਾਲਜਾਂ ਵਿੱਚ ਬੱਚਿਆਂ ਨੂੰ ਦਾਖਲਾ ਦਿਵਾਉਣ ਲਈ ਲੱਖਾਂ ਰੁਪਏ ਲਈ ਫਿਰਦੇ ਹੁੰਦੇ ਸਨ। ਪਰ ਹੁਣ ਹਾਲਾਤ ਉਹ ਨਹੀਂ ਰਹੇ, ਨਵੇਂ ਕਾਲਜ ਖੁੱਲ੍ਹਣ ਦੀ ਬਜਾਏ ਸਗੋਂ ਪਹਿਲੇ ਵੀ ਬੰਦ ਹੋ ਰਹੇ ਹਨ ਕਿਉਂਕਿ ਪੰਜਾਬ ਵਿਚਲੇ ਕਾਲਜਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਹੈ। ਹੁਣ ਜ਼ਿਆਦਾਤਰ ਨੌਜਵਾਨ ਅਜਿਹੇ ਕੋਰਸਾਂ ਵਿੱਚ ਉਤਸ਼ਾਹ ਦਿਖਾ ਰਹੇ ਹਨ ਜੋ ਉਹਨਾਂ ਨੂੰ ਭਵਿੱਖ ਵਿੱਚ ਵਿਦੇਸ਼ ਜਾਣ ਵਿੱਚ ਸਹਾਈ ਹੋਣ ਜਿਵੇਂ ਫਾਰਮੇਸੀ, ਨਰਸਿੰਗ ਆਦਿ। ਅਸਲ ਵਿੱਚ ਨੌਜਵਾਨ ਪੀੜ੍ਹੀ ਆਪਣਾ ਭਵਿੱਖ ਵਿਦੇਸ਼ੀ ਧਰਤੀ ਉੱਤੇ ਹੀ ਸੁਰੱਖਿਅਤ ਵੇਖ ਰਹੀ ਹੈ ਜਦਕਿ ਹੁਣ ਵਿਦੇਸ਼ੀ ਧਰਤੀ ਉੱਤੇ ਵਾਪਰ ਰਹੀਆਂ ਤਾਜ਼ਾ ਘਟਨਾਵਾਂ ਨੇ ਮਾਪਿਆਂ ਨੂੰ ਬੱਚਿਆਂ ਦੇ 'ਸੁਰੱਖਿਅਤ ਭਵਿੱਖ' ਨੂੰ ਲੈ ਕੇ ਫਿਰ ਫਿਕਰਾਂ ਵਿੱਚ ਡੋਬ ਦਿੱਤਾ ਹੈ। ਆਪਣੀ ਸਾਰੀ ਜਮ੍ਹਾਂ ਪੂੰਜੀ ਨਾਲ ਵਿਦੇਸ਼ ਭੇਜੇ ਬੱਚਿਆਂ ਨਾਲ ਜਦੋਂ ਅਜਿਹੀ ਘਟਨਾ ਵਾਪਰ ਜਾਂਦੀ ਹੈ ਤਾਂ ਉਹਨਾਂ ਮਾਪਿਆਂ ਦਾ ਤਾਂ ਲੱਕ ਹੀ ਟੁੱਟ ਜਾਂਦਾ ਹੈ। ਕਨੇਡਾ ਦੇ ਹਾਲਾਤ ਨੇ ਹਰ ਇੱਕ ਨੂੰ ਫਿਕਰਮੰਦ ਕਰ ਦਿੱਤਾ ਹੈ। ਦੂਜੇ ਪਾਸੇ ਭਾਰਤ ਦੇਸ਼ ਦੇ ਹਾਲਾਤ ਵੀ ਬਹੁਤ ਚਿੰਤਾਜਨਕ ਬਣ ਚੁੱਕੇ ਹਨ। ਸਰਕਾਰਾਂ ਅਸਲ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਭਟਕਾ ਕੇ ਉਹਨਾਂ ਨੂੰ ਆਪਸ ਵਿੱਚ ਲੜਾਉਣ ਦਾ ਛੜਯੰਤਰ ਰਚ ਰਹੀਆਂ ਹਨ। ਬੇਰੁਜ਼ਗਾਰੀ ਛਾਲਾਂ ਮਾਰਕੇ ਵਧ ਰਹੀ ਹੈ ਪਰ ਸਰਕਾਰਾਂ ਰੁਜ਼ਗਾਰ ਦਾ ਪ੍ਰਬੰਧ ਕਰਨ ਵਿੱਚ ਬੁਰੀ ਤਰ੍ਹਾਂ ਫੇਲ ਹੋ ਚੁੱਕੀਆਂ ਹਨ। ਜੇ ਆਪਣੇ ਦੇਸ਼ ਵਿੱਚ ਹੀ ਵਧੀਆ ਭਵਿੱਖ ਅਤੇ ਰੁਜ਼ਗਾਰ ਦੀ ਗਰੰਟੀ ਹੋਵੇ ਤਾਂ ਮਾਪਿਆਂ ਨੂੰ ਆਪਣੇ ਦਿਲਾਂ ਦੇ ਟੁਕੜੇ, ਸਾਰੀ ਜਮ੍ਹਾਂ ਪੂੰਜੀ ਵੇਚ ਕੇ ਵਿਦੇਸ਼ੀ ਧਰਤੀ ਉੱਤੇ ਨਾ ਤੋਰਨੇ ਪੈਣ।

**ਨਰਿੰਦਰ ਕੌਰ ਸੋਹਲ**

## ਕਦੋਂ ਕੰਲੈਡਰ ਤੋਂ ਤਰੀਕਾਂ ਬਦਲਦਿਆਂ ਬਦਲਦਿਆਂ ਕੰਲੈਡਰ ਹੀ ਬਦਲ ਗਿਆ

ਸਾਲ 2020 ਸਾਡੇ ਬੂਹੇ ਤੇ ਦਸਤਕ ਦੇ ਰਿਹਾ ਹੈ।ਹੋ ਸਕਦਾ ਆਰਟੀਕਲ ਪੜ੍ਹੇ ਜਾਣ ਤੱਕ ਨਵਾਂ ਸਾਲ ਚੜ੍ਹ ਚੁੱਕਾ ਹੋਵੇ ਅਤੇ ਨਵੇਂ ਸਾਲ ਵਿੱਚ ਨਿਕਲੇ ਸੂਰਜ ਦੀਆਂ ਕਿਰਨਾਂ ਖਿੜਕੀ ਜਾਂ ਰੌਸ਼ਨਦਾਨ ਰਾਹੀ ਹੁੰਦੀਆਂ ਹੋਈਆ ਤੁਹਾਡੇ ਘਰ ਵਿੱਚ ਚਾਨਣ ਖਿਲਾਰ ਰਹੀਆਂ ਹੋਣ।ਪਤਾ ਹੀ ਨਹੀ ਚੱਲਿਆ ਕਿ ਕਦੋਂ ਕੰਲੈਡਰ ਤੋਂ ਤਰੀਕਾਂ ਬਦਲਦਿਆਂ ਬਦਲਦਿਆਂ ਕੰਲੈਡਰ ਹੀ ਬਦਲ ਗਿਆ ਅਤੇ ਉਸ ਦੀ ਜਗ੍ਹਾ ਨਵੇਂ ਸਾਲ ਦੇ ਕੰਲੈਡਰ ਨੇ ਲੈ ਲਈ।ਬਦਲਾਓ ਕੁਦਰਤ ਦਾ ਨਿਯਮ ਹੈ।ਚਾਹੇ ਉਹ ਅੱਤ ਦੀ ਗਰਮੀ ਤੋਂ ਬਾਅਦ ਹੱਡ ਚੀਰਵੀ ਠੰਡ ਦਾ ਅਹਿਸਾਸ ਹੋਵੇ ਜਾਂ ਫਿਰ ਪਤਝੜ ਦੀ ਰੁੱਤ ਤੋਂ ਬਾਅਦ ਬਹਾਰ ਦਾ ਆਉਣਾ ।ਅਸੀਂ ਹਮੇਸ਼ਾ ਇਹੀ ਉਮੀਦ ਕਰਦੇ ਹਾਂ ਕਿ ਕੋਈ ਵੀ ਬਦਲਾਓ ਜ਼ਿੰਦਗੀ ਵਿੱਚ ਖੁਸ਼ੀਆਂ ਖੇੜੇ ਹੀ ਲੈ ਕੇ ਆਵੇ।ਬੇਸ਼ੱਕ ਸਾਡੀ ਜ਼ਿੰਦਗੀ ਵਿੱਚ ਆਉਣ ਵਾਲਾ ਹਰ ਦਿਨ ਦੁਬਾਰਾ ਨਹੀਂ ਆਉਣਾ।ਪਰ ਅਸੀਂ ਦਿਨ ਜਾਂ ਮਹੀਨਿਆਂ ਨੂੰ ਉਹ ਮਹੱਤਤਾ ਨਹੀਂ ਦਿੰਦੇ ਜੋ ਸਾਲ ਨੂੰ ਦਿੰਦੇ ਹਾਂ। ਸਾਲ ਸ਼ੁਰੂ ਹੋਣ ਤੋਂ ਪਹਿਲਾ ਹੀ ਸ਼ੁਰੂ ਹੋ ਜਾਂਦਾ ਹੈ ਸ਼ੁੱਭਕਾਮਨਾਵਾ ਦਾ ਸਿਲਸਿਲਾ ਜੋ ਨਵੇਂ ਸਾਲ ਦੇ ਆ ਜਾਣ ਤੋਂ ਬਾਅਦ ਵੀ ਚਲਦਾ ਰਹਿੰਦਾ ਹੈ।ਨਵੇਂ ਵਰ੍ਹੇ ਨਾਲ ਸਾਡੀਆਂ ਬਹੁਤ ਸਾਰੀਆਂ ਉਮੀਦਾਂ ਜੁੜ ਜਾਂਦੀਆ ਹਨ।ਇੱਥੋਂ ਤੱਕ ਕੇ ਕੁੱਝ ਲੋਕਾਂ ਵਿੱਚ ਅਸੀਂ ਉਹਨਾਂ ਨੂੰ ਸ਼ਾਮਿਲ ਕਰ ਸਕਦੇ ਹਾਂ, ਜੋ ਕਿ ਕਿਸੇ ਵੀ ਖੇਤਰ ਵਿੱਚ ਬਿਨ੍ਹਾਂ ਮਿਹਨਤ ਕੀਤੇ ਸਫ਼ਲਤਾ ਹਾਸਿਲ ਕਰਨਾ ਚਾਹੁੰਦੇ ਹਨ।ਅਜਿਹੇ ਲੋਕ ਆਪਣੀ ਅਸਫ਼ਲਤਾ ਦਾ ਦੋਸ਼ ਕਿਸਮਤ ਜਾਂ ਬੀਤੇ ਵਰ੍ਹੇ ਨੂੰ ਦਿੰਦੇ ਹੋਏ ਅਕਸਰ ਦੇਖੇ ਜਾ ਸਕਦੇ ਹਨ।ਨਵੇਂ ਵਰ੍ਹੇ ਨਾਲ ਕਿਸਮਤ ਬਦਲਣ ਅਤੇ ਕਾਮਯਾਬੀ ਹਾਸਿਲ ਕਰਨ ਦੇ ਸੁਪਨੇ ਵੇਖਣਾ ਬੁਰੀ ਗੱਲ ਨਹੀਂ।ਲੋੜ ਹੈ ਤਾਂ ਉਸ ਅਣਥੱਕ ਮਿਹਨਤ ਦੀ ਜੋ ਸਾਡੇ ਸੁਪਨਿਆਂ ਨੂੰ ਹਕੀਕਤ ਵਿੱਚ ਬਦਲ ਸਕੇ।ਸਾਲ ਦੇ ਬਦਲਣ ਨਾਲ ਅਸੀਂ ਆਪਣੇ ਕੰਮ ਕਰਨ ਦੇ ਤਰੀਕਿਆਂ ਵਿੱਚ ਬਦਲਾਓ ਲਿਆ ਸਕਦੇ ਹਾਂ।ਆਪਣੀ ਜ਼ਿੰਦਗੀ ਵਿੱਚ ਕੋਈ ਉਦੇਸ਼ ਮਿੱਥ ਕੇ ਉਸ ਨੂੰ ਆਪਣੀ ਕਾਬਲੀਅਤ ਅਤੇ ਮਿਹਨਤ ਸਦਕਾ ਹਾਸਿਲ ਕਰ ਸਕਦੇ ਹਾਂ।ਜਿਹੜੇ ਲੋਕ ਮਿਹਨਤ ਕਰਦੇ ਹਨ ਮੰਜ਼ਿਲ ਵੀ ਉਹਨਾਂ ਦੇ ਹੀ ਪੈਰ ਚੁੰਮਦੀ ਹੈ। ਜਹਾਨੋਂ ਤੁਰ ਜਾਣ ਵਾਲਿਆ ਨੂੰ ਤਾਂ ਅਸੀਂ ਵਾਪਿਸ ਨਹੀਂ ਲਿਆ ਸਕਦੇ,ਪਰ ਕੋਸ਼ਿਸ਼ ਕਰੋ ਜੋ ਰੁੱਸ ਗਏ ਹਨ ਉਹਨਾਂ ਨਾਲ ਗਿਲੇ ਸ਼ਿਕਵੇ ਦੂਰ ਕਰ ਨਵੇਂ ਵਰੇ ਵਿੱਚ ਮਨ੍ਹਾ ਲਿਆ ਜਾਵੇ। ਆਪਣੇ ਨਿੱਜੀ ਜੀਵਨ ਤੋਂ ਉਪਰ ਉਠ ਜਦੋਂ ਅਸੀਂ ਸਮਾਜ ਦੀ ਗੱਲ ਕਰਦੇ ਹਾਂ ਤਾਂ ਆਸ-ਪਾਸ ਅਜਿਹੀਆਂ ਅਨੇਕਾਂ ਘਟਨਾਵਾਂ ਵਾਪਰ ਰਹੀਆਂ ਹਨ ਜੋ ਸਾਡੀ ਰੂਹ ਨੂੰ ਛੱਲਣੀ ਕਰ ਦਿੰਦੀਆਂ ਹਨ।ਸਾਲ 2019 ਦੇ ਦੌਰਾਨ ਸ਼ਾਇਦ ਹੀ ਕੋਈ ਅਜਿਹਾ ਦਿਨ ਬੀਤਿਆਂ ਹੋਵੇ ਜਿਸ ਦਿਨ ਸਾਨੂੰ ਅਖ਼ਬਾਰ ਵਿੱਚ ਕਿਸੇ ਕਰਜ਼ਾਈ ਕਿਸਾਨ ਦੀ ਖ਼ੁਦਕੁਸ਼ੀ ਦੀ ਖ਼ਬਰ ਪੜ੍ਹਨ ਨੂੰ ਨਾ ਮਿਲੀ ਹੋਵੇ, ਜਾਂ ਫਿਰ ਕੋਈ ਨਾਬਾਲਗ ਬਲਾਤਕਾਰ ਦਾ ਸ਼ਿਕਾਰ ਨਾ ਹੋਈ ਹੋਵੇ।ਹਰ ਪਾਸੇ ਭ੍ਰਿਸ਼ਟਾਚਾਰ ਦਾ ਬੋਲ ਬਾਲਾ ਹੈ ।ਨੌਜਵਾਨ ਮੁੰਡੇ ਨਸ਼ਿਆ ਦੇ ਛੇਵੇਂ ਦਰਿਆ ਵਿੱਚ ਡੁੱਬਦੇ ਜਾ ਰਹੇ ਹਨ। ਦਿੱਨ-ਬ-ਦਿੱਨ ਵੱਧਦੀ ਬੇਰੁਜ਼ਗਾਰੀ ਨੌਜਵਾਨ ਪੀੜ੍ਹੀ ਨੂੰ ਸੜਕਾਂ ਰੋਕਣ,ਧਰਨੇ ਲਾਉਣ ਅਤੇ ਆਤਮਦਾਹ ਕਰਨ ਲਈ ਮਜਬੂਰ ਕਰ ਰਹੀ ਹੈ।

ਨਵੇਂ ਵਰ੍ਹੇ ਵਿਚ ਜਿੱਥੇ ਲੋਕਾਂ ਨੂੰ ਆਪਣੀ ਸੋਚ ਵਿੱਚ ਬਦਲਾਓ ਲਿਆਉਣ ਦੀ ਲੋੜ ਹੈ,ਉਥੇ ਹੀ ਸਮੇਂ ਦੀ ਸਰਕਾਰ ਵੱਲੋ ਨਵੀਆਂ ਨੀਤੀਆਂ ਘੜੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਨਵੇਂ ਕੰਨੂਨ ਬਣਾਏ ਜਾਣੇ ਚਾਹੀਦੇ ਹਨ ਜਿੰਨ੍ਹਾਂ ਦੇ ਅਧੀਨ ਭ੍ਰਿਸ਼ਟਾਚਾਰ , ਬਲਾਤਕਾਰ , ਨਸ਼ਾਖੋਰੀ , ਆਤਮਹੱਤਿਆਂ, ਬੇਰੋਜ਼ਗਾਰੀ ਵਰਗੀਆਂ ਅਣਗਿਣਤ ਸਮੱਸਿਆਵਾਂ ਨੂੰ ਰੋਕਿਆ ਜਾ ਸਕੇ। ਆਸ਼ਾ ਕਰਦੀ ਆ ਕਿ ਨਵੇਂ ਵਰ੍ਹੇ ਵਿੱਚ ਕਿਸੇ ਕਿਸਾਨ ਦੀ ਖ਼ੁਦਕੁਸ਼ੀ ਦੀ ਖਬਰ ਅਖ਼ਬਾਰ ਦੀ ਸੁਰਖੀ ਨਾ ਬਣੇ।ਕੋਈ ਮਾਸੂਮ ਬਲਾਤਕਾਰ ਦੀ ਸ਼ਿਕਾਰ ਨਾ ਹੋਵੇ।।ਕੋਈ ਬੁੱਢਾ ਬਾਪ ਆਪਣੇ ਜਵਾਨ ਪੁੱਤ ਦੀ ਚਿਤਾ ਨੂੰ ਅਗਨੀ ਨਾ ਲਾਵੇ।ਆਉਣ ਵਾਲਾ ਵਰ੍ਹਾਂ ਸਾਰੀਆਂ ਸਮੱਸਿਆਵਾ ਦਾ ਹੱਲ ਹੋਵੇ ਅਤੇ ਸਾਡੇ ਸੱਭ ਲਈ ਖੁਸ਼ੀਆਂ ਲੈ ਕੇ ਆਵੇ।

**ਰਜਿੰਦਰ ਰਾਣੀ**




# ਖਸਮੁ ਵਿਸਾਰਹਿ ਤੇ ਕਮਜਾਤਿ

ਇਕਵਾਕ ਸਿੰਘ ਪੱਟੀ

ਗੁਰੂਬਾਣੀ ਅੰਦਰ ਅਤੇ ਬਾਬਾ ਗੁਰੂ ਨਾਨਕ ਜੀ ਫੁਰਮਾਉਂਦੇ ਹਨ:

ਜਾਤਿ ਜਨਮ ਨਹ ਪੂਛੀਐ ਸਚ ਘਰੁ ਲੇਹ ਬਤਾਇ ॥ ਸਾ ਜਾਤਿ ਸਾ ਪਤ ਹੈ ਜੇਹੇ ਕਰਮ ਕਮਾਇ ॥

(ਪ੍ਰਭਾਤੀ ਮਹਲਾ ੧, ਪੰਨਾ ੧੩੩੦)

ਗੁਰਮਤਿ ਵਿਚਾਰਧਾਰਾ ਅਨੁਸਾਰ ਸਾਰੇ ਮਨੁੱਖ ਉਸ ਪ੍ਰਮਾਤਮਾ ਦੀ ਅੰਸ਼ ਹੋਣ ਕਰਕੇ ਇੱਕ ਹਨ। ਗੁਰਮਤਿ ਦੇ ਅਧਾਰ ਤੇ ਕੋਈ ਮਨੁੱਖ ਉਚਾ ਨਹੀਂ ਜਾਂ ਨੀਵਾਂ ਨਹੀਂ। ਪ੍ਰਭੂ ਭਗਤੀ ਅਤੇ ਨੇਕ ਕੰਮ ਕਰਨ ਵਾਲੇ ਮਨੁੱਖ ਉੱਤਮ ਹਨ ਅਤੇ ਗੁਰੂ ਤੋਂ ਬੇ-ਮੁੱਖ ਭਾਵ ਮਾੜੇ ਕੰਮ ਕਰਨ ਵਾਲੇ ਨੀਵੇਂ ਹੁੰਦੇ ਹਨ :

ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥

(ਆਸਾ ਮ. ੧, ਪੰਨਾ ੧੦)

ਸਾਡੇ ਦੇਸ਼ ਵਿੱਚ ਕਈ ਧਰਮਾਂ ਅਨੁਸਾਰ ਮਨੁੱਖ ਨੂੰ ਉਚਾ ਨੀਵਾਂ ਮੰਨਿਆ ਗਿਆ ਹੈ । ਜੇਕਰ ਜਾਤ-ਪਾਤ ਦੇ ਸੰਬੰਧ ਵਿੱਚ ਬ੍ਰਾਹਮਣੀ ਮੱਤ ਅਨੁਸਾਰ ਵੱਖ-ਵੱਖ ਪੱਖਾਂ ਤੋਂ ਵਿਚਾਰ ਕੀਤੀ ਜਾਵੇ ਤਾਂ ਇੱਕ ਬਹੁਤ ਵੱਡੀ ਅਤੇ ਭਿਆਨਕ ਪੁਸਤਕ ਤਿਆਰ ਹੋ ਸਕਦੀ ਹੈ। ਅਜੋਕੇ ਯੁੱਗ ਦੇ ਮਹਾਨ ਵਿਦਵਾਨ, ਸਿਆਸਤਦਾਨ ਅਤੇ ਭਾਰਤੀ ਸੰਵਿਧਾਨ ਦੇ ਰਚੇਤਾ ਡਾ. ਅੰਬੇਦਕਰ ਜੀ ਦਾ ਕਥਨ ਹੈ ਕਿ "ਜਾਤ ਪਾਤ ਨਾਲ ਭਰਪੂਰ ਵਿਤਕਰਾ ਹਿੰਦੂ ਧਾਰਮਿਕ ਸ਼ਾਸ਼ਤਰਾਂ ਵੱਲੋਂ ਹੀ ਪ੍ਰਚਲਤ ਹੋਇਆ ਹੈ।" ਇਿਨਾਂ ਗ੍ਰੰਥਾਂ ਨੂੰ ਲਿਖਣ ਵਾਲਿਆਂ ਨੇ ਮਨੁੱਖਤਾ ਦੇ ਇੱਕ ਵੱਡੇ ਹਿੱਸੇ ਨਾਲ ਕਿਸ ਤਰ੍ਹਾਂ ਧੱਕਾ ਕੀਤਾ ਹੈ ਦੇ ਸਬੰਧ ਵਿੱਚ ਅਨੇਕਾਂ ਮਿਸਾਲਾਂ ਮਿਲ ਜਾਂਦੀਆਂ ਹਨ, ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇੱਕ ਐਸੇ ਮੱਤ ਦੀ ਨੀਂਹ ਰੱਖੀ ਜੋ ਮੁਕੰਮਲ ਅਤੇ ਸੰਪੂਰਨ ਇਨਸਾਨੀਅਤ ਦਾ ਧਰਮ ਹੈ। ਗੁਰੂ ਪਾਤਸ਼ਾਹ ਜੀ ਨੇ ਇਸ ਧਰਮ ਵਿੱਚ ਖ਼ੁਦੀ, ਬਖੀਲੀ, ਘ੍ਰਿਣਾ, ਈਰਖਾ, ਜਾਤ-ਪਾਤ ਆਦਿ ਵਿਤਕਰਿਆ ਨੂੰ ਕੋਈ ਥਾਂ ਨਹੀਂ ਦਿੱਤੀ। ਭਗਤ ਕਬੀਰ ਜੀ ਨੇ ਜਾਤ ਦੇ ਅਭਿਮਾਨੀਆਂ ਨੂੰ ਡੰਕੇ ਦੀ ਚੋਟ ਨਾਲ ਲਲਕਾਰਿਆ :

ਜੌ ਤੂੰ ਬ੍ਰਾਹਮਣੁ ਬ੍ਰਾਮਨੀ ਜਾਇਆ ॥ ਤਉ ਆਨ ਬਾਟ ਕਾਹੇ ਨਹੀਂ ਆਇਆ ॥

ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥ ਹਮ ਕਤ ਲਹੂ ਤੁਮ ਕਤ ਦੂਧ ॥

(ਗਉੜੀ ਕਬੀਰ ਜੀ, ਪੰਨਾ ੩੨੪)

ਗੁਰੂ ਨਾਨਕ ਪਾਤਸ਼ਾਹ ਜੀ ਨੇ ਜਾਤ ਪਾਤ ਦੀ ਇਸ ਗੰਦੀ ਵਿਚਾਰਧਾਰਾ ਨੂੰ ਖਤਮ ਕਰਨ ਲਈ ਭਰਪੂਰ ਉਪਰਾਲੇ ਕੀਤੇ। ਆਪ ਜੀ ਨੇ ਜਾਤ ਅਭਿਮਾਨੀ ਲੋਕਾਂ ਨੂੰ ਨਜ਼ਰ-ਅੰਦਾਜ ਕਰਕੇ ਐਲਾਨ ਕਰ ਦਿੱਤਾ ਕਿ ਮੇਰੀ ਦੋਸਤੀ ਹੀ ਨੀਚ ਕਹੇ ਜਾਣ ਵਾਲੇ ਲੋਕਾਂ ਨਾਲ ਹੈ ।

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥

ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥

ਜਿਥੈ ਨੀਚ ਸਮਾਲੀਅਨ ਤਿਥੈ ਨਦਰਿ ਤੇਰੀ ਬਖਸੀਸ ॥

(ਸਿਰੀ ਰਾਗ ਮ. ੧, ਪੰਨਾ ੬੭੧)

ਇਿਨਾਂ ਗੱਲਾਂ ਦੇ ਪ੍ਰਚਾਰ ਲਈ ਆਪ ਜੀ ਨੇ ਹਜ਼ਾਰਾਂ ਮੀਲ ਪੈਦਲ ਸਫ਼ਰ ਤਹਿ ਕੀਤਾ । ਲੋਕਾਂ ਨੂੰ ਸੱਚ ਧਰਮ ਦਾ ਉਪਦੇਸ਼ ਦਿੱਤਾ ਅਤੇ ਅਹਿਸਾਸ ਕਰਵਾਇਆ ਕਿ

ਏਕ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥

(ਸੋਰਠਿ ਮ.੫, ਪੰਨਾ-੬੧੧)

ਆਪ ਜੀ ਨੇ ਸਾਰਿਆਂ ਪਰਚਾਰਕ ਦੌਰਿਆ ਦੌਰਾਨ ਕਹੀ ਜਾਂਦੀ ਅਖੌਤੀ ਮਿਰਾਸੀ ਜਾਤ ਦੇ ਭਾਈ ਮਰਦਾਨਾ ਜੀ ਨੂੰ ਆਪਣੇ ਨਾਲ ਰੱਖਿਆ ਅਤੇ ਜਦੋਂ ਕੋਈ ਜਾਤ ਅਭਿਮਾਨੀ ਪੁਛ ਕਰਦਾ ਕਿ ਇਹ ਕੌਣ ਹਨ ? ਤਾਂ ਆਪ ਜੀ ਕਹਿ ਦੇਂਦੇ ਕਿ ਇਹ ਮੇਰਾ ਗੁਰ ਭਾਈ ਹੈ। ਜੇ ਕਿਸੇ ਨੇ ਗੁਰੂ ਨਾਨਕ ਸਾਹਿਬ ਜੀ ਤੋਂ ਉਹਨਾਂ ਦੀ ਜਾਤ ਬਾਰੇ ਪੁੱਛਿਆ ਤਾਂ ਆਪ ਜੀ ਨੇ ਫੁਰਮਾਇਆ ਕਿ ਉਿਨਾਂ ਦੀ ਕੋਈ ਜਾਤ ਨਹੀਂ ਸਿਰਫ਼ ਪ੍ਰਭੂ ਸ੍ਵਾਂਗੀ ਹਾਂ । ਕਿਸੇ ਵੀ ਹੋਰ ਸ਼ਰੇਣੀ ਵਿੱਚ ਹੋਣ ਦਾ ਕੋਈ ਮਾਨ ਨਹੀਂ ।

" ਤੂੰ ਸਾਹਿਬ, ਹਉਂ ਸਾਂਗੀ ਤੇਰਾ, ਪ੍ਰਣਵੈ ਨਾਨਕ ਜਾਤਿ ਕੈਸੀ ॥"

(ਆਸਾ ਮ.੧, ਪੰਨਾ-੩੫੮)

ਦੂਜੇ ਅਤੇ ਤੀਜੇ ਪਾਤਸ਼ਾਹ ਜੀ ਨੇ ਵੀ ਜਾਤ ਪਾਤ ਦੇ ਕੋਹੜ ਨੂੰ ਖਤਮ ਕਰਨ ਲਈ ਸੰਗਤ ਪੰਗਤ ਦੀ ਮਰਿਆਦਾ ਨੂੰ ਹੋਰ ਮਜ਼ਬੂਤ ਕਰਕੇ ਪ੍ਰਚਾਰਿਆ ।ਜਿਸ ਵਿੱਚ ਬ੍ਰਿਨਾਂ ਕਿਸੇ ਜਾਤ-ਪਾਤ, ਛੂਤ-ਛਾਤ, ਰੰਗ ਨਸਲ ਆਦਿ ਦੇ ਵਿਤਕਰਿਆਂ ਤੋਂ ਸਭ ਮਨੁੱਖ ਇਕੋ ਸੰਗਤ ਅਤੇ ਇੱਕੋ ਪੰਗਤ ਵਿੱਚ ਸਾਂਝੇ ਰੂਪ ਵਿੱਚ ਬੈਠ ਕੇ ਪ੍ਰਸ਼ਾਦਾ ਛਕਣ ਲੱਗ ਪਏ। ਤੀਜੇ ਪਾਤਸ਼ਾਹ ਜੀ ਨੇ ਇਹ ਹੁਕਮ ਕਰ ਦਿੱਤਾ "ਪਹਿਲੇ ਪੰਗਤ ਪਾਛੈ ਸੰਗਤ"। ਗੁਰੂ ਅਮਰਦਾਸ ਜੀ ਨੇ ਗਇੰਦਵਾਲ ਸਾਹਿਬ ਵਿਖੇ ਬਉਲੀ ਦਾ ਨਿਰਮਾਣ ਕੀਤਾ। ਸ੍ਰੀ ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਵਿਖੇ ਜਾਤ ਪਾਤ ਦੇ ਗੜ੍ਹ ਨੂੰ ਤੋੜਨ ਲਈ ਵੱਡੇ-ਵੱਡੇ ਸਰੋਵਰਾਂ ਦਾ ਨਿਰਮਾਣ ਕੀਤਾ । ਜਾਤ-ਪਾਤ ਨੂੰ ਖਤਮ ਕਰਨ ਲਈ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਾਂ ਹਰਿਮੰਦਰ ਸਾਹਿਬ ਜੀ ਦੀ ਨੀਂਹ ਇੱਕ ਮੁਸਲਮਾਨ ਸਾਈਂ ਮੀਆਂ ਮੀਰ ਜੀ ਕੋਲੋਂ ਰਖਵਾ ਕੇ ਇਸ ਗੱਲ ਨੂੰ ਅਮਲੀ ਜਾਮਾ ਪਹਿਨਾ ਦਿੱਤਾ :

ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥

(ਧਨਾਸਰੀ ਮ. ੫, ਪੰਨਾ ੬੭੧)

ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਾਂ ਸਭ ਤੋਂ ਵੱਡਾ ਅਤੇ ਇਨਕਲਾਬੀ ਕਦਮ ਉਸ ਸਮੇਂ ਚੁਕਿਆ, ਜਦੋਂ ਸਰਬ ਮਾਨਵਤਾ ਦੇ ਰਹਿਬਰ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਸੰਪਾਦਨਾ ਕਰ ਕੇ ਬਿਨਾਂ ਕਿਸੇ ਜਾਤ ਪਾਤ, ਰੰਗ-ਨਸਲ, ਭੇਦ-ਭਾਵ, ਦੇਸ਼-ਪ੍ਰਦੇਸ਼ ਆਦਿ ਦੇ ਵਿਤਕਰਿਆਂ ਤੋਂ ੩੫ ਮਹਾਂਪੁਰਸ਼ਾਂ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਕਰਕੇ

"ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ।

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥"

(ਪ੍ਰਭਾਤੀ ਭਗਤ ਕਬੀਰ ਜੀ, ਪੰਨਾ ੧੩੪ )

ਦੇ ਮਹਾਂਵਾਕ ਅਨੁਸਾਰ ਸਰਬ ਮਾਨਵਤਾ ਨੂੰ ਇੱਕ ਅਕਾਲ ਪੁਰਖ ਦੀ ਔਲਾਦ ਹੋਣ ਦਾ ਅਹਿਸਾਸ ਕਰਵਾਇਆ

ਦਸਮੇਸ਼ ਪਾਤਸ਼ਾਹ ਨੇ ਸੁਨਿਆਰੇ ਦੀ ਸੋ ਠੱਕ-ਠੱਕ ਨਾਲੋਂ ਲੁਹਾਰ ਦੀ ਇੱਕੋ ਠਾਹ ਨਾਲ ਜਾਤ-ਪਾਤ ਦੇ ਇਸ ਮਜਬੂਤ ਕਿਲ੍ਹੇ ਨੂੰ ਢਾਹ ਢੇਰੀ ਕਰ ਦਿੱਤਾ। ਜਦੋਂ ਸਾਰੀਆਂ ਜਾਤਾਂ ਦੇ ਲੋਕਾਂ ਨੂੰ ਇੱਕੋ ਬਾਟੇ ਵਿੱਚੋਂ ਅੰਮ੍ਰਿਤ ਛਕਾ ਕੇ, ਇੱਕੋ ਪਿਤਾ ਗੁਰੂ ਗੋਬਿੰਦ ਸਿੰਘ, ਇੱਕ ਮਾਤਾ ਸਾਹਿਬ ਕੌਰ , ਇਕੋ ਜਨਮ ਅਸਥਾਨ ਸ਼੍ਰੀ ਕੇਸਗੜ੍ਹ ਸਾਹਿਬ ਅਤੇ ਵਾਸੀ ਸ੍ਰੀ ਅਨੰਦਪੁਰ ਸਾਹਿਬ ਬਣਾ ਕੇ ਆਪ ਖ਼ਾਲਸੇ ਵਿੱਚ ਸਮੋ ਗਏ । ਗੁਰੂ ਜੀ ਨੇ ਮਨੁੱਖਤਾ ਵਿੱਚ ਪਈਆਂ ਵੰਡੀਆਂ ਦਾ ਹਮੇਸ਼ਾਂ-ਹਮੇਸ਼ਾਂ ਲਈ ਭੋਗ ਪਾ ਦਿੱਤਾ। ਪਰ ਅੱਜ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਅੱਜ ਅਸੀਂ ਲੋਕਾਈ ਨੂੰ ਗੁਰਮਤਿ ਦੀ ਰੋਸ਼ਨੀ ਵਿੱਚ "ਸਭੇ ਸਾਂਝੀਵਾਲ ਸਦਾਇਨਿ" ਦੇ ਉਪਦੇਸ਼ ਨਾਲ ਤਾਂ ਕੀ ਜਾਗ੍ਰਿਤ ਕਰਨਾ ਸੀ, ਖੁਦ ਹੀ ਦੁਰਮਤ ਦੇ ਹਨ੍ਹੇਰੇ ਵਿੱਚ ਫਸ ਕੇ ਕੌਮ ਨੂ ਖੇਰੂੰ-ਖੇਰੂੰ ਕਰਕੇ ਰੱਖ ਦਿੱਤਾ ਹੈ। ਅੱਜ ਸਤਿਗੁਰੂ ਜੀ ਦੀਆਂ ਸਿੱਖਿਆਵਾਂ ਨੂੰ ਭੁਲਾ ਕੇ ਅਸੀਂ ਆਪਣੇ ਨਾਵਾਂ ਪਿੱਛੇ 'ਸਿੰਘ' ਜਾਂ 'ਕੌਰ' ਲਗਾਉਣ ਦੀ ਥਾਂ ਆਪਣੀਆਂ ਜਾਤਾਂ/ਗੋਤਾਂ ਆਦਿ ਲਿਖਵਾ ਕੇ ਆਪਣੇ ਆਪ ਨੂੰ ਉੱਚਾ ਦੱਸਣ ਦਾ ਯਤਨ ਕਰ ਰਹੇਂ ਹਾਂ। ਜਦਕਿ ਸਗ੍ਰਿਰੂ ਜੀ ਦੇ ਬਚਨ ਹਨ:

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥ ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥

(ਭੈਰਉ ਮ. ੩, ਪੰਨਾ ੧੧੨੭)

ਨੌਜਵਾਨ ਵੀ ਆਪਣੇ ਨਾਵਾਂ ਪਿੱਛੇ ਸਿੰਘ ਜਾਂ ਕੌਰ ਲਿਖਵਾਉਣ ਦੀ ਥਾਂ ਆਪਣੀ ਜਾਤ, ਗੋਤ ਨੂੰ ਪਹਿਲ ਦੇ ਰਹੇ ਹਨ। ਜੋ ਕਿ ਨਿਰਾਸ਼ਾਜਨਕ ਕਾਰਾਵਾਈ ਹੈ। ਇੱਥੋਂ ਤੱਕ ਕਿ ਅੱਜ ਸਿੱਖੀ ਦੇ ਕੇਂਦਰ ਗੁਰੂ ਦੇ ਦੁਆਰੇ ਨਾ ਹੋ ਕੇ ਵੱਖੋ-ਵੱਖ ਬਰਦਾਰੀਆਂ ਦੇ ਗੁਰਦੁਆਰੇ ਬਣ ਗਏ ਹਨ। ਘਰਾਂ ਵਿੱਚ ਬੱਚੇ-ਬੱਚੀਆਂ ਦੇ ਰਿਸ਼ਤਿਆਂ ਵੇਲੇ ਸਭ ਤੋਂ ਪਹਿਲਾਂ ਜਾਤ ਪੁੱਛੀ ਜਾਂਦੀ ਹੈ ਬਾਕੀ ਸਭ ਬਾਅਦ ਵਿੱਚ ਪਰ ਯਾਦ ਰਖਿਓ ਸਤਿਗੁਰੂ ਜੀ ਦੇ ਪਾਵਨ ਬਚਨ ਹਨ:

ਜਾਣਹੁ ਜੋਤਿ ਨ ਪੂਛਹੁ ਜਾਤੀ ਆਗੇ ਜਾਤਿ ਨ ਹੇ ॥

(ਆਸਾ ਮ ੧, ਪੰਨਾ ੩੪੯ )

ਅਗੈ ਜਾਤਿ ਨ ਜੋਰੁ ਹੈ, ਅਗੈ ਜੀਉ ਨਵੇ ॥

(ਵਾਰ-ਆਸਾ ਮ ੧, ਪੰਨਾ ੪੬੯)

ਜਿੰਨਾ ਮਹਾਨ ਸਿਧਾਂਤਾਂ ਦੀ ਖਾਤਿਰ ਦਸਮੇਸ਼ ਪਿਤਾ ਜੀ ਨੇ ਆਪਣਾ ਸਰਬੰਸ ਵਾਰ ਕੇ ਸਾਨੂੰ ਸਰਦਾਰੀ ਬਖ਼ਸ਼ਸ਼ ਕੀਤੀ ਸੀ, ਅਤੇ ਕਿਹਾ ਸੀ :

ਜਿਨਕੀ ਜਾਤ ਔਰ ਕੁਲ ਮਾਹੀ, ਸਰਦਾਰੀ ਨ ਭਈ ਕਦਾਹੀਂ,

ਇਨਕੀ ਕੋ ਸਰਦਾਰ ਬਣਾਊਂ, ਇਨਹੀਂ ਸੇ ਰਾਜੇ ਉਪਜਾਊਂ,

ਰਾਜ ਕਰਨ ਕੀ ਰੀਤ ਸਿਖਾਊਂ, ਤਬੈ ਗੋਬਿੰਦ ਸਿੰਘ ਨਾਮ ਕਹਾਊਂ ।

ਜਦੋਂ ਪਹਾੜੀ ਅਤੇ ਜਾਤ ਅਭਿਮਾਨੀ ਲੋਕਾਂ ਨੇ ਗੁਰੂ ਸਾਹਿਬ ਅੱਗੇ ਸ਼ਰਤ ਰੱਖੀ ਸੀ ਕਿ ਸਤਿਗੁਰੂ ਜੀ, ਜੇ ਤੁਸੀਂ ਇਿਨਾਂ ਸਾਰੇ ਗਰੀਬ ਤੇ ਸ਼ੂਦਰ ਲੋਕਾਂ ਨੂੰ ਪੰਥ ਵਿੱਚੋਂ ਕੱਢ ਦੇਵੋ ਤਾਂ ਅਸੀ ਵੱਡੇ-ਵੱਡੇ ਸਾਰੇ ਲੋਕ ਤੁਹਾਡੇ ਸਿੱਖ ਬਣ ਜਾਵਾਂਗੇ । ਪਰ ਮਨੁੱਖਤਾ ਦੇ ਰਹਿਬਰ ਦਸਮੇਸ਼ ਪਿਤਾ ਜੀ ਨੇ ਕਹਿ ਦਿੱਤਾ ਸੀ ਕਿ ਜਾਤ ਅਭਿਮਾਨੀ ਲੋਕੋ ! ਮੈਂ ਤੁਹਾਡੀ ਇਹ ਸ਼ਰਤ ਹਰਗਿਜ਼ ਮੰਨਣ ਲਈ ਤਿਆਰ ਨਹੀਂ। ਸਤਿਗੁਰੂ ਜੀ ਨੇ ਉਿਨਾਂ ਲੋਕਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ ਅਤੇ ਅੰਮ੍ਰਿਤ ਦੇ ਬਾਟੇ ਵਿੱਚ ਵੰਡੀਆਂ ਨਹੀਂ ਪੈਣ ਦਿੱਤੀਆਂ ।

ਪਰ ਅਫ਼ਸੋਸ, ਅਤਿ ਅਫ਼ਸੋਸ ਅੱਜ ਉਿਨਾਂ ਸਿੱਖਾਂ ਦੇ ਜਿਹੜੇ ਜਿਹੜੇ ਅੱਜ ਸਿੱਖੀ ਦੇ ਠੇਕੇਦਾਰ ਬਣੇ ਹੋਏ ਹਨ ਅੰਮ੍ਰਿਤ ਦੀ ਮਹਾਨ ਮਰਿਯਾਦ ਅਤੇ ਅੰਮ੍ਰਿਤ ਦੇ ਬਾਟੇ ਨੂੰ ਵੀ ਵੰਡ ਕੇ ਅੰਮ੍ਰਿਤ ਤਿਆਰ ਕਰ ਕੇ ਛਕਾ ਰਹੇ ਹਨ। ਅੱਜ ਸਾਡੇ ਧਾਰਮਿਕ ਅਤੇ ਰਾਜਨੀਤਿਕ ਲੀਡਰਾਂ ਦੀ ਚੋਣ ਹੀ ਬਰਾਦਰੀਆਂ ਜਾਂ ਜਾਤਾਂ ਪਾਤਾਂ ਦੇ ਆਧਾਰ ਤੇ ਹੁੰਦੀ ਹੈ। ਸਿਰਫ ਵੋਟਾਂ ਦੀ ਖਾਤਿਰ ਕੌਮ ਵਿੱਚ ਜਾਤ-ਪਾਤ ਤੇ ਅਧਾਰਿਤ ਵੰਡੀਆਂ ਪਾਈਆਂ ਜਾ ਰਹੀਆਂ ਹਨ।

ਆਓ ! ਗੁਰਬਾਣੀ ਤੋਂ ਸੇਧ ਲੈ ਕੇ ਆਪਣੀ ਚੌਧਰ ਨੂੰ ਤਿਆਗਣ ਦਾ ਮਨ ਬਣਾਈਏ ਅਤੇ ਗੁਰਮਤਿ ਵਿਚਾਰਧਾਰਾ ਨੂੰ ਸਿੱਖਣ, ਸਮਝਣ ਅਤੇ ਅਪਨਾਉਣ ਲਈ ਜਤਨ ਅਰੰਭ ਕਰੀਏ।



**ਇਕਵਾਕ ਸਿੰਘ ਪੱਟੀ**
**ਸੁਲਤਾਨਵਿੰਡ ਰੋਡ, ਅੰਮ੍ਰਿਤਸਰ।**

# ਗੁਰਬਾਣੀ ਵਿੱਚ ਰਾਗਾਂ ਦੀ ਮਹੱਤਤਾ



ਗੁਰੂ ਗ੍ਰੰਥ ਸਾਹਿਬ ਦੁਨੀਆਂ ਦਾ ਇੱਕੋ ਇੱਕ ਅਜਿਹਾ ਧਾਰਮਿਕ ਗ੍ਰੰਥ ਹੈ, ਜਿਹੜਾ ਸਾਰੇ ਦਾ ਸਾਰਾ ਰਾਗਬੱਧ ਹੈ (ਜਪੁ ਜੀ ਸਾਹਿਬ, ਸ਼ਲੋਕ ਵਾਰਾਂ ਅਤੇ ਕੁਝ ਹੋਰ ਬਾਣੀ ਨੂੰ ਛੱਡ ਕੇ)। ਗੁਰੂ ਗ੍ਰੰਥ ਸਾਹਿਬ ਵਿਚ ਭਾਰਤੀ ਸ਼ਾਸਤਰੀ ਸੰਗੀਤ ਦੇ 31 ਸ਼ੁੱਧ ਰਾਗ ਦਰਜ ਹਨ, ਜਿਨ੍ਹਾਂ ਵਿੱਚ 6 ਗੁਰੂ ਸਾਹਿਬਾਨ, 15 ਭਗਤਾਂ, 11 ਭੱਟਾਂ ਅਤੇ ਚਾਰ ਗੁਰਸਿੱਖਾਂ ਦੀ ਬਾਣੀ ਅੰਕਿਤ ਹੈ। ਗੁਰੂ ਗ੍ਰੰਥ ਸਾਹਿਬ ਵਿਚ ਅੰਤਿਕਾ ਵਜੋਂ ਦਰਜ ਰਾਗਾਮਾਲਾ ਵਿੱਚ ਗੁਰੂ ਗ੍ਰੰਥ ਸਾਹਿਬ ਅੰਦਰ ਵਰਤੇ ਗਏ ਰਾਗਾਂ ਤੋਂ ਇਲਾਵਾ ਹੋਰ ਪ੍ਰਚਲਿਤ ਅਤੇ ਅਪ੍ਰਚਲਿਤ ਰਾਗਾਂ ਅਤੇ ਰਾਗਣੀਆਂ ਦਾ ਉਲੇਖ ਕੀਤਾ ਗਿਆ ਹੈ। ਕੁੱਲ ਗਿਣਤੀ 18, 10 ਅਤੇ ਬੀਸ ਵਰਣਨ ਕੀਤੀ ਗਈ ਹੈ।

ਗੁਰੂ ਸਾਹਿਬਾਨ ਨੇ ਬਾਣੀ ਉਚਾਰਨ ਕਰਦਿਆਂ ਰਾਗਾਂ ਨੂੰ ਵਿਸ਼ੇਸ਼ ਸਥਾਨ ਦੇ ਕੇ ਇਨ੍ਹਾਂ ਦੀ ਸ੍ਰੇਸ਼ਠਤਾ ਦਾ ਬਖ਼ਾਨ ਕੀਤਾ ਹੈ, ਜਿਵੇਂ: ਰਾਗ ਨਾਦ ਸਬਦਿ ਸੋਹਣੇ।

- ਰਾ.ਗ ਰਤਨ ਪਰਿਵਾਰ ਪਰੀਆ ਸਬਦ ਗਾਵਨ

(ਰਾਮਕਲੀ ਰਾਗ)

- ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ।

ਸ੍ਰੀ ਰਾਗ: ਇਸ ਰਾਗ ਨੂੰ ਰਾਗਾਂ ਸਿਰ ਰਾਗ ਮੰਨਿਆ ਜਾਂਦਾ ਹੈ; ਭਾਵ ਇਹ ਗੁਰੂ ਗ੍ਰੰਥ ਸਾਹਿਬ ਦਾ ਪ੍ਰਥਮ ਰਾਗ ਹੈ। ਪੁਰਾਤਨ ਰਾਗੀ ਬੜੀ ਮਿਹਨਤ ਅਤੇ ਰਿਆਜ਼ ਨਾਲ ਇਸ ਦਾ ਗਾਇਨ ਕਰਦੇ ਸਨ। ਇਸ ਰਾਗ ਦੇ ਗਾਇਨ ਦਾ ਸਮਾਂ ਸ਼ਾਮ ਦਾ ਹੈ। ਇਸ ਰਾਗ ਦੀ ਉਪਮਾ ਗੁਰੂ ਗ੍ਰੰਥ ਸਾਹਿਬ ਵਿਚ ਇਸ ਪ੍ਰਕਾਰ ਕੀਤੀ ਗਈ ਹੈ: ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ ॥

ਭਾਵਿ ਸੱਚੇ ਮਨੋ ਅਤੇ ਪਿਆਰ ਭਾਵਨਾ ਨਾਲ ਇਸ ਰਾਗ ਨੂੰ ਗਾਇਆ ਜਾਵੇ ਕਿਉਂਕਿ ਗੁਰੂ ਸਾਹਿਬ ਮੁਤਾਬਿਕ ਇਹ ਪ੍ਰਧਾਨ ਰਾਗ ਹੈ।

ਗਉੜੀ: ਵਿਦਵਾਨਾਂ ਮੁਤਾਬਿਕ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਗਉੜੀ ਦੇ ਕਈ ਪ੍ਰਕਾਰ ਹਨ, ਜਿਨ੍ਹਾਂ ਦੀ ਗਿਣਤੀ ਵਿਦਵਾਨ 11 ਤੱਕ ਦੱਸਦੇ ਹਨ ਜਿਵੇਂ ਗਉੜੀ ਬੈਰਾ.ਗਣਿ, ਗਉੜੀ ਚੇਤੀ, ਗਉੜੀ ਦੱਖਣੀ, ਗਉੜੀ ਦੀਪਕੀ, ਗਉੜੀ ਮਾਝ, ਗਉੜੀ ਪੂਰਬੀ, ਗਉੜੀ ਗੁਆਰੇਰੀ, ਗਉੜੀ ਮਾਲਵਾ, ਗਉੜੀ ਸੋਰਠ ਅਤੇ ਗਉੜੀ ਮਾਲਾ ਆਦਿ। ਇਸ ਰਾਗ ਦੇ ਗਾਇਨ ਦਾ ਸਮਾਂ ਸ਼ਾਮ ਦਾ ਹੈ। ਇਸ ਰਾਗ ਦੀ ਉਪਮਾ ਇਸ ਪ੍ਰਕਾਰ ਕੀਤੀ ਗਈ ਹੈ: ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ ॥

ਰਾਗਿ ਵਡਹੰਸ: ਇਸ ਨੂੰ ਭਾਵੇਂ ਗੁਰੂ ਗ੍ਰੰਥ ਸਾਹਿਬ ਵਿਚ ਵੱਡੀ ਮਹੱਤਤਾ ਦਿੱਤੀ ਗਈ ਹੈ, ਪਰ ਭਾਰਤੀ ਸ਼ਾਸਤਰੀ ਸੰਗੀਤ ਵਿਚ ਇਸ ਦਾ ਗਾਇਨ ਬਹੁਤਾ ਪ੍ਰਚੱਲਿਤ ਨਹੀਂ। ਇਸ ਰਾਗ ਦੇ ਗਾਇਨ ਦਾ ਸਮਾਂ ਦਿਨ ਦਾ ਦੂਜਾ ਪਹਿਰ ਹੈ। ਇਸ ਰਾਗ ਦਾ ਬਖ਼ਾਨ ਗੁਰਬਾਣੀ ਵਿਚ ਇਸ ਪ੍ਰਕਾਰ ਕੀਤਾ ਗਿਆ ਹੈ:

ਸਬਦਿ ਰਤੇ ਵਡ ਹੰਸ ਹੈ ਸਚੁ ਨਾਮੁ ਉਰਿ ਧਾਰਿ।

ਰਾਗਿ ਸੋਰਠ: ਇਹ ਵੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਮੁੱਖ ਰਾਗ ਹੈ। ਇਸ ਦਾ ਗਾਇਨ ਸਮਾਂ ਰਾਤ ਦਾ ਦੂਜਾ ਪਹਿਰ ਹੈ। ਇਸ ਦੀ ਉਪਮਾ ਗੁਰਬਾਣੀ ਇਸ ਪ੍ਰਕਾਰ ਕਰਦੀ ਹੈ:

ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ ॥

ਅਤੇ

ਸੋਰਠਿ ਤਾਮਿ ਸੁਹਾਵਣੀ ਜਾ ਹਰਿ ਨਾਮੁ ਢੰਢੋਲੇ ॥

ਧਨਾਸਰਿ ਰਾਗ: ਗੁਰਬਾਣੀ ਵਿਚ ਇਸ ਨੂੰ ਪ੍ਰਮੁੱਖ ਸਥਾਨ ਹਾਸਲ ਹੈ। ਇਸ ਦਾ ਗਾਇਨ ਸਮਾਂ ਦਿਨ ਦਾ ਤੀਜਾ ਪਹਿਰ ਹੈ। ਗੁਰਬਾਣੀ ਵਿਚ ਇਸ ਦਾ ਜ਼ਿਕਰ ਇਸ ਪ੍ਰਕਾਰ ਹੈ: ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ ॥

ਰਾਗ ਬਿਲਾਵਲ: ਇਸ ਰਾਗ ਦੇ ਗਾਇਨ ਦਾ ਸਮਾਂ ਦਿਨ ਦਾ ਪਹਿਲਾ ਪਹਿਰ ਹੈ।

ਆਸਾ ਦੀ ਵਾਰ ਦੀ ਚੌਕੀ ਤੋਂ ਬਾਅਦ ਹਰਿਮੰਦਰ ਸਾਹਿਬ ਵਿਖੇ ਬਿਲਾਵਲ ਦੀ ਚੌਕੀ ਦੀ ਮਰਿਯਾਦਾ ਹੈ। ਇਸ ਦੀ ਉਪਮਾ ਹੇਠ ਲਿਖੇ 7 ਪ੍ਰਮਾਣ ਬਖ਼ਾਨ ਕਰਦੇ ਹਨ:

- ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ ।
- ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ ॥
- ਦੂਜੇ ਭਾਇ ਬਿਲਾਵਲੁ ਨ ਹੋਵਈ ਮਨਮੁਖਿ ਥਾਇ ਨ ਪਾਇ ॥
- ਬਿਲਾਵਲੁ ਕਰਿਹੁ ਤੁਮ ਪਿਆਰਿਹੋ ਏਕਸੁ ਸਿਉ ਲਿਵ ਲਾਇ ॥
- ਸਦਾ ਬਿਲਾਵਲੁ ਅਨੰਦੁ ਹੈ ਜੇ ਚਲਹਿ ਸਤਿਗੁਰ ਭਾਇ ॥
- ਵੁਠੇ ਹੋਇਐ ਹੋਇ ਬਿਲਾਵਲੁ ਜੀਆ ਜੁਗਤਿ ਸਮਾਣੀ ॥
- ਤਿਤੁ ਘਰਿ ਬਿਲਾਵਲੁ ਗੁਰ ਸਬਦਿ ਸੁਹਾਏ ॥

ਰਾਗ ਰਾਮ ਕਲੀ: ਇਹ ਵੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਮੁੱਖ ਰਾਗ ਹੈ। ਇਸ ਦੇ ਗਾਇਨ ਦਾ ਸਮਾਂ ਦਿਨ ਦਾ ਪਹਿਲਾ ਪਹਿਰ ਹੈ। ਹਰਿਮੰਦਰ ਸਾਹਿਬ 'ਚ ਅਨੰਦ ਦੀ ਚੌਕੀ ਲੱਗਦੀ ਹੈ। ਇਸ ਸਬੰਧੀ ਗੁਰਬਾਣੀ ਦਾ ਫਰਮਾਨ ਹੈ :

ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ ॥

ਰਾਗ ਮਾਰੂ: ਗੁਰੂ ਗ੍ਰੰਥ ਸਾਹਿਬ ਵਿਚ ਇਸ ਦੇ ਤਿੰਨ ਪ੍ਰਕਾਰ ਹਨ; ਰਾਗ ਮਾਰੂ, ਕਾਫੀ ਅਤੇ ਮਾਰੂ ਦੱਖਣੀ। ਇਨ੍ਹਾਂ ਦੇ ਗਾਇਨ ਦਾ ਸਮਾਂ ਕ੍ਰਮਵਾਰ ਦਿਨ ਦਾ ਤੀਜਾ ਪਹਿਰ, ਰਾਤ ਦਾ ਪਹਿਲਾ ਪਹਿਰ ਅਤੇ ਦਿਨ ਦਾ ਪਹਿਲਾ ਪਹਿਰ ਹੈ। ਮਾਰੂ ਰਾਗ ਦੀ ਉਪਮਾ ਗੁਰਬਾਣੀ ਵਿਚ ਇਸ ਪ੍ਰਕਾਰ ਕੀਤੀ ਗਈ ਹੈ:

ਜੀਤੇ ਪੰਚ ਬੈਰਾਈਆ ਨਾਨਕ ਸਫਲ ਮਾਰੂ ਇਹੁ ਰਾਗੁ ॥

ਰਾਗ ਕੇਦਾਰਾ: ਇਸ ਦੇ ਗਾਇਨ ਦਾ ਸਮਾਂ ਰਾਗ ਦਾ ਪਹਿਲਾਂ ਪਹਿਰ ਹੈ। ਇਸ ਦੀ ਮਹੱਤਤਾ ਨੂੰ ਗੁਰਬਾਣੀ ਇਉਂ ਉਜਾਗਰ ਕਰਦੀ ਹੈ: ਕੇਦਾਰਾ ਰਾਗਾ ਵਿਚਿ ਜਾਣੀਐ ਭਾਈ ਸਬਦੇ ਕਰੇ ਪਿਆਰੁ ॥

ਰਾਗ ਮਲਾਰੁ: ਰਾਤ ਦੇ ਤੀਜੇ ਪਹਿਰ ਵਿਚ ਗਾਏ ਜਾਣ ਵਾਲੇ ਇਸ ਰਾਗ ਨੂੰ ਖੇੜਾ ਅਤੇ ਸੀਤਲਤਾ ਪ੍ਰਦਾਨ ਕਰਨ ਵਾਲਾ ਰਾਗ ਮੰਨਦਿਆ ਇਉਂ ਫਰਮਾਨ ਕੀਤਾ ਗਿਆ ਹੈ:

- ਮਲਾਰੁ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ ॥
- ਗੁਰਮੁਖਿ ਮਲਾਰ ਰਾਗੁ ਜੋ ਕਰਹਿ ਤਿਨ ਮਨੁ ਤਨੁ ਸੀਤਲੁ ਹੋਇ ॥

ਤੀਰਥ ਸਿੰਘ ਢਿੱਲੋਂ
ਸੰਪਰਕ: 98154-61710




# ਡੂੰਘੀ ਮਨੋਵਿਗਿਆਨਕ ਸੂਝ ਦੇ ਮਾਲਕ ਗੁਰੂ ਗੋਬਿੰਦ ਸਿੰਘ ਜੀ

ਉੱਨੀਵੀਂ ਸਦੀ ਦੇ ਪ੍ਰਸਿੱਧ ਇਤਿਹਾਸਕਾਰ ਸੱਯਦ ਮੁਹੰਮਦ ਲਤੀਫ਼ ਦਾ ਕਥਨ ਹੈ, ਗੁਰੂ ਗੋਬਿੰਦ ਸਿੰਘ ਜੰਗ ਦੇ ਮੈਦਾਨ ਵਿਚ ਇਕ ਜੇਤੂ ਯੋਧਾ, ਮਸਨਦ ਉੱਤੇ ਸਹਿਨਸ਼ਾਹ,ਗੁਰੂ ਰੂਪ ਵਿਚ ਗਿਆਨ ਦਾ ਦਾਤਾ ਅਤੇ ਖਾਲਸੇ ਦੀ ਸੰਗਤ ਵਿਚ ਫ਼ਕੀਰ ਸੀ। ਪਰ ਗੱਲ ਇਥੇ ਹੀ ਖਤਮ ਨਹੀਂ ਹੁੰਦੀ- ਗੁਰੂ ਸਾਹਿਬ ਦੀ ਸ਼ਖ਼ਸੀਅਤ ਨਾਲ ਕੁਝ ਹੋਰ ਅਹਿਮ ਤੱਥ ਵੀ ਜੁੜੇ ਹੋਏ ਸਨ। ਆਪ ਇਕ ਉੱਚ ਕੋਟੀ ਦੇ ਕਵੀ, ਮਹਾਨ ਫ਼ਿਲਾਸਫਰ, ਮਨੋਵਿਗਿਆਨੀ ਅਤੇ ਮਨੋ-ਵਿਸ਼ਲੇਸ਼ਕ ਸਨ। ਗੱਲ ਕੀ, ਉਹ ਕਿਹੜੀ ਇਨਸਾਨੀ ਖ਼ੂਬੀ ਹੋਵੇਗੀ, ਜੋ ਉਨ੍ਹਾਂ ਦੀ ਸ਼ਖ਼ਸੀਅਤ ਦੇ ਵਿਸ਼ਾਲ ਘੇਰੇ ਵਿਚ ਨਹੀਂ ਆਉਂਦੀ ਹੋਵੇਗੀ ?

ਗੁਰੂ ਗੋਬਿੰਦ ਸਿੰਘ ਮਨਸੂਬਾਬੰਦੀ ਕਰਨ ਵਿਚ ਕਮਾਲ ਦੀ ਮੁਹਾਰਤ ਰੱਖਦੇ ਸਨ। ਆਨੰਦਪੁਰ ਸਾਹਿਬ ਵਰਗੇ ਢੁਕਵੇਂ ਸਥਾਨ ਨੂੰ ਆਪਣੀਆਂ ਸਰਗਰਮੀਆਂ ਦਾ ਕੇਂਦਰ ਬਣਾਉਣਾ, ਉਨ੍ਹਾਂ ਦੀ ਜੰਗੀ ਸੂਝ ਵੱਲ ਸੰਕੇਤ ਕਰਦਾ ਹੈ। ਫਿਰ, ਆਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਉਪਰੰਤ ਪਿੱਛਾ ਕਰ ਰਹੀ ਟਿੱਡੀ ਦਲ ਮੁਗ਼ਲ ਫੌਜ ਨੂੰ ਠੱਲ੍ਹਣ ਲਈ ਤੱਤ-ਭੜੱਤ ਵਿਚ ਉੱਚੀ ਥਾਂ ਤੇ ਇਕ ਕੱਚੀ ਹਵੇਲੀ (ਚਮਕੌਰ ਦੀ ਗੜ੍ਹੀ) ਵਿਚ ਮੋਰਚੇ ਸੰਭਾਲ ਲੈਣਾ ਅਤੇ ਦੁਸ਼ਮਣ ਦੇ ਭੀੜੇ ਘੇਰੇ ਨੂੰ ਚੀਰ ਕੇ ਸਪੱਸ਼ਟ ਨਿਕਲ ਜਾਣਾ, ਉਨ੍ਹਾਂ ਦੀ ਫ਼ੌਜੀ ਸੂਝ ਦਾ ਸਿਖਰ ਕਿਹਾ ਜਾ ਸਕਦਾ ਹੈ। ਉਂਜ ਵੀ ਆਨੰਦਪੁਰ ਸਾਹਿਬ ਤੋਂ ਚੱਲ ਕੇ ਦਮਦਮਾ ਸਾਹਿਬ ਤਕ ਅੱਪੜਨ ਦੀ ਦਾਸਤਾਨ, ਮਾਣ, ਗੌਰਵ ਤੇ ਅਣਖ ਦੀ ਕਹਾਣੀ ਹੈ। ਇਕੋ ਹਫ਼ਤੇ ਵਿਚ ਜਿਗਰ ਦੇ ਚਾਰ ਟੋਟੇ ਕੁਰਬਾਨ ਕਰਕੇ ਉਫ਼ ਤਕ ਨਾ ਕਹਿਣਾ ਅਤੇ ਸਮੇਂ ਦੇ ਸ਼ਕਤੀਸ਼ਾਲੀ ਮੁਗ਼ਲ ਸਮਰਾਟ, ਔਰੰਗਜ਼ੇਬ ਨੂੰ ਠੋਕਵੀਂ ਜ਼ੁਬਾਨ ਵਿਚ ਵਿਜੈ-ਪੱਤਰ ਲਿਖਣਾ, ਉਨ੍ਹਾਂ ਦੀ ਮਹਾਨ ਸ਼ਖ਼ਸੀਅਤ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦਾ ਹੈ। (ਗੁਰੂ ਸਾਹਿਬ ਵੱਲੋਂ ਔਰੰਗਜ਼ੇਬ ਦੇ ਨਾਂ ਲਿਖੀ ਇਹ ਇਤਿਹਾਸਕ ਚਿੱਠੀ, ਜ਼ਫ਼ਰਨਾਮਾ ਦੇ ਨਾਂ ਨਾਲ ਪ੍ਰਸਿੱਧ ਹੈ। ਫ਼ਾਰਸੀ ਸ਼ਿਅਰਾਂ ਵਿਚ ਲਿਖਿਆ ਇਹ ਪੱਤਰ, ਇਕ ਉੱਚ ਪੱਧਰੀ ਕਾਵਿ-ਰਚਨਾ ਹੈ, ਜਿਸ ਦਾ ਹਰ ਸ਼ਿਅਰ ਅਣਖ, ਸਵੈਮਾਨ ਅਤੇ ਅਕਾਲ ਪੁਰਖ ਤੇ ਭਰੋਸੇ ਦੀ ਗੱਲ ਕਰਦਾ ਹੈ।)

ਗੁਰੂ ਸਾਹਿਬ ਦਾ ਜੀਵਨ ਯੁੱਗ-ਪਲਟਾਊ ਘਟਨਾਵਾਂ ਦੀ ਕਹਾਣੀ ਹੈ। ਇਨ੍ਹਾਂ ਘਟਨਾਵਾਂ ਦੇ ਪਿੱਛੇ ਹੋਰ ਗੱਲਾਂ ਤੋਂ ਇਲਾਵਾ ਗੁਰੂ ਸਾਹਿਬ ਦੀ ਮਨੋਵਿਗਿਆਨਕ ਸੂਝ ਤੇ ਦੂਰਅੰਦੇਸ਼ੀ ਪ੍ਰਤੱਖ ਰੂਪ ਵਿਚ ਕੰਮ ਕਰਦੀ ਨਜ਼ਰ ਆਉਂਦੀ ਹੈ। ਪੰਜ ਪਿਆਰਿਆਂ ਦੀ ਸਿਰਜਣਾ (ਖਾਲਸਾ ਪੰਥ ਦੀ ਸਿਰਜਣਾ) ਤੋਂ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਦੀ ਚੋਣ ਕਰਨ ਤਕ ਗੁਰੂ ਸਾਹਿਬ ਦੀ ਮਨੋਵਿਗਿਆਨਕ ਸੂਝ ਹਰ ਥਾਂ ਉੱਭਰ ਕੇ ਸਾਹਮਣੇ ਆਉਂਦੀ ਹੈ।

ਭਾਰਤ ਦੇ ਇਤਿਹਾਸ ਵਿਚ ਗੁਰੂ ਗੋਬਿੰਦ ਸਿੰਘ ਜੀ ਚੜ੍ਹਦੀ ਕਲਾ ਦੇ ਮੁਜੱਸਮੇ ਮੰਨੇ ਜਾਂਦੇ ਹਨ। ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਚੜ੍ਹਦੀ ਕਲਾ ਦਾ ਨਾਅਰਾ ਦਿੱਤਾ ਅਤੇ ਨਿਸਚੈ ਕਰਿ ਅਪੁਨੀ ਜੀਤ ਕਰੋਂ ਦਾ ਸਬਕ ਕੰਠ ਕਰਵਾਇਆ। ਲਿਤਾੜੀ ਤੇ ਸਾਹ-ਸਤ ਗੁਆ ਚੁਕੀ ਭਾਰਤੀ ਜਨਤਾ ਨੂੰ ਚੜ੍ਹਦੀ ਕਲਾ ਦਾ ਨਾਅਰਾ ਦੇਣਾ ਸਮੇਂ ਦੀ ਮੰਗ ਸੀ, ਕਿਉਂਕਿ ਢਹਿੰਦੀ ਕਲਾ ਚ ਜਾ ਰਹੀ ਕੌਮ ਤੋਂ ਕਿਸੇ ਠੋਸ ਪ੍ਰਾਪਤੀ ਦੀ ਆਸ ਨਹੀਂ ਸੀ ਕੀਤੀ ਜਾ ਸਕਦੀ। ਦੂਜਾ, ਹਾਲਾਤ ਤੇ ਮੌਕੇ ਅਨੁਸਾਰ ਗੁਰੂ ਸਾਹਿਬ ਨੇ ਸਿੱਖ ਪੰਥ ਲਈ ਕੁਝ ਨਵੇਂ ਸਿਧਾਂਤ ਘੜ੍ਹੇ ਅਤੇ ਉਨ੍ਹਾਂ ਤੇ ਅਮਲ ਕਰਨਾ ਸਿਖਾਇਆ। ਇਨ੍ਹਾਂ ਰਵਾਇਤਾਂ ਦੀ ਸੁੰਦਰ ਮਾਲਾ ਵਿਚ ਅਰਦਾਸਾ ਸੋਧਣ ਦਾ ਕੀਮਤੀ ਮਣਕਾ ਵਿਸ਼ੇਸ਼ ਮਹੱਤਤਾ ਰੱਖਦਾ ਹੈ। (ਉਂਜ ਅਕਾਲ ਪੁਰਖ ਅੱਗੇ ਬੰਦਨਾ ਕਰਨ ਜਾਂ ਅਰਦਾਸ ਕਰਨ ਦੀ ਰੀਤ ਸਿੱਖ ਜਗਤ ਵਿਚ ਉਨੀ ਹੀ ਪੁਰਾਣੀ ਹੈ, ਜਿੰਨਾ ਸਿੱਖ ਪੰਥ।)

ਦੁਬਿਧਾ ਤੇ ਦੁਚਿੱਤੀ ਵਿਚ ਫਸਿਆ ਵਿਅਕਤੀ ਆਪਣੀ ਮੰਜ਼ਿਲ ਤੇ ਨਹੀਂ ਪਹੁੰਚ ਸਕਦਾ, ਜਦੋਂ ਕਿ ਫੈਸਲਾ ਲੈ ਕੇ ਦ੍ਰਿੜ੍ਹਤਾ ਨਾਲ ਆਪਣੇ ਨਿਸ਼ਾਨੇ ਵੱਲ ਵਧਣ ਵਾਲਾ ਵਿਅਕਤੀ ਸਹਿਜੇ ਹੀ ਸਫ਼ਲਤਾ ਪ੍ਰਾਪਤ ਕਰ ਲੈਂਦਾ ਹੈ। ਇਸ ਸੰਬੰਧ ਵਿਚ ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਇਹ ਸ਼ਬਦ ਕਿੰਨੇ ਭਾਵਪੂਰਤ ਹਨ- ਕੋਈ ਮੁਸ਼ਕਿਲ ਏਡੀ ਮੁਸ਼ਕਿਲ ਨਹੀਂ ਹੁੰਦੀ, ਜੇਡੀ ਦੁਚਿੱਤੀ। ਘਬਰਾਹਟ ਵੀ ਸਾਰੀ ਦੁਚਿੱਤੀ ਵਿਚ ਹੁੰਦੀ ਹੈ। - ਦੁਚਿੱਤੀ ਵਿਚ ਪਏ ਵਿਅਕਤੀ ਦੀਆਂ ਸਮੱਸਿਆਵਾਂ, ਫੈਸਲੇ ਖੁਣੋਂ ਜਿਉਂ ਦੀਆਂ ਤਿਉਂ ਪਈਆਂ ਰਹਿੰਦੀਆਂ ਹਨ। ਸੋ, ਵੱਡਾ ਦੁਖੀਆ ਉਹ ਹੈ, ਜੋ ਸਲਾਹੀਂ ਪੈ ਜਾਵੇ। -ਕਾਰਲਾਈਲ। ਸ੍ਰੀ ਕ੍ਰਿਸ਼ਨ ਜੀ ਦਾ ਇਹ ਪ੍ਰਵਚਨ- ਸੰਸੇ ਵਿਚ ਡੁੱਬੇ ਆਦਮੀ ਦਾ ਵਿਨਾਸ਼ ਅਵੱਸ਼ ਹੁੰਦਾ ਹੈ। ਪੱਥਰ ਤੇ ਲਕੀਰ ਖਿੱਚਦਾ ਹੋਇਆ ਸਾਡਾ ਮਾਰਗ ਦਰਸ਼ਨ ਕਰਦਾ ਹੈ। ਦੁਬਿਧਾ ਤੇ ਦੁਚਿੱਤੀ ਨੂੰ ਖ਼ਤਮ ਕਰਨ ਲਈ ਗੁਰੂ ਸਾਹਿਬ ਨੇ ਅਰਦਾਸਾ ਸੋਧਣ ਦੀ ਚਮਤਕਾਰੀ ਰਵਾਇਤ ਪ੍ਰਚੱਲਤ ਕੀਤੀ। ਇਤਿਹਾਸ ਗਵਾਹ ਹੈ ਕਿ ਇਹ ਰੀਤ, ਸਿੱਖਾਂ ਲਈ ਸ਼ਕਤੀ ਦਾ ਇਕ ਸੋਮਾ ਹੋ ਨਿੱਬੜੀ। ਗੁਰੂ ਗੋਬਿੰਦ ਸਿੰਘ ਅਸੰਭਵ ਨੂੰ ਸੰਭਵ ਬਣਾਉਣਾ ਚਾਹੁੰਦੇ ਸਨ, ਯਾਨੀ ਸਵਾ ਲੱਖ ਨਾਲ ਇਕ ਨੂੰ ਭਿੜਾਉਣਾ ਚਾਹੁੰਦੇ ਸਨ ਅਤੇ ਨਿਸਚੈ ਕਰਿ ਅਪੁਨੀ ਜੀਤ ਕਰੋਂ ਨੂੰ ਅਮਲੀ ਜਾਮਾ ਪਹਿਨਾਉਣਾ ਚਾਹੁੰਦੇ ਸਨ। ਇਸ ਸਭ ਕਾਸੇ ਲਈ ਕਿਸੇ ਚਮਤਕਾਰੀ ਢੰਗ ਦੀ ਲੋੜ ਸੀ। ਅਰਦਾਸਾ ਸੋਧਣ ਦਾ ਸਿਧਾਂਤ ਕਸਵੱਟੀ ਤੇ ਖਰਾ ਉਤਰਦਾ ਨਜ਼ਰ ਆਇਆ। ਸੋ, ਗੁਰੂ ਸਾਹਿਬ ਨੇ ਇਸ ਸਿਧਾਂਤ ਤੇ ਆਪਣੀ ਮੋਹਰ ਲਗਾ ਦਿੱਤੀ, ਯਾਨੀ ਇਸ ਨੂੰ ਸਿੱਖ ਰਹਿਤ ਮਰਯਾਦਾ ਦਾ ਇਕ ਅੰਗ ਬਣਾ ਦਿੱਤਾ ਅਤੇ ਅਰਦਾਸ ਸੋਧ ਕੇ ਭੱਜਣ ਨੂੰ ਸਿੱਖੀ ਰਵਾਇਤਾਂ ਦੇ ਵਿਰੁੱਧ ਕਰਾਰ ਦਿੱਤਾ।

? ?ਦੁਬਿਧਾ ਤੇ ਦੁਚਿੱਤੀ, ਸਵੈ-ਵਿਸ਼ਵਾਸ ਦੀ ਘਾਟ ਤੋਂ ਉਪਜਦੀ ਹੈ। ਅਰਦਾਸਾ ਸੋਧਣ ਦੀ ਪਰੰਪਰਾ, ਸਵੈ-ਵਿਸ਼ਵਾਸ ਤੇ ਚੜ੍ਹਦੀ ਕਲਾ ਦੀ ਪ੍ਰਤੀਕ ਹੈ। ਇਸ ਦੀ ਪਾਲਣਾ ਕਰਨ ਨਾਲ ਦੁਚਿੱਤੀ ਮੁੱਕ ਜਾਂਦੀ ਹੈ। ਫੈਸਲਾ ਲੈ ਕੇ ਦ੍ਰਿੜ੍ਹਤਾ ਨਾਲ ਮੰਜ਼ਿਲ ਵੱਲ ਵਧਣ ਨਾਲ ਕਾਮਯਾਬੀ ਪੈਰ ਚੁੰਮਦੀ ਹੈ। ਇਸ ਤਰ੍ਹਾਂ ਅਰਦਾਸਾ ਸੋਧਣ ਦੀ ਚਮਤਕਾਰੀ ਰਵਾਇਤ, ਪਾਲਣਾ ਕਰਨ ਵਾਲੇ ਸਿੱਖ ਨੂੰ ਦੁਬਿਧਾ ਤੇ ਦੁਚਿੱਤੀ ਦੀ ਦਲਦਲ ਚੋਂ ਕੱਢ ਕੇ ਦ੍ਰਿੜ੍ਹਤਾ ਤੇ ਸਿਦਕਦਿਲੀ ਨਾਲ ਨਿਸ਼ਾਨੇ ਵੱਲ ਵਧਣ ਲਈ ਪ੍ਰੇਰਿਤ ਕਰਦੀ ਹੈ। ਇਹ ਸਭ ਕੁਝ ਗੁਰੂ ਗੋਬਿੰਦ ਸਿੰਘ ਜੀ ਦੀ ਡੂੰਘੀ ਮਨੋਵਿਗਿਆਨਕ ਸੂਝ ਦਾ ਪ੍ਰਗਟਾਵਾ ਹੀ ਤਾਂ ਹੈ !




**ਡਾ. ਹਰਚੰਦ ਸਿੰਘ ਸਰਹਿੰਦੀ**

# ਅਬਦਾਲੀ ਸਿੱਖ ਸੰਘਰਸ਼ ਦਾ ਸਭ ਤੋਂ ਸਟੀਕ ਵਰਨਣ ਕਰਨ ਵਾਲਾ ਕਾਜ਼ੀ ਨੂਰ ਮੁਹੰਮਦ

ਮੁਗਲਾਂ ਦੇ ਆਉਣ ਤੋਂ ਪਹਿਲਾਂ ਭਾਰਤ ਵਿੱਚ ਇਤਿਹਾਸ ਲਿਖਣ ਦਾ ਰਿਵਾਜ਼ ਨਹੀਂ ਸੀ। ਪ੍ਰਚੀਨ ਭਾਰਤ ਬਾਰੇ ਜੋ ਵੀ ਜਾਣਕਾਰੀ ਮਿਲਦੀ ਹੈ, ਉਸ ਵਿਦੇਸ਼ੀ ਯਾਤਰੀਆਂ ਮੈਗਸਥਨੀਜ਼, ਯੂਨਾਨ (300 ਬੀ.ਸੀ.), ਹਿਊਨ ਸਾਂਗ, ਚੀਨ (625 ਤੋਂ 645 ਬੀ.ਸੀ.), ਫਾਹਿਯਾਨ, ਚੀਨ (403 ਤੋਂ 408 ਈਸਵੀ), ਅਲ ਬੈਰੂਨੀ, ਈਰਾਨ (1020 ਈਸਵੀ), ਇਬਨ ਬਤੂਤਾ, ਮਰਾਕੋ (1335 ਈਸਵੀ), ਨਿਕੋਲੋ ਕੌਂਤੀ, ਇਟਲੀ (1414 ਤੋਂ 1436 ਈਸਵੀ) ਅਤੇ ਅਬਦੁਲ ਰਜ਼ਾਕ, ਈਰਾਨ (1442 ਤੋਂ 1445 ਤੱਕ) ਵਰਗਿਆਂ ਦੀਆਂ ਲਿਖਤਾਂ ਤੋਂ ਮਿਲਦੀ ਹੈ। ਨਹੀਂ ਭਾਰਤ ਦਾ ਇਤਿਹਾਸ ਤਾਂ ਪਰੀ ਕਹਾਣੀਆਂ, ਮਿਥਿਹਾਸ ਅਤੇ ਝੂਠ ਨਾਲ ਭਰਿਆ ਪਿਆ ਹੈ। ਬਾਬਾ ਬੰਦਾ ਬਹਾਦਰ ਅਤੇ ਸਾਥੀਆਂ ਦੀ ਸ਼ਹੀਦੀ ਦਾ ਅੱਖੀਂ ਡਿੱਠਾ ਵੇਰਵਾ ਵੀ ਮੌਕੇ 'ਤੇ ਮੌਜੂਦ ਈਸਟ ਇੰਡੀਆ ਕੰਪਨੀ ਦੇ ਏਜੰਟਾਂ, ਜਾਹਨ ਸਰਮੈਨ ਅਤੇ ਐਡਵਰਡ ਸਟੀਫਨਸਨ ਵੱਲੋਂ ਆਪਣੇ ਮੁੱਖ ਦਫਤਰ ਫੋਰਟ ਵਿਲੀਅਮ (ਕਲਕੱਤਾ) ਨੂੰ ਭੇਜੀਆਂ ਗਈਆਂ ਚਿੱਠੀਆ ਤੋਂ ਮਿਲਦਾ ਹੈ।

ਭਾਰਤ ਦਾ ਇਤਿਹਾਸ ਲਿਖਣਾ ਅਸਲ ਵਿੱਚ ਮੁਗਲਾਂ ਦੁਆਰਾ ਸ਼ੁਰੂ ਕੀਤਾ ਗਿਆ ਸੀ। ਬਾਬਰ ਆਪਣੀ ਜ਼ੀਵਨੀ ਤੁਜ਼ਕੇ ਬਾਬਰੀ ਵਿੱਚ ਲਿਖਦਾ ਹੈ ਕਿ ਜੇ ਕਿਸੇ ਹਿੰਦੁਸਤਾਨੀ ਨੂੰ ਕਿਸੇ ਇਮਾਰਤ ਜਾਂ ਘਟਨਾ ਬਾਰੇ ਪੁੱਛੀਏ ਤਾਂ ਉਹ ਹੋਰ ਹੀ ਅਜੀਬ ਜਿਹੀਆਂ ਊਲ ਜਲੂਲ ਕਹਾਣੀਆਂ ਸੁਣਾਉਣ ਲੱਗ ਪੈਂਦਾ ਹੈ। ਇਸੇ ਤਰਾਂ ਸਿੱਖ ਇਤਿਹਾਸ ਵੀ ਸਟੀਕਤਾ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਲਿਖਿਆ ਜਾਣਾ ਸ਼ੁਰੂ ਹੋਇਆ ਹੈ। ਇਸ ਤੋਂ ਪਹਿਲਾਂ ਸਿੱਖ ਇਤਿਹਾਸ ਜਨਮ ਸਾਖੀਆਂ, ਭੱਟ ਵਹੀਆਂ, ਕਥਾਵਾਂ, ਢਾਡੀਆਂ ਅਤੇ ਕਵੀਸ਼ਰਾਂ ਆਦਿ ਕੋਲ ਖਿਲਰਿਆ ਪਿਆ ਸੀ, ਹਰੇਕ ਨੇ ਆਪਣੀ ਮਰਜ਼ੀ ਮੁਤਾਬਕ ਰੱਜ ਕੇ ਇਤਿਹਾਸ ਨਾਲ ਤੋੜ ਮਰੋੜ ਕੀਤੀ। ਭਾਈ ਮਹਿਤਾਬ ਸਿੰਘ ਮੀਰਾਂਕੋਟੀਏ ਦੇ ਪੋਤਰੇ ਰਤਨ ਸਿੰਘ ਭੰਗੂ ਨੇ ਕਾਫੀ ਠੀਕ ਇਤਿਹਾਸ (ਪੰਥ ਪ੍ਰਕਾਸ਼) ਲਿਖਿਆ ਹੈ ਕਿਉਂਕਿ ਉਸ ਦਾ ਪਿਤਾ ਰਾਏ ਸਿੰਘ, ਦਲ ਖਾਲਸਾ ਦੀਆਂ ਬਹੁਤੀਆਂ ਮੁਹਿੰਮਾਂ ਸਮੇਂ ਮੌਕੇ 'ਤੇ ਹਾਜ਼ਰ ਸੀ।

ਅਹਿਮਦ ਸ਼ਾਹ ਅਬਦਾਲੀ ਨੇ ਭਾਰਤ 'ਤੇ ਗਿਆਰਾਂ ਹਮਲੇ ਕੀਤੇ ਸਨ। ਸਤਵੇਂ ਹਮਲੇ (1764-65) ਵੇਲੇ ਕਾਜ਼ੀ ਨੂਰ ਮੁਹੰਮਦ ਉਸ ਦੇ ਨਾਲ ਆਇਆ ਸੀ। ਉਸ ਨੇ ਉਸ ਦੀਆਂ ਸਿੱਖਾਂ ਨਾਲ ਹੋਣ ਵਾਲੀ ਲੜਾਈਆਂ, ਸਿੱਖ ਕਮਾਂਡਰਾਂ, ਉਹਨਾਂ ਦੀ ਯੁੱਧ ਕੁਸ਼ਲਤਾ ਅਤੇ ਪੰਜਾਬ ਦੇ ਰਾਜਨੀਤਕ ਹਾਲਾਤ ਦਾ ਬਹੁਤ ਵਿਸਥਾਰ ਨਾਲ ਆਪਣੀ ਫਾਰਸੀ ਰਚਨਾ ਜੰਗਨਾਮਾ ਵਿੱਚ ਵਰਨਣ ਕੀਤਾ ਹੈ। ਜੰਗਨਾਮੇ ਦੀ ਇੱਕ ਹੱਥ ਲਿਖਤ ਅੰਗਰੇਜ਼ਾਂ ਦੁਆਰਾ ਬਲੋਚਿਸਤਾਨ ਦੇ ਜਿਲ੍ਹੇ ਕੋਇਟਾ ਦੇ ਗਜ਼ਟੀਅਰ ਦਫਤਰ ਵਿੱਚ ਸੰਭਾਲੀ ਹੋਈ ਸੀ। ਉਥੋਂ ਇਸ ਦੀ ਇੱਕ ਕਾਪੀ ਪਟਿਆਲਾ ਰਿਆਸਤ ਦੇ ਵਿਦਵਾਨ ਕਰਮ ਸਿੰਘ ਹਿਸਟੋਰੀਅਨ ਨੇ ਹਾਸਲ ਹਾਸਲ ਕਰ ਲਈ। ਉਸ ਕਾਪੀ ਤੋਂ ਡਾ. ਗੰਡਾ ਸਿੰਘ ਨੇ ਪੰਜਾਬੀ ਵਿੱਚ ਉਲਥਾ ਕੀਤਾ। ਡਾ. ਗੰਡਾ ਸਿੰਘ ਦੇ ਇਹ ਮਹਾਨ ਉਪਰਾਲੇ ਨੂੰ ਖਾਲਸਾ ਕਾਲਜ (ਅੰਮ੍ਰਿਤਸਰ) ਦੇ ਸਿੱਖ ਹਿਸਟੋਰੀਕਲ ਰਿਸਰਚ ਵਿਭਾਗ ਨੇ 1939 ਵਿੱਚ ਪ੍ਰਕਾਸ਼ਿਤ ਕਰਵਾਇਆ ਸੀ। ਸਤਵੇਂ ਹਮਲੇ ਵੇਲੇ ਅਬਦਾਲੀ ਸਿੱਖਾਂ ਨੂੰ ਸਮੂਲਚੇ ਨਸ਼ਟ ਕਰਨਾ ਚਾਹੁੰਦਾ ਸੀ। ਆਪਣੀ ਫੌਜੀ ਤਾਕਤ ਵਧਾਉਣ ਲਈ ਉਸ ਨੇ ਕਲਾਤ (ਬਲੋਚਿਸਤਾਨ) ਦੇ ਨਵਾਬ ਮੀਰ ਮੁਹੰਮਦ ਨਸੀਰ ਖਾਨ ਨੂੰ ਜੰਗ ਵਿੱਚ ਸ਼ਾਮਲ ਹੋਣ ਦਾ ਹੁਕਮ ਭੇਜਿਆ। ਨਸੀਰ ਖਾਨ ਆਪਣੇ 15000 ਬਲੋਚ ਸਿਪਾਹੀਆਂ ਸਮੇਤ ਅਬਦਾਲੀ ਨੂੰ ਲਾਹੌਰ ਤੋਂ 50 ਕਿ.ਮੀ. ਦੂਰ ਏਮਨਾਬਾਦ ਕੋਲ ਆਣ ਮਿਲਿਆ। ਨੂਰ ਮੁਹੰਮਦ ਗੁਰੀਜ਼ਬਾ ਸ਼ਹਿਰ ਦਾ ਰਹਿਣ ਵਾਲਾ ਤੇ ਫਾਰਸੀ ਦਾ ਪ੍ਰਸਿੱਧ ਲਿਖਾਰੀ ਸੀ। ਉਸ ਨੇ ਨਸੀਰ ਖਾਨ ਨੂੰ ਬੇਨਤੀ ਕੀਤੀ ਕਿ ਜੇ ਤੁਸੀਂ ਮੈਨੂੰ ਇਸ ਮੁਹਿੰਮ 'ਤੇ ਨਾਲ ਲੈ ਜਾਉ ਤਾਂ ਮੈਂ ਤੁਹਾਡੀ ਬਹਾਦਰੀ ਅਤੇ ਜਿੱਤਾਂ ਬਾਰੇ ਕਸੀਦੇ ਲਿਖ ਕੇ ਦੁਨੀਆਂ ਦੇ ਸਾਹਮਣੇ ਪੇਸ਼ ਕਰਾਂਗਾ, ਬਦਲੇ ਵਿੱਚ ਤੁਸੀਂ ਮੈਨੂੰ ਸ਼ਿਕਾਰਪੁਰ ਦਾ ਕਾਜ਼ੀ ਨਿਯੁੱਕਤ ਕਰ ਦਿਉ। 1 ਨਵੰਬਰ 1764 ਨੂੰ 60000 ਫੌਜ ਸਮੇਤ ਅਬਦਾਲੀ ਬਿਨਾਂ ਕਿਸੇ ਰੁਕਾਵਟ ਦੇ ਲਾਹੌਰ ਪਹੁੰਚ ਗਿਆ। ਬਲੋਚਾਂ ਦੀ ਸਿੱਖਾਂ ਨਾਲ ਸਭ ਤੋਂ ਪਹਿਲੀ ਝੜਪ ਸ਼ਾਹਦਰੇ ਦੇ ਨਜ਼ਦੀਕ ਹੋਈ। ਕਾਜ਼ੀ ਉਸ ਝੜਪ ਬਾਰੇ ਲਿਖਦਾ ਹੈ, ਇਹਨਾਂ (ਸਿੱਖਾਂ) ਦੀ ਇੱਕ ਘੋੜਸਵਾਰ ਟੁਕੜੀ ਤੇਜ਼ੀ ਨਾਲ ਘੋੜੇ ਦੁੜਾਉਂਦੀ ਹੋਈ ਬਲੋਚ ਫੌਜ ਉੱਪਰ ਝਪਟਦੀ ਹੈ ਤੇ ਆਪਣੀਆਂ ਰਾਈਫਲਾਂ ਦਾਗ ਕੇ ਦੁਬਾਰਾ ਭਰਨ ਲਈ ਇੱਕ ਦਮ ਪਿਛਲੇ ਪੈਰੀਂ ਮੁੜ ਜਾਂਦੀ ਹੈ। ਇਸੇ ਸਮੇਂ ਦੂਸਰੇ ਪਾਸੇ ਤੋਂ ਦੂਸਰੀ ਟੁਕੜੀ ਗੋਲੀਆਂ ਦਾਗਦੀ ਹੋਈ ਆ ਧਮਕਦੀ ਹੈ। ਇਹ ਕੰਮ ਸਾਰਾ ਦਿਨ ਚੱਲਦਾ ਹੈ। ਉਹ ਇੱਕ ਪਲ ਲਈ ਵੀ ਦੁਸ਼ਮਣ ਨੂੰ ਸਾਹ ਨਹੀਂ ਲੈਣ ਦਿੰਦੇ। ਜਦੋਂ ਇਹ ਮੈਦਾਨ ਛੱਡ ਕੇ ਭੱਜਦੇ ਹਨ ਤਾਂ ਇਹ ਵੀ ਇਹਨਾਂ ਦੀ ਇੱਕ ਚਾਲ ਹੁੰਦੀ ਹੈ, ਜਿਸ ਵਿੱਚ ਦੁਸ਼ਮਣ ਅਸਾਨੀ ਨਾਲ ਫਸ ਜਾਂਦਾ ਹੈ। 30 ਨਵੰਬਰ 1764 ਨੂੰ ਅਬਦਾਲੀ ਨੇ ਦਰਬਾਰ ਸਹਿਬ ਉੱਪਰ ਹਮਲਾ ਕੀਤਾ। ਉਥੇ ਹਾਜ਼ਰ ਸਿਰਫ ਤੀਹ ਸਿੱਖਾਂ ਨੇ ਭਾਈ ਗੁਰਬਖਸ਼ ਸਿੰਘ ਸ਼ਹੀਦ ਦੀ ਅਗਵਾਈ ਹੇਠ ਰਣਤੱਤੇ ਵਿੱਚ ਅਬਦਾਲੀ ਦੀ ਫੌਜ ਨਾਲ ਜੂਝ ਕੇ ਸ਼ਹਾਦਤ ਦਾ ਜਾਮ ਪੀਤਾ। ਉਹਨਾਂ ਦੀ ਬਹਾਦਰੀ ਬਾਰੇ ਕਾਜ਼ੀ ਲਿਖਦਾ ਹੈ, ਸਗ ਗਿਣਤੀ ਵਿੱਚ ਸਿਰਫ ਤੀਹ ਸਨ। ਪਰ ਇਹ ਬਿਲਕੁਲ ਵੀ ਨਾ ਡਰੇ। ਨਾ ਤਾਂ ਇਹਨਾਂ ਨੂੰ ਮੌਤ ਦਾ ਡਰ ਸੀ ਤੇ ਨਾ ਹੀ ਤਸੀਹਿਆਂ ਦਾ। ਇਹਨਾਂ ਨੇ ਭਿਆਨਕ ਹੱਥੋ ਹੱਥ ਲੜਾਈ ਵਿੱਚ ਗਾਜ਼ੀਆਂ ਦੇ ਖੂਨ ਨਾਲ ਧਰਤੀ ਲਾਲ ਕਰ ਦਿੱਤੀ ਤੇ ਆਪ ਵੀ ਮਾਰੇ ਗਏ। ਇਸ ਤੋਂ ਬਾਅਦ ਅਬਦਾਲੀ ਬਟਾਲਾ, ਹੁਸ਼ਿਆਰਪੁਰ, ਰੋਪੜ, ਪਿੰਜੌਰ, ਨਰਾਇਣਗੜ੍ਹ ਅਤੇ ਜਗਾਧਰੀ ਰਾਹੀਂ ਕੁੰਜਪੁਰਾ ਜਾ ਪਹੁੰਚਿਆ। ਪਰ ਦਿੱਲੀ ਜਾਣ ਦੀ ਬਜਾਏ ਕੁਝ ਦਿਨਾਂ ਬਾਅਦ ਉਥੋਂ ਹੀ ਵਾਪਸ ਕਾਬਲ ਲਈ ਚੱਲ ਪਿਆ। ਵਾਪਸੀ ਵੇਲੇ ਰੋਪੜ ਪੱਤਣ 'ਤੇ ਅਬਦਾਲੀ ਦਾ ਦਲ ਖਾਲਸਾ ਨਾਲ ਤਿੰਨ ਦਿਨ ਘੋਰ ਯੁੱਧ ਹੋਇਆ। ਕਾਜ਼ੀ ਇਹਨਾਂ ਤਿੰਨ ਦਿਨਾਂ ਦਾ ਬਹੁਤ ਵਿਸਥਾਰ ਨਾਲ ਵੇਰਵਾ ਦਿੰਦਾ ਹੈ ਤੇ 'ਕੱਲੇ 'ਕੱਲੇ ਜਥੇਦਾਰ ਦਾ ਨਾਮ ਲਿਖਦਾ ਹੈ। ਅੰਮ੍ਰਿਤਸਰ ਅਤੇ ਲਾਹੌਰ ਤੋਂ ਬਾਹਰੋ ਬਾਹਰ ਅਬਦਾਲੀ ਚਨਾਬ ਦਰਿਆ 'ਤੇ ਜਾ ਪਹੁੰਚਿਆ। ਹੜ੍ਹ ਕਾਰਨ ਆਫਰੇ ਹੋਏ ਚਨਾਬ ਨੂੰ ਪਾਰ ਕਰਨ ਲੱਗਿਆਂ ਅਬਦਾਲੀ ਦੇ ਬਹੁਤ ਸਾਰੇ ਸੈਨਿਕ ਅਤੇ ਮਾਲ ਅਸਬਾਬ ਦਰਿਆ ਵਿੱਚ ਡੁੱਬ ਗਿਆ। ਕਾਜ਼ੀ ਇਸ ਬਾਰੇ ਲਿਖਦਾ ਹੈ, ਮੈਂ ਕਿਆਮਤ ਦੇ ਉਸ ਦਿਨ ਨੂੰ ਯਾਦ ਕਰ ਕੇ ਅੱਜ ਵੀ ਕੰਬ ਉੱਠਦਾ ਹਾਂ ਜਦੋਂ ਮੈਂ ਮੌਤ ਦੇ ਦੂਤ ਨੂੰ ਬਿਲਕੁਲ ਨਜ਼ਦੀਕ ਤੋਂ ਵੇਖਿਆ। ਰੋਹਤਾਸ ਤੋਂ ਮੀਰ ਨਸੀਰ ਖਾਨ ਕਲਾਤ ਤੇ ਅਬਦਾਲੀ ਕਾਬਲ ਦੇ ਰਾਹ ਪੈ ਗਿਆ।

ਜੰਗਨਾਮਾ 55 ਭਾਗਾਂ ਵਿੱਚ ਵੰਡਿਆ ਹੋਇਆ ਹੈ। ਪਹਿਲੇ ਛੇ ਭਾਗਾਂ ਵਿੱਚ ਪ੍ਰਮਾਤਮਾ, ਅਬਦਾਲੀ ਅਤੇ ਮੀਰ ਨਸੀਰ ਖਾਨ ਦੀ ਤਾਰੀਫ ਦੇ ਕਸੀਦੇ ਲਿਖੇ ਹੋਏ ਹਨ। ਭਾਕੀ ਭਾਗਾਂ ਵਿੱਚ ਬਲੋਚਾਂ ਦੀ ਮਹਾਨਤਾ, ਨਸੀਰ ਖਾਨ ਵੱਲੋਂ ਜ਼ੇਹਾਦ ਦੀ ਤਿਆਰੀ, ਜੰਗ ਵਿੱਚ ਹੋਈਆਂ ਘਟਨਾਵਾਂ ਬਾਰੇ ਲਿਖਿਆ ਹੋਇਆ ਹੈ। ਭਾਗ 41 ਅਤੇ 42 ਵਿੱਚ ਸਿੱਖਾਂ ਦੀ ਬਹਾਦਰੀ, ਉੱਚ ਚਰਿੱਤਰ ਅਤੇ ਮਿਸਲਾਂ ਦੇ ਇਲਾਕਿਆਂ ਬਾਰੇ ਦੱਸਿਆ ਗਿਆ ਹੈ। ਉਹ ਜੰਗਨਾਮੇ ਵਿੱਚ ਸਿੱਖਾਂ ਲਈ ਸਗ, ਸੂਰ ਖਾਣੇ, ਅੱਗ ਪੂਜਕ, ਮੂਰਤੀ ਪੂਜਕ, ਨਰਕੀ ਅਤੇ ਗੰਦੇ ਕਾਫਰ ਵਰਗੇ ਬਹੁਤ ਕਰੜੇ ਸ਼ਬਦ ਵਰਤਦਾ ਹੈ ਪਰ ਉਹਨਾਂ ਦੀ ਬਹਾਦਰੀ ਦੀ ਪ੍ਰਸੰਸਾ ਕਰਨ ਤੋਂ ਵੀ ਨਹੀਂ ਰਹਿ ਸਕਦਾ। ਸਿੱਖਾਂ ਦੀ ਤਲਵਾਰ, ਬਰਛਾ, ਤੀਰ-ਕਮਾਨ ਅਤੇ ਰਾਈਫਲ ਵਰਤਣ ਦੀ ਮੁਹਾਰਤ ਦੱਸਦੇ ਹੋਏ ਉਹ ਭਾਗ 41 ਵਿੱਚ ਲਿਖਦਾ ਹੈ, ਇਹਨਾਂ ਸਗਾਂ ਨੂੰ ਸਗ ਨਾ ਕਹੋ। ਇਹ ਜੰਗ ਵਿੱਚ ਸ਼ੇਰ ਵਾਂਗ ਬੁੱਕਦੇ ਹਨ। ਜੰਗ ਵਿੱਚ ਇਹ ਸ਼ੇਰ ਵਰਗੇ ਅਤੇ ਸ਼ਾਂਤੀ ਕਾਲ ਵਿੱਚ ਹਾਤਿਮ ਤਾਈ ਵਰਗੇ ਸਖਾ ਹਨ। ਇਹ ਕਦੇ ਵੀ ਨਾਮਰਦ, ਕਾਇਰ ਅਤੇ ਜੰਗ ਵਿੱਚੋਂ ਭੱਜੇ ਜਾਂਦੇ ਸੈਨਿਕ ਦਾ ਕਤਲ ਨਹੀਂ ਕਰਦੇ ਤੇ ਨਾ ਹੀ ਕਿਸੇ ਔਰਤ ਨੂੰ ਮਾਰਦੇ-ਲੁੱਟਦੇ ਹਨ। ਇਹ ਚੋਰੀ ਚਕਾਰੀ ਅਤੇ ਚਰਿਤਰਹੀਣਤਾ ਬਾਰੇ ਜਾਣਦੇ ਵੀ ਨਹੀਂ। ਇਹ ਹਰ ਔਰਤ ਨੂੰ ਚਾਹੇ ਉਹ ਜਵਾਨ ਹੋਵੇ ਜਾਂ ਬਿਰਧ, ਬੁੱਢੀ ਕਹਿ ਕੇ ਪੁਕਾਰਦੇ ਹਨ। ਸਿੱਖਾਂ ਦੇ ਧਰਮ ਬਾਰੇ ਕਾਜ਼ੀ ਲਿਖਦਾ ਹੈ, ਇਹ ਇੱਕ ਪਵਿੱਤਰ ਆਦਮੀ ਦੇ ਚੇਲੇ ਹਨ ਜੋ ਚੱਕ (ਚੱਕ ਗੁਰੂ ਰਾਮ ਦਾਸ, ਅੰਮ੍ਰਿਤਸਰ) ਵਿਖੇ ਰਹਿੰਦਾ ਸੀ। ਉਸ ਦਾ ਉੱਤਰਧਿਕਾਰੀ ਗੋਬਿੰਦ ਸਿੰਘ ਹੈ ਜਿਸ ਤੋਂ ਇਹਨਾਂ ਨੇ ਸਿੰਘ ਲਕਬ ਧਾਰਨ ਕੀਤਾ। ਇਹ ਸਗ ਹਿੰਦੂਆਂ ਵਿੱਚੋਂ ਨਹੀਂ ਹਨ, ਇਹਨਾਂ ਭੈੜਿਆਂ ਦਾ ਰਸਤਾ ਅਲੱਗ ਹੈ। ਇਸ ਤੋਂ ਬਾਅਦ ਉਹ ਸਿੱਖ ਜਥੇਦਾਰਾਂ ਅਤੇ ਉਹਨਾਂ ਦੇ ਕਬਜ਼ਾਏ ਹੋਏ ਇਲਾਕਿਆਂ ਬਾਰੇ ਲਿਖਦਾ ਹੈ। ਇਥੇ ਉਹ ਸ. ਜੱਸਾ ਸਿੰਘ ਆਹਲੂਵਾਲੀਆ, ਸ. ਜੱਸਾ ਸਿੰਘ ਰਾਮਗੜ੍ਹੀਆ ਅਤੇ ਕਈ ਹੋਰ ਜਥੇਦਾਰਾਂ ਦੀ ਸ਼ਨਾਖਤ ਰਲ ਗੱਡ ਕਰ ਜਾਂਦਾ ਹੈ। ਅਖੀਰ ਵਿੱਚ ਉਹ ਦੱਸਦਾ ਹੈ ਕਿ ਰੋਹਤਾਸ ਤੋਂ ਲੈ ਕੇ ਦੀਪਾਲਪੁਰ ਅਤੇ ਮੁਲਤਾਨ ਤੋਂ ਲੈ ਕੇ ਸਰਹਿੰਦ ਤੱਕ ਦਾ ਸਾਰਾ ਮੱਧ ਪੰਜਾਬ ਸਿੱਖਾਂ ਦੇ ਕਬਜ਼ੇ ਵਿੱਚ ਆ ਚੁੱਕਾ ਹੈ। ਇਹ ਡੇਰਾ ਇਸਮਾਈਲ ਖਾਨ ਅਤੇ ਡੇਰਾ ਗਾਜ਼ੀ ਖਾਨ ਤੋਂ ਵੀ ਕਰ ਵਸੂਲਦੇ ਹਨ।

ਕਾਜ਼ੀ ਨੂਰ ਮੁਹੰਮਦ ਅਕਤੂਬਰ 1764 ਤੋਂ ਲੈ ਕੇ ਮਾਰਚ 1765 ਤੱਕ ਕਰੀਬ ਛੇ ਮਹੀਨੇ ਅਬਦਾਲੀ ਨਾਲ ਪੰਜਾਬ ਵਿੱਚ ਰਿਹਾ। ਇਸ ਸਮੇਂ ਉਸ ਨੂੰ ਸਿੱਖਾਂ ਦਾ ਕਿਰਦਾਰ ਬਹੁਤ ਹੀ ਗਹੁ ਨਾਲ ਵਾਚਣ ਦਾ ਮੌਕਾ ਮਿਲਿਆ। ਜਦੋਂ ਉਹ ਪੰਜਾਬ ਲਈ ਤੁਰਿਆ ਸੀ ਤਾਂ ਉਸ ਦੇ ਦਿਲ ਵਿੱਚ ਸਿੱਖਾਂ ਪ੍ਰਤੀ ਮਜ਼੍ਹਬੀ ਅੱਗ ਜਲ ਰਹੀ ਸੀ। ਪਰ ਜਦੋਂ ਉਸ ਨੇ ਸਿੱਖਾਂ ਵੱਲੋਂ ਜੰਗ ਵਿੱਚ ਵਿਖਾਈ ਜਾ ਰਹੀ ਬਹਾਦਰੀ, ਜੰਗੀ ਪੈਂਤੜੇ, ਉੱਚ ਕੋਟੀ ਦੇ ਅਸੂਲ, ਔਰਤਾਂ ਪ੍ਰਤੀ ਇੱਜ਼ਤ ਅਤੇ ਜ਼ਖਮੀ ਤੇ ਲਾਚਾਰ ਦੁਸ਼ਮਣਾਂ ਪ੍ਰਤੀ ਦਿਖਾਏ ਜਾਂਦੇ ਰਹਿਮ ਨੂੰ ਵੇਖਿਆ ਤਾਂ ਉਸ ਦੇ ਵਿਚਾਰ ਬਦਲ ਗਏ। ਉਹ ਮੀਰ ਨਸੀਰ ਖਾਨ ਦਾ ਤਨਖਾਹਦਾਰ ਮੁਲਾਜ਼ਮ ਸੀ, ਪਰ ਫਿਰ ਵੀ ਇੱਕ ਸੱਚੇ ਲਿਖਾਰੀ ਵਾਂਗ ਉਹ ਆਪਣੇ ਕੱਟੜ ਦੁਸ਼ਮਣਾਂ (ਸਿੱਖਾਂ) ਦੀ ਬਹਾਦਰੀ ਬਾਰੇ ਵਰਨਣ ਕਰਨ ਤੋਂ ਨਹੀਂ ਰਹਿ ਸਕਿਆ।

**ਬਲਰਾਜ ਸਿੰਘ ਸਿੱਧੂ ਐਸ.ਪੀ.**
**ਪੰਡੋਰੀ ਸਿੱਧਵਾਂ 9501100062**




# ਦਾਰਸ਼ਨਿਕ ਯੋਧੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਵਹਿਮਾਂ-ਭਰਮਾਂ, ਕਰਮਕਾਂਡਾਂ ਅਤੇ ਪਾਖੰਡਾਂ ਦਾ ਖੰਡਨ

ਸਿੱਖ-ਦਰਸ਼ਨ ਵਿਚ ਵਿਵੇਕ ਤੇ ਚਿੰਤਨ ਆਧਾਰਿਤ ਕ੍ਰਿਆਸ਼ੀਲਤਾ ਤੇ ਕਰਮਸ਼ੀਲਤਾ ਨੂੰ ਪ੍ਰਮੁੱਖ ਸਥਾਨ ਪ੍ਰਾਪਤ ਹੈ। ਇਸ ਵਿਚ ਵਿਸ਼ਵਾਸ ਭਾਵਨਾ ਦੀ ਲੋੜ ਤਾਂ ਦਰਸਾਈ ਗਈ ਹੈ ਐਪਰ ਅੰਧ-ਵਿਸ਼ਵਾਸ ਨੂੰ ਰੱਦ ਕੀਤਾ ਗਿਆ ਹੈ। ਇਸ ਲਈ ਇਸ ਵਿਚ ਉਨ੍ਹਾਂ ਸਭ ਰੀਤਾਂ-ਰਸਮਾਂ ਜਾਂ ਵਹਿਮਾਂ-ਭਰਮਾਂ ਤੋਂ ਸੁਚੇਤ ਕੀਤਾ ਗਿਆ ਹੈ ਜਿਹੜੇ ਜੀਵਨ ਦੇ ਉਦੇਸ਼ਾਂ ਤੇ ਆਸ਼ਿਆਂ ਵੱਲ ਲਿਜਾਣ ਦੀ ਥਾਂ ਕੇਵਲ ਭਰਮ, ਪਸਤ-ਹਿੰਮਤੀ ਅਤੇ ਨਿਰਾਸ਼ਤਾ ਦਾ ਵਾਤਾਵਰਨ ਸਿਰਜਦੇ ਹਨ। ਇਸ ਵਿਚ ਹਰ ਪ੍ਰਕਾਰ ਦੇ ਕਰਮਕਾਂਡ, ਪੂਜਾ-ਪਾਠ, ਭੇਖ, ਤੀਰਥ ਯਾਤਰਾ, ਵਰਤ, ਵਿਖਾਵੇ, ਪਾਖੰਡ ਅਤੇ ਦੰਭ ਆਦਿ ਦਾ ਤਰਕ-ਸੰਗਤ ਤੇ ਜ਼ੋਰਦਾਰ ਖੰਡਨ ਕੀਤਾ ਗਿਆ ਹੈ।

ਗੁਰੂ ਸਾਹਿਬਾਨ ਥੋੜ੍ਹਿਆਂ ਦੀ ਮੌਜ-ਮਸਤੀ ਜਾਂ ਐਸ਼ੋ-ਇਸ਼ਰਤ ਲਈ ਕੀਤੇ ਜਾਂਦੇ ਕਰਮਕਾਂਡਾਂ, ਪੂਜਾ-ਪਾਠਾਂ, ਵਿਖਾਵਿਆਂ, ਤੀਰਥ-ਯਾਤਰਾਵਾਂ, ਭੇਖਾਂ-ਪਾਖੰਡਾਂ ਅਤੇ ਦੰਭਾਂ ਆਦਿ ਦੇ ਜ਼ੋਰਦਾਰ ਵਿਰੋਧੀ ਸਨ। ਜਦੋਂ ਲੋਕਾਈ ਉੱਪਰ ਤਾਕਤ ਵਾਲੇ ਜਬਰ-ਜ਼ੁਲਮ ਕਰ ਰਹੇ ਹੋਣ ਤਾਂ ਕੁਝ ਲੋਕ ਅੱਖਾਂ ਬੰਦ ਕਰਕੇ ਭਜਨ ਕਰੀ ਜਾਣ ਜਾਂ ਜੰਗਲਾਂ ਤੇ ਪਹਾੜਾਂ ਦੀਆਂ ਗੁਫ਼ਾਵਾਂ ਵਿਚ ਮੰਤਰ-ਮੁਗਧ ਹੋ ਕੇ ਸਮਾਧੀਆਂ ਲਗਾਈ ਬੈਠੇ ਹੋਣ ਤਾਂ ਗੁਰੂ ਸਾਹਿਬਾਨ ਵਰਗੀਆਂ ਮਹਾਨ ਪ੍ਰਤਿਭਾਵਾਂ ਵਿਚਾਰਧਾਰਕ ਸੰਘਰਸ਼ ਤੋਂ ਲੈ ਕੇ ਹਥਿਆਰਬੰਦ ਸੰਘਰਸ਼ ਤਕ ਲੋਕ-ਦੁਸ਼ਮਣ ਸ਼ਕਤੀਆਂ ਦਾ ਟਾਕਰਾ ਕਰਦੀਆਂ ਹਨ ਅਤੇ ਉਪਰੋਕਤ ਪਾਖੰਡਾਂ ਦਾ ਖੰਡਨ ਕਰਦੀਆਂ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਜਿਹੇ ਹੀ ਇਕ ਦਾਰਸ਼ਨਿਕ ਯੋਧੇ ਹਨ।

ਪ੍ਰਾਚੀਨ ਕਾਲ ਤੋਂ ਭਾਰਤ ਵਿਚ ਪ੍ਰਚਲਤ ਵਰਣ-ਵੰਡ ਨੇ ਲੋਕਾਂ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਹੋਇਆ ਸੀ। ਇਹ ਹਿੱਸੇ ਅੱਗੋਂ ਕਈ ਹੋਰ ਉਪ-ਭਾਗਾਂ ਵਿਚ ਵੰਡੇ ਹੋਏ ਸਨ ਤੇ ਹਨ। ਹਰ ਵਰਣ ਦੇ ਵੱਖ-ਵੱਖ ਕਾਰਜ ਨਿਸ਼ਚਿਤ ਸਨ। ਧਰਮ-ਪੁਸਤਕਾਂ ਦੇ ਪੜ੍ਹਨ-ਪੜ੍ਹਾਉਣ ਅਤੇ ਦੇਵੀ-ਦੇਵਤਿਆਂ ਦੀ ਪੂਜਾ ਆਦਿ ਬ੍ਰਾਹਮਣ ਦੇ ਹਿੱਸੇ ਆਈ ਸੀ। ਸਦੀਆਂ ਦੀ ਇਸ ਵਰਣ-ਵੰਡ ਨੇ ਲੋਕਾਂ ਦੇ ਦਿਲ-ਦਿਮਾਗ ਵਿਚ ਇਹ ਗੱਲ ਪੂਰੀ ਤਰ੍ਹਾਂ ਭਰ ਦਿੱਤੀ ਸੀ ਕਿ ਕੇਵਲ ਪੂਜਾ-ਪਾਠ ਹੀ ਧਰਮ ਦਾ ਅੰਗ ਹੈ। ਗੁਰੂ-ਕਾਲ ਤਕ ਬ੍ਰਾਹਮਣ ਪੂਜਾ-ਪਾਠ ਆਤਮਿਕ ਉਸਾਰੀ ਦੀ ਥਾਂ ਇਕ ਕਰਮਕਾਂਡ ਮਹਿਜ਼ ਵਿਖਾਵਾ, ਪਾਖੰਡ ਜਾਂ ਦੰਭ ਬਣ ਕੇ ਹੀ ਰਹਿ ਗਿਆ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਥਨ ਅਨੁਸਾਰ ਕੁਝ ਲੋਕ ਅੱਖਾਂ ਬੰਦ ਕਰਕੇ, ਬਗਲੇ ਵਾਂਗ ਸਮਾਧੀ ਲਗਾਉਂਦੇ ਹਨ। ਕਈ ਸੱਤ-ਸਮੁੰਦਰਾਂ ਵਿਚ ਇਸ਼ਨਾਨ ਕਰਕੇ ਮੁਕਤੀ ਪ੍ਰਾਪਤ ਕਰਨ ਦੇ ਭਰਮ ਤਹਿਤ ਲੋਕ ਅਤੇ ਪਰਲੋਕ ਵੀ ਗਵਾ ਰਹੇ ਹਨ, ਕੋਈ ਕੁਕਰਮੀਆਂ ਦਾ ਸੰਗ-ਸਾਧ ਕਰ ਕੇ ਫਜ਼ੂਲ ਹੀ ਉਮਰ ਲੰਘਾ ਰਹੇ ਹਨ, ਕਈ ਵੇਦ ਸ਼ਾਸਤਰ ਰਟਣ ਨਾਲ ਜਾਂ ਚੁੰਝ-ਚਰਚਾ ਵਿਚ ਆਪਣੀ ਸ੍ਰੇਸ਼ਟਤਾ ਵਿਖਾ ਰਹੇ ਹਨ। ਐਪਰ ਗੁਰੂ ਜੀ ਅਨੁਸਾਰ ਇਹ ਸਾਰੀਆਂ ਗੱਲਾਂ ਤੇ ਵਰਤਾਰੇ ਸਮਾਂ ਨਸ਼ਟ ਕਰਨ ਵਾਲੇ ਤੇ ਇਕ ਤਰ੍ਹਾਂ ਫਜ਼ੂਲ, ਦੰਭ ਅਤੇ ਵਿਖਾਵਾ ਹਨ। ਗੁਰੂ ਜੀ ਨੇ ਸਪਸ਼ਟ ਕੀਤਾ ਹੈ ਕਿ ਇਸ਼ਟ ਦੀ ਪ੍ਰਾਪਤੀ ਪਿਆਰ ਰਾਹੀਂ ਹੀ ਸੰਭਵ ਹੈ :

ਮੂਲ ਭਾਰਤੀ ਵੱਸੋਂ ਪਰ-ਨਿਰਭਰ ਹੋ ਚੁਕੀ ਸੀ। ਉਹ ਕਿਸੇ ਦੈਵੀ ਸ਼ਕਤੀ ਦੀ ਆਸ ਲਗਾਈ ਬੈਠੇ ਸਨ ਕਿ ਕ੍ਰਿਸ਼ਮਾ ਹੋਵੇਗਾ ਤੇ ਜ਼ਾਲਮਾਂ ਦਾ ਨਾਸ਼ ਹੋ ਜਾਵੇਗਾ ਅਤੇ ਉਹ ਸੁਤੰਤਰ ਹੋ ਕੇ ਵਿਚਰ ਸਕਣਗੇ। ਦੈਵੀ ਜਾਂ ਪਰਾਸਰੀਰਕ ਸ਼ਕਤੀਆਂ ਦੇ ਖੰਡਨ ਲਈ ਗੁਰੂ ਜੀ ਦੇ ਜੀਵਨ ਨਾਲ ਇਕ ਇਤਿਹਾਸਕ ਘਟਨਾ ਸੰਬੰਧਿਤ ਹੈ। ਉਸ ਵੇਲੇ ਦੇ ਸ਼੍ਰੋਮਣੀ ਹਿੰਦੂ-ਪੰਡਤਾਂ ਦੀ ਮੰਗ ਅਨੁਰੂਪ ਗੁਰੂ ਜੀ ਨੇ ਨੈਣਾ ਦੇਵੀ ਦੇ ਅਸਥਾਨ ਤੇ ਦੁਰਗਾ ਅਸ਼ਟਮੀ ਨੂੰ ਇਕ ਵੱਡਾ ਹਵਨ ਕਰਾਇਆ। ਗੁਰੂ ਸਾਹਿਬ ਤਾਂ ਦੇਵੀ ਨੂੰ ਰਿਝਾਉਣ ਦੇ ਇਨ੍ਹਾਂ ਜਤਨਾਂ ਦੀ ਨਿਰਾਰਥਕਤਾ ਨੂੰ ਅਮਲੀ ਰੂਪ ਵਿਚ ਦਰਸਾਉਣਾ ਚਾਹੁੰਦੇ ਸਨ ਤਾਂ ਜੋ ਲੋਕ ਭਰਮ-ਮੁਕਤ ਹੋ ਸਕਣ। ਨਿਸ਼ਚਿਤ ਸਮੇਂ ਤੇ ਜਦੋਂ ਦੇਵੀ ਪ੍ਰਗਟ ਨਾ ਹੋਈ ਤਾਂ ਸ਼੍ਰੋਮਣੀ ਪੰਡਤ ਤੋਂ ਇਸ ਦਾ ਕਾਰਨ ਪੁੱਛਿਆ ਗਿਆ। ਉਸ ਨੇ ਪਾਖੰਡ ਤੇ ਪਰਦਾ ਪਾਈ ਰੱਖਣ ਲਈ ਕਿਹਾ ਕਿ ਦੇਵੀ ਇਕ ਵੱਡੇ ਮਹਾਂਪੁਰਖ ਦੀ ਬਲੀ ਦੀ ਮੰਗ ਕਰਦੀ ਹੈ। ਗੁਰੂ ਜੀ ਨੇ ਪਰਦਾ ਫਾਸ਼ ਕਰਨ ਲਈ ਕਿਹਾ:

ਪੰਡਤ ਜੀ ! ਤੁਹਾਡੇ ਤੋਂ ਮਹਾਨ ਪੁਰਖ ਹੋਰ ਕੌਣ ਹੋ ਸਕਦਾ ਹੈ ? ਪੰਡਤ ਦਾ ਭਰਮ ਤੇ ਅੰਧ-ਵਿਸ਼ਵਾਸ ਉਸ ਲਈ ਮੁਸੀਬਤ ਬਣ ਗਿਆ ਅਤੇ ਉਹ ਬਹਾਨਾ ਲਾ ਕੇ ਖਿਸਕ ਗਿਆ। ਗੁਰੂ ਜੀ ਨੇ ਉਸ ਵੇਲੇ ਬਾਕੀ ਬਚੀ ਸਾਰੀ ਸਮੱਗਰੀ ਇੱਕੋ ਵਾਰੀ ਅਗਨੀ ਵਿਚ ਸੁੱਟ ਦਿੱਤੀ। ਜ਼ੋਰਦਾਰ ਅੱਗ ਦਾ ਭਬੂਕਾ ਲਾਜ਼ਮੀ ਸੀ। ਅਗਿਆਨੀ ਅਤੇ ਅੰਧ-ਵਿਸ਼ਵਾਸੀ ਲੋਕਾਂ ਨੇ ਫਿਰ ਵੀ ਇਹੀ ਸਮਝਿਆ ਕਿ ਦੇਵੀ ਪ੍ਰਗਟ ਹੋ ਗਈ ਹੈ। ਐਪਰ ਗੁਰੂ ਜੀ ਨੇ ਆਪਣੀ ਤਲਵਾਰ ਅਗਨੀ ਵਿਚੋਂ ਵਿਖਾ ਕੇ ਕਿਹਾ ਕਿ ਮਜ਼ਲੂਮਾਂ, ਦੁਖੀਆਂ, ਨਿਤਾਣਿਆਂ ਅਤੇ ਨਿਆਸਰਿਆਂ ਦੀ ਰਾਖੀ ਲਈ ਇਹੀ ਦੇਵੀ ਹੈ। ਉਨ੍ਹਾਂ ਇਥੇ ਸਪਸ਼ਟ ਕੀਤਾ ਕਿ ਆਪਣੇ ਹੱਕਾਂ-ਹਿੱਤਾਂ ਖ਼ਾਤਰ ਅਤੇ ਜਾਬਰਾਂ ਦਾ ਨਾਸ਼ ਕਰਨ ਲਈ ਕਿਸੇ ਦੈਵੀ ਸ਼ਕਤੀ ਤੇ ਟੇਕ ਅਤੇ ਪੂਜਾ-ਪਾਠ ਆਦਿ ਦੇ ਅਡੰਬਰ ਨਿਰਾਰਥਕ ਹਨ ਅਤੇ ਇਹ ਕਾਇਰਤਾ ਤੇ ਡਰਪੋਕਤਾ ਦੇ ਪ੍ਰਮਾਣ ਹਨ।

ਦੇਵੀ-ਦੇਵਤਿਆਂ ਦੇ ਬੁੱਤ ਜਾਂ ਮੂਰਤੀਆਂ ਬਣਾ ਕੇ ਉਨ੍ਹਾਂ ਦੀ ਪੂਜਾ ਕਰਨੀ ਅਤੇ ਵੱਖ-ਵੱਖ ਭੇਖ ਧਾਰਨ ਨੂੰ ਗੁਰੂ ਜੀ ਨੇ ਰੱਦ ਕੀਤਾ ਹੈ :

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਵਤਾਰਵਾਦ ਦੇ ਸਿਧਾਂਤ ਦਾ ਜ਼ੋਰਦਾਰ ਖੰਡਨ ਕੀਤਾ। ਸਿੱਖ-ਫ਼ਲਸਫ਼ੇ ਅਨੁਸਾਰ ਵਿਸ਼ਨੂੰ ਸ੍ਰਿਸ਼ਟੀ ਦਾ ਕਰਤਾ ਨਹੀਂ ਹੈ। ਇਹ ਸਾਰੇ ਅਵਤਾਰ ਆਦਿ ਜੰਮਦੇ ਤੇ ਮਰਦੇ ਹਨ। ਇਸ ਲਈ ਇਨ੍ਹਾਂ ਦੀ ਪੂਜਾ ਕਰਨਾ ਨਿਰਾਰਥਕ ਹੈ : ਸ਼ੈਵ ਮੱਤ ਵਿਚ ਗੁਰੂ ਜੀ ਨੂੰ ਇਸ਼ਟ ਮੰਨ ਕੇ ਪੂਜਾ ਕੀਤੀ ਜਾਂਦੀ ਹੈ ਅਤੇ ਲਿੰਗ, ਉਸ ਰਚਨਾ ਦਾ ਪ੍ਰਤੀਕ ਹੈ। ਗੁਰੂ ਜੀ ਅਨੁਸਾਰ ਅਜਿਹੀ ਭਾਵਨਾ ਵਾਲਿਆਂ ਨੂੰ ਗਿਆਨ ਨਹੀਂ ਹੈ। ਲਿੰਗ ਨੂੰ ਪੂਜਣਾ ਜਾਂ ਉਸ ਨੂੰ ਗਲ ਵਿਚ ਲਟਕਾਈ ਫਿਰਨਾ ਨਿਰਾਰਥਕ ਕਰਮਕਾਂਡ ਹੈ। ਗੁਰੂ ਜੀ ਅਜਿਹੇ ਚਿੰਨ੍ਹਾਂ ਨੂੰ ਧਾਰਨ ਕਰਨ ਅਤੇ ਹੋਰ ਵੱਖ-ਵੱਖ ਭੇਖਾਂ-ਪਾਖੰਡਾਂ ਆਦਿ ਨੂੰ ਝੂਠੀ ਕ੍ਰਿਆ ਕਹਿੰਦੇ ਹਨ ਮੰਤਰਾਂ ਦੇ ਉਚਾਰਨ ਜਾਂ ਪਾਠ ਦੇ ਕੇਵਲ ਦੁਹਰਾਉ ਦਾ ਕੋਈ ਲਾਭ ਨਹੀਂ ਹੈ। ਗੁਰੂ ਜੀ ਅਕਾਲ ਉਸਤਤਿ ਵਿਚ ਇਸ ਵਿਗਿਆਨਕ ਤੱਥ ਦੀ ਪੁਸ਼ਟੀ ਲਈ ਇਕ ਸ਼ਾਨਦਾਰ ਦ੍ਰਿਸ਼ਟਾਂਤ ਪੇਸ਼ ਕਰਦੇ ਹਨ। ਉਹ ਲਿਖਦੇ ਹਨ ਕਿ ਜੇਕਰ ਇੱਕੋ ਸ਼ਬਦ ਦੇ ਵਾਰ-ਵਾਰ ਬੋਲਣ ਜਾਂ ਤਕਨੀਕੀ ਦੁਹਰਾਉ ਨਾਲ ਇਸ਼ਟ ਦੀ ਪ੍ਰਾਪਤੀ ਹੋ ਜਾਂਦੀ ਤਾਂ ਉਹ ਪਿੱਦਾ ਜਾਂ ਪੂਦਨਾ (ਇਕ ਪੰਛੀ) ਵੀ ਮੁਕਤੀ ਪ੍ਰਾਪਤ ਕਰ ਲੈਂਦਾ ਜਿਹੜਾ ਸਦਾ ਤੂਹੀ ਤੂਹੀ ਪੁਕਾਰਦਾ ਰਹਿੰਦਾ ਹੈ !



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੀ ਪੂਜਾ ਵੀ ਨਹੀਂ ਕਰਵਾਉਣਾ ਚਾਹੁੰਦੇ ਹਨ। ਗੁਰੂ ਜੀ ਨੂੰ ਇਸ ਤੱਥ ਦਾ ਪੂਰਨ ਅਹਿਸਾਸ ਸੀ ਕਿ ਕੇਵਲ ਸਤਿਕਾਰ ਸ਼ਰਧਾ ਵਿਚ ਵਟ ਜਾਂਦਾ ਹੈ। ਕੇਵਲ ਸ਼ਰਧਾ ਆਪਣੀ ਵਾਰੀ ਸਿਰ ਪੂਜਾ-ਪਾਠਾਂ, ਕਰਮਕਾਂਡ ਅਤੇ ਪਸਤ-ਹਿੰਮਤੀ ਵਿਚ ਵਟ ਜਾਂਦੀ ਹੈ। ਉਹ ਕਦੇ ਵੀ ਨਹੀਂ ਚਾਹੁੰਦੇ ਹਨ ਕਿ ਉਨ੍ਹਾਂ ਦੇ ਸਿੱਖ ਪਸਤ-ਹਿੰਮਤੀ ਅਤੇ ਅੰਧ-ਵਿਸ਼ਵਾਸੀ ਦੀ ਦਲਦਲ ਵਿਚ ਫਸ ਜਾਣ। ਇਸੇ ਲਈ ਉਨ੍ਹਾਂ ਕਰੜੀ ਚਿਤਾਵਨੀ ਦਿੱਤੀ

ਅਕਾਲ ਉਸਤਤਿ ਵਿਚ ਗੁਰੂ ਜੀ ਵੱਲੋਂ ਕਰਮਕਾਂਡਾਂ, ਪੂਜਾ-ਪਾਠਾਂ, ਵਿਖਾਵਿਆਂ ਅਤੇ ਪਾਖੰਡਾਂ ਦਾ ਪਾਜ ਉਘੇੜ ਕੇ ਮਾਨਸਿਕ ਇਕਾਗਰਤਾ ਅਤੇ ਇਕਸੁਰਤਾ ਉੱਪਰ ਬਲ ਦਿੱਤਾ ਗਿਆ ਹੈ। ਇਸ ਵਿਚ ਸੱਚਾ ਧਰਮ ਨਿਭਾਉਣ ਦੀ ਪ੍ਰੇਰਨਾ ਦਿੱਤੀ ਗਈ ਹੈ ਤਾਂ ਜੋ ਮਨੁੱਖ ਸਦ-ਗੁਣਾਂ ਨੂੰ ਗ੍ਰਹਿਣ ਕਰਕੇ ਦੂਜਿਆਂ ਦੀ ਭਲਾਈ ਲਈ ਕਾਰਜਸ਼ੀਲ ਹੋ ਸਕੇ। ਗੁਰੂ ਜੀ ਕਰਮਕਾਂਡਾਂ ਨੂੰ ਫੋਕਟ ਧਰਮ ਕਹਿ ਕੇ ਨਿੰਦਦੇ ਹਨ:

ਅਕਾਲ ਉਸਤਤਿ ਵਿਚ ਦਰਜ ਦਸ ਸਵੱਈਏ ਖੰਡੇ-ਬਾਟੇ ਦੀ ਪਾਹੁਲ ਤਿਆਰ ਕਰਦੇ ਸਮੇਂ ਪੜ੍ਹੇ ਜਾਂਦੇ ਹਨ। ਇਨ੍ਹਾਂ ਵਿਚ ਗੁਰੂ ਜੀ ਨੇ ਦੋ ਧਿਰਾਂ ਵਿਰੁੱਧ ਬਹੁਤ ਸਖ਼ਤ ਟਿੱਪਣੀਆਂ ਕੀਤੀਆਂ ਹਨ। ਪਹਿਲੀ ਧਿਰ ਧਾਰਮਿਕ ਖੇਤਰ ਦੇ ਪ੍ਰਪੰਚੀਆਂ ਤੇ ਪਾਖੰਡੀਆਂ ਦੀ ਹੈ ਜੋ ਧਰਮ ਦਾ ਬੁਰਕਾ ਪਹਿਨ ਕੇ ਮਨੁੱਖੀ ਵਿਕਾਸ ਦੇ ਰਾਹ ਵਿਚ ਰੁਕਾਵਟਾਂ ਪਾਉਂਦੇ ਹਨ। ਗੁਰੂ ਜੀ ਪੂਰੇ ਸਵੈ-ਭਰੋਸੇ ਨਾਲ ਕਹਿੰਦੇ ਹਨ ਕਿ ਵਿਸ਼ਾਲ ਅਨੁਭਵ ਦੇ ਆਧਾਰ ਤੇ ਮੈਂ ਵੇਖਿਆ ਹੈ ਕਿ ਕੋਈ ਸੱਚਾ ਧਰਮੀ ਨਹੀਂ ਹੈ, ਕਿਸੇ ਨੂੰ ਆਪਣੇ ਇਸ਼ਟ ਪ੍ਰਤੀ ਕੋਈ ਪ੍ਰੇਮ ਨਹੀਂ ਹੈ, ਸਭ ਨੇ ਕਰਮਕਾਂਡ ਦੁਆਰਾ ਦੂਜਿਆਂ ਨੂੰ ਵਰਗਲਾਉਣ ਦਾ ਵਤੀਰਾ ਅਪਣਾਇਆ ਹੋਇਆ ਹੈ :

ਗੁਰੂ ਜੀ ਸਪਸ਼ਟ ਕਹਿੰਦੇ ਹਨ ਕਿ ਅੱਖਾਂ ਮੀਟ ਕੇ ਬਗਲੇ ਵਾਂਗ ਸਮਾਧੀ ਲਗਾਉਣ ਦਾ ਨਾਂ ਧਰਮ ਨਹੀਂ ਹੈ ਅਤੇ ਤੀਰਥਾਂ ਤੇ ਇਸ਼ਨਾਨ ਕਰਨਾ ਅਤੇ ਬੁੱਤ-ਪੂਜਾ ਕਰਨੀ ਆਦਿ ਸਮਾਂ ਗਵਾਉਣ ਦੇ ਬਰਾਬਰ ਹੈ। ਮੜ੍ਹੀਆਂ-ਮਸਾਣਾਂ ਅਤੇ ਦਰਗਾਹਾਂ ਆਦਿ ਦੀ ਪੂਜਾ ਵੀ ਨਿਰਾਰਥਕ ਹੈ ਅਤੇ ਅਜਿਹਾ ਕਰਨ ਨਾਲ ਕੁਝ ਵੀ ਪ੍ਰਾਪਤ ਨਹੀਂ ਹੋ ਸਕਦਾ। ਉਹ ਦੋ-ਟੁੱਕ ਰੂਪ ਵਿਚ ਲਿਖਦੇ ਹਨ ਕਿ ਇਸ਼ਟ ਦੀ ਪ੍ਰਾਪਤੀ ਲਈ ਪ੍ਰੇਮ ਹੀ ਸਰਬ-ਉੱਤਮ ਢੰਗ ਹੈ:

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਲਾਜ਼ਮੀ ਕਰਾਰ ਦਿੱਤੀ ਰਹਿਤ-ਮਰਯਾਦਾ ਵਿਚ ਦੇਵੀ-ਦੇਵਤਿਆਂ ਦੀ ਪੂਜਾ, ਅਵਤਾਰਵਾਦ, ਮੱਠ ਪੂਜਾ, ਸ਼ਗਨ-ਅਪਸ਼ਗਨ, ਤੀਰਥ-ਇਸ਼ਨਾਨ, ਵਰਤ, ਸੂਤਕ-ਪਾਤਕ, ਜਾਤ-ਪਾਤ, ਛੂਤ-ਛਾਤ, ਊਚ-ਨੀਚ, ਸਰਾਧ, ਛਾਇਆ, ਪੁੱਛਣਾਂ (ਪੁੱਛਾਂ), ਜੰਤਰ-ਮੰਤਰ ਅਤੇ ਤੰਤਰ ਆਦਿ ਦੀ ਸਖ਼ਤ ਮਨਾਹੀ ਕੀਤੀ ਗਈ। ਆਓ, ਥੋੜ੍ਹਾ ਵੇਰਵੇ ਨਾਲ ਗੁਰੂ ਜੀ ਦੇ ਤਰਕ-ਸੰਗਤ ਵਿਚਾਰਾਂ ਨੂੰ ਵੇਖੀਏ, ਘੋਖੀਏ ਅਤੇ ਅਪਣਾਈਏ !

ਭਗਤੀ ਲਹਿਰ ਦੇ ਭਗਤ ਸਾਹਿਬਾਨ ਅਤੇ ਪਹਿਲੇ ਗੁਰੂ ਸਾਹਿਬਾਨ ਵਾਂਗ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਉਸਤਤਿ ਵਿਚ ਮੁਕਤੀ-ਮਾਰਗ ਦੇ ਵਿਸ਼ਵਾਸੀਆਂ ਦਾ ਮਜ਼ਾਕ ਵੀ ਉਡਾਇਆ ਅਤੇ ਪ੍ਰਚਲਤ ਭੇਖਾਂ ਨੂੰ ਤਰਕਯੁਕਤ ਢੰਗ ਨਾਲ ਨਿਸਫ਼ਲ ਦੱਸਿਆ। ਬਾਹਰੀ ਭੇਖ ਕਰਨ, ਵਿਖਾਵਾ ਕਰਨ ਅਤੇ ਦੰਭੀ ਸਰੀਰਕ ਕ੍ਰਿਆਵਾਂ ਕਰਨ ਵਾਲੇ ਜੋਗੀਆਂ ਤੇ ਸੰਨਿਆਸੀਆਂ ਬਾਰੇ ਗੁਰੂ ਜੀ ਨੇ ਟਿੱਪਣੀਆਂ ਕੀਤੀਆਂ।

ਸ੍ਰੀ ਗੁਰੂ ਨਾਨਕ ਦੇਵ ਜੀ ਵਾਂਗ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਹਠ-ਜੋਗ ਅਤੇ ਹੋਰ ਜੋਗ ਭੇਖਾਂ ਦੀ ਥਾਂ ਮਾਨਸਿਕ ਸਹਿਜ-ਜੋਗ ਤੇ ਬਲ ਦਿੱਤਾ।

ਜੋਗ ਮਾਰਗ ਬਾਰੇ ਗੁਰੂ ਜੀ ਨੇ ਬੜੀਆਂ ਸਪਸ਼ਟ ਟਿੱਪਣੀਆਂ ਕੀਤੀਆਂ ਹਨ। ਸਮਾਧੀ ਲਾ ਕੇ ਆਪਣਾ ਜਾਂ ਸੰਸਾਰ ਦਾ ਕਲਿਆਣ ਕਰਨ ਦਾ ਦਾਅਵਾ ਕਰਨ ਵਾਲਿਆਂ ਨੂੰ ਗੁਰੂ ਜੀ ਨੇ ਪੱਥਰ ਨਾਲ ਅਤੇ ਦੇਸ਼-ਦੇਸ਼ਾਂਤਰਾਂ ਦਾ ਕੇਵਲ ਰਟਨ ਕਰਨ ਵਾਲੇ ਜੋਗੀਆਂ ਆਦਿ ਨੂੰ ਇੱਲਾਂ ਤੇ ਕਾਵਾਂ ਨਾਲ ਤਸ਼ਬੀਹ ਦੇ ਕੇ ਕਰਮਕਾਂਡ ਦਾ ਖੰਡਨ ਕੀਤਾ ਹੈ। ਇਸੇ ਤਰ੍ਹਾਂ ਇਕ ਹੀ ਲੱਤ/ਪੈਰ ਤੇ ਖੜ੍ਹੇ ਹੋ ਕੇ ਤਪ ਕਰਨ ਨਾਲ ਵੀ ਕੋਈ ਪ੍ਰਾਪਤੀ ਨਹੀਂ ਹੋ ਸਕਦੀ। ਇਸ ਹਠ ਜੋਗ ਦੀ ਨਿਰਾਰਥਕਤਾ ਦਰਸਾਉਣ ਲਈ ਗੁਰੂ ਜੀ ਰੁੱਖਾਂ ਦੀ ਉਦਾਹਰਣ ਦਿੰਦੇ ਹਨ ਜਿਹੜੇ ਇਕ ਹੀ ਲੱਤ ਤੇ ਖੜ੍ਹੇ ਵਿਖਾਈ ਦਿੰਦੇ ਹਨ। ਗੁਰੂ ਜੀ ਅਨੁਸਾਰ ਸਰੇਵੜਿਆਂ ਵਾਂਗ ਫੂਕ-ਫੂਕ ਕੇ ਪੈਰ ਧਰਨ ਨਾਲ ਵੀ ਮੰਤਵ ਦੀ ਪ੍ਰਾਪਤੀ ਨਹੀਂ ਹੋ ਸਕਦੀ :

ਵਿਅੰਗਾਤਮਕ ਪੇਸ਼ਕਾਰੀ, ਜੋ ਉੱਚਤਮ ਬੌਧਿਕਤਾ ਦਾ ਪ੍ਰਮਾਣ ਹੈ, ਰਾਹੀਂ ਗੁਰੂ ਜੀ ਜੋਗੀਆਂ ਦੇ ਕਰਮਕਾਂਡਾਂ ਨੂੰ ਦਰਸਾ ਕੇ ਮਨੁੱਖ ਨੂੰ ਸਾਵਧਾਨ ਕਰਦੇ ਹਨ:

ਗੁਰੂ ਜੀ ਕੁਝ ਹੋਰ ਕਰਮਕਾਂਡਾਂ ਦੀ ਨਿਰਾਰਥਕਤਾ ਬੜੀ ਸਰਲ ਅਤੇ ਸਾਦੀ ਬੋਲੀ ਵਿਚ ਉਘਾੜਦੇ ਹਨ। ਇਸ ਮੰਤਵ ਦੀ ਪੂਰਤੀ ਲਈ ਉਹ ਰੋਜ਼ਾਨਾ ਜੀਵਨ ਵਿਚੋਂ ਦ੍ਰਿਸ਼ਟਾਂਤ ਲੈ ਕੇ ਤੁਲਨਾਤਮਿਕ ਪੇਸ਼ਕਾਰੀ ਰਾਹੀਂ ਆਪਣਾ ਪੱਖ ਸਪਸ਼ਟ ਕਰਦੇ ਹਨ। ਉਹ ਲਿਖਦੇ ਹਨ ਕਿ ਜੇਕਰ ਗੰਦ ਖਾਣ ਅਤੇ ਗੰਦੇ ਰਹਿਣ ਨਾਲ ਇਸ਼ਟ ਦੀ ਪ੍ਰਾਪਤੀ ਹੁੰਦੀ ਤਾਂ ਸੂਰ ਨੇ ਸਰਬ ਪ੍ਰਥਮ ਰਹਿਣਾ ਸੀ। ਜੇਕਰ ਸਰੀਰ ਤੇ ਮਿੱਟੀ-ਸਵਾਹ ਆਦਿ ਮਲਣ ਨਾਲ ਕਲਿਆਣ ਸੰਭਵ ਹੁੰਦਾ ਤਾਂ ਖੋਤਾ ਤੇ ਹਾਥੀ ਤਾਂ ਮਿੱਟੀ ਵਿਚ ਰਹਿ ਕੇ ਹੀ ਖੁਸ਼ ਹੁੰਦੇ ਹਨ। ਜੇਕਰ ਜੰਗਲ ਵਿਚ ਰਹਿਣ ਨਾਲ ਮੁਕਤੀ ਪ੍ਰਾਪਤ ਹੁੰਦੀ ਤਾਂ ਗਿੱਦੜ ਨੂੰ ਇਹ ਪ੍ਰਾਪਤੀ ਹੋਣੀ ਚਾਹੀਦੀ ਸੀ। ਜੇਕਰ ਚੁੱਪ ਧਾਰ ਕੇ ਇਸ਼ਟ ਦੀ ਪ੍ਰਾਪਤੀ ਹੋ ਸਕਦੀ ਤਾਂ ਰੁੱਖ ਤਾਂ ਸਦਾ ਹੀ ਚੁੱਪ ਸਾਧੀ ਰੱਖਦੇ ਹਨ। ਜੇਕਰ ਵੀਰਜ ਸਾਂਭਿਆਂ ਭਵਜਲ ਤਰਿਆ ਜਾਂਦਾ ਹੈ ਤਾਂ ਹੀਜੜੇ ਇਸ ਵਡਿਆਈ ਦੇ ਵਧੇਰੇ ਹੱਕਦਾਰ ਹੋ ਸਕਦੇ ਸਨ। ਜੇਕਰ ਸਮਾਧੀ ਲਗਾਇਆਂ ਅਤੇ ਕਲਪਨਾ ਦੇ ਘੋੜੇ ਦੁੜਾਇਆਂ ਇਸ਼ਟ-ਪ੍ਰਾਪਤੀ ਹੋ ਜਾਂਦੀ ਤਾਂ ਪੰਛੀਆਂ ਨਾਲੋਂ ਉਚੇਰੀ ਉਡਾਰੀ ਕੌਣ ਲਗਾ ਸਕਦਾ ਹੈ ? ਜੇਕਰ ਦੁੱਧ ਉੱਪਰ ਗੁਜ਼ਾਰਾ ਕਰਨ ਵਾਲਿਆਂ ਨੂੰ ਇਸ਼ਟ-ਪ੍ਰਾਪਤੀ ਹੋ ਜਾਵੇ ਤਾਂ ਬੱਚੇ ਇਸ ਦੇ ਸਭ ਤੋਂ ਵੱਡੇ ਹੱਕਦਾਰ ਹਨ ਅਤੇ ਜੇਕਰ ਪੌਣ ਆਹਾਰ ਨਾਲ ਮੁਕਤੀ ਮਿਲੇ ਤਾਂ ਸੱਪਾਂ ਨੂੰ ਮਿਲਣੀ ਚਾਹੀਦੀ ਹੈ। ਜੇਕਰ ਧੂਣੀਆਂ ਤਪਾ ਕੇ ਇਸ਼ਟ ਦੀ ਪ੍ਰਾਪਤੀ ਹੁੰਦੀ ਤਾਂ ਬਹੁਤ ਜੀਵ ਹਨ ਜੋ ਅੱਗ ਵਰਗੀ ਗਰਮੀ ਸਹਿੰਦੇ ਹਨ। ਜੇਕਰ ਅੱਗ ਵਿਚ ਜਲਣ ਨਾਲ ਮੁਕਤੀ ਪ੍ਰਾਪਤ ਹੋ ਜਾਂਦੀ ਤਾਂ ਸਤੀ ਹੋਣ ਵਾਲੀਆਂ ਇਸਤਰੀਆਂ ਤਰ ਜਾਂਦੀਆਂ ! ਗੁਰੂ ਜੀ ਦੇ ਅਸਲ ਸ਼ਬਦਾਂ ਨੂੰ ਜਾਣਨਾ ਵੀ ਜ਼ਰੂਰੀ ਹੈ ਹੋਰ ਕਰਮਕਾਂਡਾਂ, ਪਾਖੰਡੀ ਵਿਵਹਾਰ ਅਤੇ ਦੰਭੀ ਜੀਵਨ-ਸ਼ੈਲੀ ਦੀਆਂ ਉਦਾਹਰਣਾਂ ਪੇਸ਼ ਕਰਕੇ ਗੁਰੂ ਜੀ ਇਸ਼ਟ-ਪ੍ਰਾਪਤੀ ਦਾ ਢੰਗ ਵੀ ਦੱਸਦੇ ਹਨ। ਇਸ ਲਈ ਉਹ ਪ੍ਰੇਮ ਨੂੰ ਸਰਬ-ਉਤਮ ਵਿਧੀ ਨਿਰਧਾਰਤ ਕਰਦੇ ਹਨ। ਪਰਮ ਸ਼ਕਤੀ ਅਤੇ ਇਸ ਦੇ ਵਿਭਿੰਨ ਰੂਪਾਂ, ਕੁਦਰਤ ਦੀ ਅਸੀਮਤਾ, ਅਨੰਤਤਾ, ਵਿਸ਼ਾਲਤਾ, ਵਿਵਿਧਤਾ ਆਦਿ ਨੂੰ ਜਾਣਨ ਦਾ ਜਤਨ ਕਰਨ, ਬ੍ਰਹਿਮੰਡਕ ਏਕਤਾ ਵਿਚ ਅਨੇਕਤਾ ਦਾ ਜਸ ਗਾਇਨ ਕਰਨ ਤੋਂ ਛੁੱਟ ਗੁਰੂ ਜੀ ਹੋਰ ਕਿਸੇ ਦੀ ਵਡਿਆਈ ਨਹੀਂ ਕਰਨਾ ਚਾਹੁੰਦੇ ਹਨ। ਉਹ ਕੇਵਲ ਕੁਦਰਤ ਤੇ ਕਾਇਨਾਤ ਦੇ ਵਿਸ਼ਾਲ ਪਸਾਰੇ ਦਾ ਅਧਿਐਨ ਅਤੇ ਇਸ ਸਾਰੇ ਕੁਝ ਦੇ ਮੂਲ ਦੀ ਹੀ ਅਰਾਧਨਾ ਕਰਨੀ ਚਾਹੁੰਦੇ ਹਨ। ਇਹ ਮੂਲ ਆਧਾਰ ਕੇਵਲ ਇਕ ਹੈ। ਗੁਰੂ ਜੀ ਉਸ ਉੱਪਰ ਹੀ ਸਾਰਾ ਧਿਆਨ ਕੇਂਦਰਿਤ ਕਰਨ ਤੇ ਜ਼ੋਰ ਦਿੰਦੇ ਹਨ:

ਪ੍ਰਕ੍ਰਿਤਿਕ ਸ਼ਕਤੀ ਦੇ ਗਿਆਨ, ਉਸ ਵਿਚ ਵਿਸ਼ਵਾਸ ਅਤੇ ਉਸ ਦੀ ਪ੍ਰਾਪਤੀ ਲਈ ਕੀਤੇ ਜਤਨਾਂ ਤੋਂ ਛੁੱਟ ਬਾਕੀ ਸਾਰਾ ਕੁਝ ਕਰਮਕਾਂਡ ਹੈ ਅਤੇ ਇਸ ਤਰ੍ਹਾਂ ਨਿਰਾਰਥਕ ਹੈ:

ਮਾਨਸਿਕ ਇਕਾਗਰਤਾ ਲਈ ਗਿਆਨ ਬੜਾ ਜ਼ਰੂਰੀ ਹੈ। ਭਟਕਾਵ ਤੋਂ ਬਚਣ ਲਈ ਵਾਸਤਵਿਕਤਾ ਦਾ ਸੂਖ਼ਮ ਐਪਰ ਬਹੁਪੱਖੀ ਗਿਆਨ ਬੜਾ ਜ਼ਰੂਰੀ ਹੈ। ਇਛਾਵਾਂ ਨੂੰ ਸੀਮਤ ਜਾਂ ਕਾਬੂ ਹੇਠ ਰੱਖਣ ਲਈ ਅਤੇ ਮਨ ਨੂੰ ਕਾਬੂ ਵਿਚ ਰੱਖਣ ਹਿਤ ਜਿਥੇ ਕੁਦਰਤੀ ਨੇਮਾਂ ਦੀ ਪਾਲਣਾ ਜ਼ਰੂਰੀ ਹੈ ਉਥੇ ਗਿਆਨ-ਪ੍ਰਾਪਤੀ ਦੀ ਵੀ ਬਹੁਤ ਲੋੜ ਹੈ। ਇਸ ਸਥਿਤੀ ਤੇ ਪਹੁੰਚ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਗਲੀ ਗੱਲ ਦੱਸਦੇ ਹਨ ਕਿ ਅਮਲ ਤੋਂ ਬਗੈਰ ਸਿਧਾਂਤਕ ਗਿਆਨ ਬੇਕਾਰ ਹੈ। ਜੇਕਰ ਗਿਆਨ-ਪ੍ਰਾਪਤੀ ਵੱਲ ਰੁਚਿਤ ਮਨੁੱਖ ਚੰਗੇ ਕਰਮ ਨਹੀਂ ਕਰਦਾ ਤਾਂ ਉਸ ਗਿਆਨ ਨੂੰ ਵੀ ਗੁਰੂ ਜੀ ਨਿਰਾ ਪ੍ਰਪੰਚ ਹੀ ਮੰਨਦੇ ਹਨ :

ਇਹ ਠੀਕ ਹੈ ਕਿ

ਏਕ ਗਿਆਨ ਕੇ ਬਿਹੀਨ ਛੀਨ
ਕੈਸੇ ਕੈ ਤਰਤ ਹੈ । 71।

ਐਪਰ ਮਨੁੱਖ-ਹਿੱਤੂ ਦਿਸ਼ਾ ਵਿਚ ਕਰਮਸ਼ੀਲ ਹੋਣਾ ਅਗਲਾ ਕਦਮ ਹੋਣਾ ਚਾਹੀਦਾ ਹੈ। ਇਹ ਸਾਰਾ ਕੁਝ ਪ੍ਰੇਮ ਤੋਂ ਬਿਨਾਂ ਅਸੰਭਵ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰੇਮ ਦੀ ਪ੍ਰਕ੍ਰਿਤੀ ਅਤੇ ਸਰੂਪ ਬਾਰੇ ਵੀ ਬੜਾ ਸੁਹਣਾ ਫ਼ੁਰਮਾ ਗਏ ਹਨ। ਇਹ ਹੈ ਕੁਦਰਤ ਦੇ ਵਿਭਿੰਨ ਤੇ ਵਿਵਧ ਪਸਾਰੇ ਨੂੰ ਇਕ ਮੂਲ ਤੋਂ ਪੈਦਾ ਹੋਇਆ ਸਮਝਣਾ ਅਤੇ ਸਰੀਰਕ, ਸਮਾਜਿਕ, ਭੂਗੋਲਿਕ ਅਤੇ ਵਾਤਾਵਰਨ ਤੋਂ ਪ੍ਰਭਾਵਿਤ ਭਿੰਨਤਾਵਾਂ ਨੂੰ ਇਕ ਪਾਸੇ ਰੱਖ ਕੇ ਸਾਰੇ ਮਨੁੱਖਾਂ ਨੂੰ ਇਕ ਸਮਾਨ ਸਮਝਣਾ ਅਤੇ ਉਨ੍ਹਾਂ ਦੀ ਬਿਹਤਰੀ ਲਈ ਉਨ੍ਹਾਂ ਨੂੰ ਪਿਆਰ ਕਰਨਾ। ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ।

ਦਾਰਸ਼ਨਿਕ ਯੋਧੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉੱਪਰ ਵਰਣਿਤ ਜੀਵਨ-ਸ਼ੈਲੀ, ਰਚਨਾ ਅਤੇ ਮਹਾਨ ਕਾਰਨਾਮਿਆਂ ਦੀ ਪੇਸ਼ਕਾਰੀ ਅਤੇ ਵਿਦਵਾਨ ਲੇਖਕਾਂ ਦੀਆਂ ਪ੍ਰਸੰਗ ਅਨੁਕੂਲ ਟਿੱਪਣੀਆਂ ਇਹ ਪ੍ਰਮਾਣਿਤ ਕਰਨ ਲਈ ਕਾਫ਼ੀ ਹਨ ਕਿ ਗੁਰੂ ਜੀ ਅਡੋਲ ਵਿਸ਼ਵਾਸ, ਫੌਲਾਦੀ ਦ੍ਰਿੜ੍ਹਤਾ, ਅਤੁੱਟ ਨਿਰਭੈਤਾ, ਅਦੁੱਤੀ ਦਲੇਰੀ, ਹੈਰਾਨਕੁੰਨ ਸਾਹਸ ਅਤੇ ਉਤਸ਼ਾਹ ਤੇ ਪ੍ਰੇਰਨਾ ਦੇ ਅਮੁੱਕ ਸੋਮੇ ਸਨ ਤੇ ਹਨ। ਇਨ੍ਹਾਂ ਅਤੇ ਅਨੇਕਾਂ ਹੋਰ ਮਨੁੱਖੀ ਸਦ-ਗੁਣਾਂ ਨਾਲ ਭਰਪੂਰ ਉਹ ਆਸ਼ਾਵਾਦੀ ਦੀ ਲਟ-ਲਟ ਬਲਦੀ ਜੋਤ ਵਜੋਂ ਪ੍ਰਕਾਸ਼ਵਾਨ ਹੋਏ।

-ਡਾ. ਅਨੂਪ ਸਿੰਘ

# ਯੁੱਧ ਲਈ ਤਿਆਰ ਅਮਰੀਕਾ ਨੇ ਦਿਖਾਈ ਤਾਕਤ, 52 ਲੜਾਕੂ ਜਹਾਜ਼ਾਂ ਨੇ ਭਰੀ ਉਡਾਣ

ਵਾਸ਼ਿੰਗਟਨ (ਬਿਊਰੋ): ਅਮਰੀਕਾ-ਈਰਾਨ ਵਿਚਾਲੇ ਚੱਲ ਰਹੇ ਤਣਾਅ ਦੇ ਵਿਚ ਅਮਰੀਕੀ ਹਵਾਈ ਫੌਜ ਨੇ ਇਕੱਠੇ 50 ਤੋਂ ਵੱਧ ਹਥਿਆਰਬੰਦ ਲਾਈਟਨਿੰਗ-ਸੈਕੰਡ ਲਾਂਚ ਕੀਤੇ ਹਨ। ਅਮਰੀਕਾ ਨੇ ਇਹ ਤਿਆਰੀ ਈਰਾਨ 'ਤੇ ਪਹਿਲਾਂ ਤੋਂ ਐਲਾਨੇ ਹਮਲੇ ਦੇ ਮੱਦੇਨਜ਼ਰ ਕੀਤੀ ਹੈ। ਅਮਰੀਕਾ ਦੇ ਇਹਨਾਂ ਜਹਾਜ਼ਾਂ ਨੇ ਉਟਾਹ ਵਿਚ ਹਿੱਲ ਏਅਰ ਫੋਰਸ ਬੇਸ ਤੋਂ ਉਡਾਣ ਭਰੀ। ਇਹਨਾਂ ਜਹਾਜ਼ਾਂ ਦਾ ਨਾਮ 6-351 ਹੈ ਅਤੇ ਕੀਮਤ 4.2 ਬਿਲੀਅਨ ਡਾਲਰ ਦੱਸੀ ਜਾ ਰਹੀ ਹੈ।ਅਮਰੀਕੀ ਹਵਾਈ ਫੌਜ ਨੇ ਮੰਗਲਵਾਰ ਨੂੰ 50 ਤੋਂ ਵੱਧ ਪੂਰੀ ਤਰ੍ਹਾਂ ਨਾਲ ਹਥਿਆਰਬੰਦ ਲਾਈਟਨਿੰਗ ਦੂਜਾ ਫੌਜੀਆਂ ਦੇ ਨਾਲ ਲਾਂਚ ਕੀਤਾ। ਇਹ ਸਾਰੇ ਜਹਾਜ਼ ਇਕ ਹੀ ਇਸ਼ਾਰੇ 'ਤੇ ਇਕੱਠੇ ਉਡਾਣ ਭਰ ਸਕਦੇ ਹਨ ਅਤੇ ਦੁਸ਼ਮਣ 'ਤੇ ਹਮਲਾ ਕਰ ਸਕਦੇ ਹਨ। 4.2 ਬਿਲੀਅਨ ਡਾਲਰ ਦੀ



ਕੀਮਤ ਵਾਲੇ 52 6-351 ਜਹਾਜ਼ਾਂ ਨੇ ਉਟਾਹ ਵਿਚ ਹਿੱਲ ਏਅਰ ਫੋਰਸ ਬੇਸ ਤੋਂ ਉਡਾਣ ਭਰੀ।ਅਮਰੀਕਾ ਵਿਚ ਐਕਟਿਵ ਡਿਊਟੀ 388ਵੇਂ ਅਤੇ ਰਿਜ਼ਰਵ 419ਵੇਂ ਫਾਈਟਰ ਵਿੰਗਸ ਵੱਲੋਂ ਕੀਤੇ ਗਏ ਅਭਿਆਸ ਨੇ ਹਵਾਈ ਫੌਜ ਦੀ ਭਾਰੀ ਤਾਕਤ ਦਾ ਪ੍ਰਦਰਸ਼ਨ ਕੀਤਾ ਅਤੇ ਈਰਾਨ ਨੂੰ ਚਿਤਾਵਨੀ ਦਿੱਤੀ। 419ਵੇਂ ਫਾਈਟਰ ਵਿੰਗਸ ਨੇ ਅਭਿਆਸ ਦੇ ਬਾਅਦ ਟਵੀਟ ਕੀਤਾ, "ਅਸੀਂ ਉਡਾਣ ਭਰਨ, ਲੜਨ ਅਤੇ ਜਿੱਤਣ ਲਈ ਤਿਆਰ ਹਾਂ।" ਦੀ ਮਿਰਰ ਦੀ ਰਿਪੋਰਟ ਦੇ ਮੁਤਾਬਕ ਇਹਨਾਂ ਦਾ ਟ੍ਰਾਇਲ ਕੀਤਾ ਗਿਆ ਹੈ। ਉਹਨਾਂ ਦਾ ਕਹਿਣਾ ਹੈ ਕਿ ਏਅਰਫੋਰਸ ਨੂੰ ਐਕਸਰਸਾਈਜ਼ ਦੇ ਦੌਰਾਨ ਸੀਮਾਵਾਂ ਤੋਂ ਬਾਹਰ ਕੀਤਾ ਗਿਆ ਅਤੇ ਏਅਰਮੈਨ ਦੀ F-CEAs ਐਨ ਮਾਸੇ ਨੂੰ ਤਾਇਨਾਤ ਕਰਨ ਦੀ ਸਮੱਰਥਾ ਦਾ ਪਰੀਖਣ ਕੀਤਾ। 388ਵੇਂ ਫਾਈਟ ਵਿੰਗਸ ਨੇ ਕਿਹਾ ਕਿ ਇਕ ਯੋਜਨਾਬੱਧ ਤਰੀਕੇ ਨਾਲ 6-351 ਜਹਾਜ਼ਾਂ ਦੀ ਸਮੱਰਥਾ ਦਾ ਪ੍ਰਦਰਸ਼ਨ ਕੀਤਾ ਗਿਆ, ਜਿਸ ਨਾਲ ਤਾਕਤ ਦਾ ਅੰਦਾਜ਼ਾ ਲੱਗ ਸਕੇ। ਇਸ ਐਕਸਰਸਾਈਜ਼ ਦੇ ਦੌਰਨ ਕਰਮੀਆਂ ਦੀ ਜਵਾਬਦੇਹੀ, ਜਹਾਜ਼ ਨਿਰਮਾਣ, ਜ਼ਮੀਨੀ ਸੰਚਾਲਨ, ਉਡਾਣ ਸੰਚਾਲਨ ਅਤੇ ਲੜਾਕੂ ਸਮੱਰਥਾ ਦੇ ਖੇਤਰਾਂ ਵਿਚ ਤਿਆਰੀ ਦਾ ਪਰੀਖਣ ਕੀਤਾ ਗਿਆ। ਇਸ ਵਿਚ ਹਵਾ ਅਤੇ ਜ਼ਮੀਨ ਦੇ ਠਿਕਾਣਿਆਂ ਦੇ ਵਿਰੁੱਧ ਪ੍ਰਦਰਸ਼ਨ ਵੀ ਦੇਖਿ ਆ ਗਿਆ। ਆਪਣੇ ਪਹਿਲੇ ਲੜਾਕੂ-ਕੋਡ ਐਫ-35ਏ ਲਾਈਟਨਿੰਗ ਦੂਜਾ ਜਹਾਜ਼ ਨੂੰ ਹਾਸਲ ਕਰਨ ਦੇ 4 ਸਾਲ ਤੋਂ ਥੋੜ੍ਹੇ ਵੱਧ ਸਮੇਂ ਦੇ ਬਾਅਦ ਹੁਣ ਅਮਰੀਕੀ ਫੌਜ ਪਹਾੜੀ ਇਲਾਕਿਆਂ ਵਿਚ ਲੜਨ ਦੇ ਕਾਬਲ ਹੋ ਗਈ ਹੈ।

## ਭਾਰਤੀ ਮੂਲ ਦੀਆਂ ਔਰਤਾਂ ਨਿਊਯਾਰਕ ਚ ਜੱਜ ਨਿਯੁਕਤ






ਨਿਊਯਾਰਕ- ਨਿਊਯਾਰਕ ਸ਼ਹਿਰ ਦੇ ਮੇਅਰ ਬਿਲ ਡੇ ਬਲਾਸਿਓ ਨੇ ਭਾਰਤੀ ਮੂਲ ਦੀਆਂ ਦੋ ਮਹਿਲਾ ਵਕੀਲਾਂ ਨੂੰ ਅਪਰਾਧਿਕ ਤੇ ਦੀਵਾਨੀ ਅਦਾਲਤਾਂ ਵਿਚ ਜੱਜ ਨਿਯੁਕਤ ਕੀਤਾ ਹੈ। ਜੱਜ ਅਰਚਨਾ ਰਾਵ ਨੂੰ ਅਪਰਾਧਿਕ ਅਦਾਲਤ ਵਿਚ ਤੇ ਜੱਜ ਦੀਪਾ ਅੰਬੇਕਰ ਨੂੰ ਦੀਵਾਨੀ ਅਦਾਲਤ ਵਿਚ ਨਿਯੁਕਤ ਕੀਤਾ ਗਿਆ ਹੈ। ਰਾਵ ਨੂੰ ਇਸ ਤੋਂ ਪਹਿਲਾਂ ਜਨਵਰੀ 2019 ਵਿਚ ਦੀਵਾਨੀ ਵਿਚ ਅੰਤਰਿਮ ਜੱਜ ਦੇ ਰੂਪ ਵਿਚ ਨਿਯੁਕਤ ਕੀਤਾ ਗਿਆ ਸੀ। ਨਿਊਯਾਰਕ ਕਾਊਂਟੀ ਜ਼ਿਲਾ ਅਟਾਰਨੀ ਦਫਤਰ ਵਿਚ ਉਹ 17 ਸਾਲ ਤੋਂ ਆਪਣੀਆਂ ਸੇਵਾਵਾਂ ਦੇ ਰਹੀ ਹੈ। ਅੰਬੇਦਰ ਨੂੰ ਮਈ 2018 ਵਿਚ ਦੀਵਾਨੀ ਅਦਾਲਤ ਵਿਚ ਅੰਤਰਿਮ ਜੱਜ ਦੇ ਰੂਪ ਵਿਚ ਨਿਯੁਕਤ ਕੀਤਾ ਗਿਆ ਸੀ। ਮੇਅਰ ਨੇ ਪਰਿਵਾਰ ਅਦਾਲਤ, ਅਪਰਾਧਿਕ, ਦੀਵਾਨੀ ਅਦਾਲਤ ਵਿਚ 28 ਨਿਯੁਕਤੀਆਂ ਕੀਤੀਆਂ ਹਨ।

## ਅਮਰੀਕਾ ਨੇ ਇਜ਼ਰਾਇਲ ਤੇ ਫਲਸਤੀਨ ਦੀ ਯਾਤਰਾ ਕਰਨ ਵਾਲਿਆਂ ਲਈ ਜਾਰੀ ਕੀਤਾ



ਵਾਸ਼ਿੰਗਟਨ- ਅਮਰੀਕਾ ਨੇ ਪੱਛਮੀ ਏਸ਼ੀਆ 'ਚ ਤਣਾਅ ਦੇ ਮੱਦੇਨਜ਼ਰ ਆਪਣੇ ਨਾਗਰਿਕਾਂ ਨੂੰ ਇਜ਼ਰਾਇਲ ਅਤੇ ਫਲਸਤੀਨ ਦੀ ਯਾਤਰਾ ਸਮੇਂ ਅਲਰਟ ਰਹਿਣ ਦੀ ਸਲਾਹ ਦਿੱਤੀ ਹੈ। ਇਜ਼ਰਾਇਲ 'ਚ ਅਮਰੀਕੀ ਦੂਤਘਰ ਨੇ ਸੋਮਵਾਰ ਨੂੰ ਇਕ ਬਿਆਨ ਜਾਰੀ ਕਰਕੇ ਕਿਹਾ, "ਪੱਛਮੀ ਏਸ਼ੀਆ 'ਚ ਤਣਾਅ ਦੇ ਮੱਦੇਨਜ਼ਰ ਅਮਰੀਕੀ ਨਾਗਰਿਕਾਂ ਨੂੰ ਵਿਦੇਸ਼ 'ਚ ਸੁਰੱਖਿਆ ਜੋਖ਼ਮ ਹੋ ਸਕਦਾ ਹੈ।"

ਅਮਰੀਕੀ ਨਾਗਰਿਕਾਂ ਨੂੰ ਯੇਰੂਸ਼ਲਮ, ਵੈਸਟ ਬੈਂਕ ਅਤੇ ਗਾਜ਼ਾ ਪੱਟੀ ਦੀ ਯਾਤਰਾ ਦੌਰਾਨ ਅਲਰਟ ਰਹਿਣ ਦੀ ਸਲਾਹ ਦਿੱਤੀ ਜਾਂਦੀ ਹੈ। ਬਿਆਨ 'ਚ ਕਿਹਾ ਗਿਆ ਹੈ ਕਿ ਅਮਰੀਕਾ ਆਪਣੇ ਨਾਗਰਿਕਾਂ ਨੂੰ ਸੁਰੱਖਿਆ ਪ੍ਰਤੀ ਅਲਰਟ ਅਤੇ ਜਾਗਰੂਕ ਰਹਿਣ ਦੀ ਸਲਾਹ ਦਿੰਦਾ ਹੈ ਕਿਉਂਕਿ ਰਾਕੇਟ ਹਮਲਾ ਕਿਸੇ ਵੀ ਸਥਾਨ 'ਤੇ ਬਿਨਾ ਕਿਸੇ ਅਲਰਟ ਦੇ ਹੋ ਸਕਦਾ ਹੈ। ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਅਮਰੀਕੀ ਡਰੋਨ ਹਮਲੇ 'ਚ ਈਰਾਨ ਦੀ ਇਸਲਾਮਕ ਰੈਵੂਲਿਊਸ਼ਨਰੀ ਗਾਰਡ ਕੋਰ ਦੇ ਕਮਾਂਡਰ ਕਾਸਿਮ ਸੁਲੇਮਾਨੀ ਸਣੇ ਕਈ ਲੋਕ ਮਾਰੇ ਜਾਣ ਦੇ ਬਾਅਦ ਈਰਾਨ ਤੋਂ ਬਦਲਾ ਲੈਣ ਦੀ ਧਮਕੀ ਦੇ ਮੱਦੇਨਜ਼ਰ ਅਮਰੀਕਾ ਨੇ ਇਹ ਅਲਰਟ ਜਾਰੀ ਕੀਤਾ ਹੈ। ਅਮਰੀਕਾ ਨੇ ਹਮਲੇ ਦੇ ਬਾਅਦ ਸ਼ੁੱਕਰਵਾਰ ਨੂੰ ਬਗਦਾਦ 'ਚ ਅਮਰੀਕੀ ਦੂਤਘਰ ਦੇ ਸਾਰੇ ਅਮਰੀਕੀ ਨਾਗਰਿਕਾਂ ਨੂੰ ਤੁਰੰਤ ਇਰਾਕ ਛੱਡਣ ਲਈ ਕਿਹਾ ਸੀ। ਇਸ ਦੇ ਇਲਾਵਾ ਲੈਬਨਾਨ ਦੀ ਰਾਜਧਾਨੀ ਬੈਰੂਤ 'ਚ ਅਮਰੀਕੀ ਦੂਤਘਰ ਨੇ ਸੁਰੱਖਿਆ ਚਿਤਾਵਨੀ ਜਾਰੀ ਕਰ ਕੇ ਅਮਰੀਕੀ ਨਾਗਰਿਕਾਂ ਨੂੰ ਸਾਵਧਾਨੀ ਵਰਤਣ ਲਈ ਕਿਹਾ ਹੈ।

## ਟਰੰਪ ਸਰਕਾਰ ਨੇ ਨਹੀਂ ਦਿੱਤਾ ਈਰਾਕ ਦੇ ਵਿਦੇਸ਼ ਮੰਤਰੀ ਨੂੰ ਵੀਜ਼ਾ



ਵਾਸ਼ਿੰਗਟਨ- ਅਮਰੀਕਾ ਨੇ ਈਰਾਨ ਦੇ ਵਿਦੇਸ਼ ਮੰਤਰੀ ਮੁਹੰਮਦ ਜਵਾਦ ਜਰੀਫ ਦੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਬੈਠਕ 'ਚ ਹਿੱਸਾ ਲੈਣ ਆਉਣ ਲਈ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਸਿਆਸੀ ਸੂਤਰਾਂ ਮੁਤਾਬਕ ਟਰੰਪ ਪ੍ਰਸ਼ਾਸਨ ਦੇ ਅਧਿਕਾਰੀ ਨੇ ਸੋਮਵਾਰ ਨੂੰ ਸੰਯੁਕਤ ਰਾਸ਼ਟਰ ਮਹਾਸਕੱਤਰ ਐਂਟੋਨੀਓ ਗੁਤਾਰੇਸ ਨੂੰ ਫੋਨ ਕਰਕੇ ਦੱਸਿਆ ਕਿ ਅਮਰੀਕਾ ਈਰਾਨ ਦੇ ਵਿਦੇਸ਼ ਮੰਤਰੀ ਨੂੰ ਦੇਸ਼ 'ਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਦੇਵੇਗਾ। ਵੀਰਵਾਰ ਨੂੰ ਹੋਣ ਵਾਲੀ ਇਸ ਬੈਠਕ 'ਚ ਜਰੀਫ ਨੇ ਵਿਸ਼ਵ ਭਾਈਚਾਰੇ ਨੂੰ ਸੰਬੋਧਤ ਕਰਨਾ ਸੀ। ਅਮਰੀਕਾ ਤੇ ਈਰਾਨ ਵਿਚਕਾਰ ਤਣਾਅ ਬਹੁਤ ਵਧ ਗਿਆ ਹੈ। ਇਰਾਨ ਦੇ ਉੱਚ ਕਮਾਂਡਰ ਜਨਰਲ ਕਾਸਿਮ ਸੁਲੇਮਾਨੀ ਦੇ ਕਤਲ ਮਗਰੋਂ ਦੋਹਾਂ ਦੇਸ਼ਾਂ ਦੇ ਉੱਚ ਨੇਤਾਵਾਂ ਵਲੋਂ ਇਕ-ਦੂਜੇ ਖਿਲਾਫ ਤਿੱਖੀ ਬਿਆਨਬਾਜ਼ੀ ਕੀਤੀ ਜਾ ਰਹੀ ਹੈ। ਫਰਾਂਸ, ਜਰਮਨੀ ਅਤੇ ਬ੍ਰਿਟੇਨ ਵਰਗੇ ਦੇਸ਼ ਜਿੱਥੇ ਅਮਰੀਕਾ ਤੇ ਈਰਾਨ ਨੂੰ ਸੰਜਮ ਵਰਤਣ ਲਈ ਅਪੀਲ ਕਰ ਰਹੇ ਹਨ, ਉੱਥੇ ਹੀ ਦੋਵੇਂ ਦੇਸ਼ ਇਕ-ਦੂਜੇ ਲਈ ਕੌੜੇ ਬੋਲ ਬੋਲਦੇ ਨਜ਼ਰ ਆ ਰਹੇ ਹਨ।

## ਅਮਰੀਕਾ ਚ ਭਾਰਤੀ ਡਾਕਟਰ ਨੂੰ ਦੋ ਸਾਲ ਦੀ ਕੈਦ, ਦੇਣਾ ਪਵੇਗਾ ਭਾਰੀ ਮੁਆਵਜ਼ਾ

ਨਿਊਯਾਰਕ- ਅਮਰੀਕਾ 'ਚ ਭਾਰਤੀ ਮੂਲ ਦੇ ਇਕ ਡਾਕਟਰ ਨੂੰ ਇਕ ਸਿਹਤ ਦੇਖਭਾਲ ਯੋਜਨਾ 'ਚ ਧੋਖਾਧੜੀ ਕਰਨ ਦੇ ਦੋਸ਼ 'ਚ 2 ਸਾਲ ਦੀ ਸਜ਼ਾ ਸੁਣਾਈ ਗਈ ਅਤੇ ਜੁਰਮਾਨੇ ਅਤੇ ਮੁਆਵਜ਼ੇ ਦੇ ਰੂਪ 'ਚ 10 ਲੱਖ ਡਾਲਰ ਤੋਂ ਵਧੇਰੇ ਦਾ ਭੁਗਤਾਨ ਕਰਨ ਦਾ ਹੁਕਮ ਦਿੱਤਾ ਗਿਆ ਹੈ। ਉਸ 'ਤੇ ਦਰਦ ਨਿਵਾਰਕ ਗੋਲੀਆਂ ਅਤੇ ਮਾਸਪੇਸ਼ੀਆਂ ਨੂੰ ਆਰਾਮ ਦੇਣ ਲਈ ਗੈਰ-ਕਾਨੂੰਨੀ ਰੂਪ ਨਾਲ ਹਜ਼ਾਰਾਂ ਦਵਾਈਆਂ ਵੰਡਣ ਦਾ ਦੋਸ਼ ਹੈ। ਸੈਂਟਰਲ ਡਿਸਟ੍ਰਿਕਟ ਆਫ ਕੈਲੀਫੋਰਨੀਆ ਦੇ ਯੂ. ਐੱਸ. ਡਿਸਟ੍ਰਿਕਟ ਜੱਜ ਫਿਲਪ ਗੁਤਾਰੇਜ ਨੇ ਕੈਲੀਫੋਰਨੀਆ ਦੇ 56 ਸਾਲਾ ਕੇਨ ਕੁਮਾਪ ਨੂੰ ਸਜ਼ਾ ਸੁਣਾਈ। ਜੱਜ ਨੇ ਕੁਮਾਰ ਨੂੰ 5,09,365 ਅਮਰੀਕੀ ਡਾਲਰ ਮੁਆਵਜ਼ਾ ਦੇਣ ਅਤੇ 72,000 ਡਾਲਰ ਦਾ ਜੁਰਮਾਨਾ ਭਰਨ ਦਾ ਹੁਕਮ ਦਿੱਤਾ। ਇਸ ਦੇ ਇਲਾਵਾ 4,94,900 ਡਾਲਰਾਂ ਦੀ ਉਸ ਦੀ ਸੰਪੱਤੀ ਵੀ ਜ਼ਬਤ ਕੀਤੀ ਜਾਵੇਗੀ।

# ਅਲਮਾਰੀ ਡਿੱਗਣ ਨਾਲ ਹੋਈ ਬੱਚੇ ਦੀ ਮੌਤ, ਹੁਣ ਕੰਪਨੀ ਦੇਵੇਗੀ 350 ਕਰੋੜ ਰੁਪਏ ਮੁਆਵਜ਼ਾ

ਸਟਾਕਹੋਲਮ/ਵਾਸ਼ਿੰਗਟਨ (ਬਿਊਰੋ): ਸਵੀਡਨ ਦੀ ਦਿੱਗਜ਼ ਹੋਮ ਫਰਨਿਸ਼ਿੰਗ ਕੰਪਨੀ ਆਈਕੀਆ (Ikea) 2 ਸਾਲ ਦੇ ਬੱਚੇ ਦੇ ਮਾਤਾ-ਪਿਤਾ ਨੂੰ 4.6 ਕਰੋੜ ਡਾਲਰ (ਕਰੀਬ 350 ਕਰੋੜ ਰੁਪਏ) ਦਾ ਹਰਜ਼ਾਨਾ ਦੇਣ ਲਈ ਸਹਿਮਤ ਹੋ ਗਈ ਹੈ। ਕੰਪਨੀ ਵੱਲੋਂ ਬਣਾਈ ਗਈ 32 ਕਿਲੋ ਦੀ ਅਲਮਾਰੀ ਡਿੱਗਣ ਨਾਲ ਸਾਲ 2017 ਵਿਚ ਅਮਰੀਕਾ ਦੇ ਕੈਲੀਫੋਰਨੀਆ ਸੂਬੇ ਦੇ ਬਿਊਨਾ ਪਾਰਕ ਰਹਿੰਦੇ 2 ਸਾਲ ਦੇ ਬੱਚੇ ਜੋਜ਼ੇਫ ਡੁਡੇਕ ਦੀ ਮੌਤ ਹੋ ਗਈ ਸੀ। ਉਸ ਦੇ ਮਾਤਾ-ਪਿਤਾ ਨੇ 2018 ਵਿਚ ਫਿਲਾਡੇਲਫੀਆ ਵਿਚ ਕੰਪਨੀ ਦੇ ਵਿਰੁੱਧ ਮੁਕੱਦਮਾ ਦਰਜ ਕਰਵਾਇਆ ਸੀ। ਬੱਚੇ ਦੇ ਮਾਤਾ-ਪਿਤਾ ਨੇ ਦੋਸ਼ ਲਗਾਇਆ ਸੀ ਕਿ ਕੰਪਨੀ ਵੱਲੋਂ ਬਣਾਈਆਂ ਗਈਆਂ ਅਲਮਾਰੀਆਂ ਡਿੱਗਣ ਨਾਲ ਕਈ ਬੱਚੇ ਜ਼ਖਮੀ ਹੋ ਚੁੱਕੇ ਹਨ। ਇਹਨਾਂ ਵਿਚੋਂ ਕੁਝ ਬੱਚਿਆਂ ਦੀ ਮੌਤ ਤੱਕ ਹੋ ਗਈ। ਇਸ ਦੇ ਬਾਵਜੂਦ ਕੰਪਨੀ ਖਪਤਕਾਰਾਂ ਨੂੰ ਇਹ ਦੱਸਣ ਵਿਚ ਅਸਫਲ ਰਹੀ ਕਿ ਬਿਨਾਂ ਕੰਧਾਂ 'ਤੇ ਫਿੱਟ ਕੀਤੇ ਇਸ ਅਲਮਾਰੀ ਦੀ ਵਰਤੋਂ ਨਾ ਕਰੋ। ਲਗਾਤਾਰ ਆ ਰਹੀਆਂ ਸ਼ਿਕਾਇਤਾਂ ਦੇ ਬਾਅਦ ਕੰਪਨੀ ਨੇ ਇਹਨਾਂ



ਅਲਮਾਰੀਆਂ ਨੂੰ 2016 ਵਿਚ ਵਾਪਸ ਲੈ ਲਿਆ ਸੀ। ਸਮਝੌਤੇ ਦੇ ਤਹਿਤ ਆਈਕੀਆ ਨੂੰ ਨਾ ਸਿਰਫ ਕਰੀਬ 350 ਕਰੋੜ ਰੁਪਏ ਦਾ ਹਰਜ਼ਾਨਾ ਦੇਣਾ ਪਵੇਗਾ ਸਗੋਂ ਆਮ ਲੋਕਾਂ ਨੂੰ ਕੰਪਨੀ ਵੱਲੋਂ ਅਲਮਾਰੀ ਵਾਪਸ ਲੈਣ ਦੇ ਬਾਰੇ ਵਿਚ ਦੱਸਣਾ ਵੀ ਹੋਵੇਗਾ। ਡੁਡੇਕ ਪਰਿਵਾਰ ਮਿਲਣ ਵਾਲੇ ਹਰਜ਼ਾਨੇ ਵਿਚੋਂ 10 ਲੱਖ ਡਾਲਰ (ਕਰੀਬ 7 ਕਰੋੜ ਰੁਪਏ) ਉਹਨਾਂ ਸੰਗਠਨਾਂ ਨੂੰ ਦਾਨ ਕਰੇਗਾ ਜਿਹਨਾਂ ਨੇ ਇਸ ਲਈ ਆਵਾਜ਼ ਚੁੱਕੀ।

## ਅਮਰੀਕਾ ਚ ਪਰਮਾਣੂ ਬੰਬ ਦੇ 2 ਪਲੱਗ 72 ਲੱਖ ਰੁਪਏ ਚ ਨੀਲਾਮ



ਵਾਸ਼ਿੰਗਟਨ (ਬਿਊਰੋ): ਜਾਪਾਨ ਦੇ ਹਿਰੋਸ਼ਿਮਾ 'ਤੇ ਪਰਮਾਣੂ ਬੰਬ ਸੁੱਟਣ ਤੋਂ ਪਹਿਲਾਂ ਵੱਖ ਕੀਤੇ ਗਏ ਦੋ ਪਲੱਗ 'ਲਿਟਿਲ ਬੁਆਏ' 72 ਲੱਖ ਰੁਪਏ ਵਿਚ ਨੀਲਾਮ ਹੋਏ। ਇਹ ਨੀਲਾਮੀ ਨਿਊਯਾਰਕ ਵਿਚ ਹੋਈ। ਬੋਨਹਾਮਸ ਨੀਲਾਮੀ ਘਰ ਦੇ ਬੁਲਾਰੇ ਨੇ ਦੱਸਿਆ, "3 ਇੰਚ ਦੇ ਹਰੇ ਅਤੇ ਲਾਲ ਰੰਗ ਦੇ ਦੋ ਪਲੱਗਾਂ ਦੀ ਬੋਲੀ ਲਗਾਈ ਗਈ ਜੋ 76 ਹਜ਼ਾਰ ਪੌਂਡ ਵਿਚ ਨੀਲਾਮ ਹੋਏ। ਇਹ ਦੋਵੇਂ ਕਿਸੇ ਲਾਈਟਰ ਵਾਂਗ ਦਿਸਦੇ ਹਨ।ਰਿਪੋਰਟ ਮੁਤਾਬਕ 9 ਅਗਸਤ, 1945 ਨੂੰ ਦੁਨੀਆ ਵਿਚ ਪਹਿਲੀ ਵਾਰ ਪਰਮਾਣੂ ਹਮਲਾ ਕੀਤਾ ਗਿਆ ਸੀ। ਇਹ 4.4 ਟਨ ਵਜ਼ਨੀ ਸੀ। ਇਸ ਪਰਮਾਣੂ ਹਮਲੇ ਨਾਲ ਜਾਪਾਨ ਦਾ ਪੂਰਾ ਸ਼ਹਿਰ ਤਬਾਹ ਹੋ ਗਿਆ ਸੀ। ਹਮਲੇ ਵਿਚ 1.40 ਲੱਖ ਲੋਕ ਮਾਰੇ ਗਏ ਸਨ। ਅਮਰੀਕਾ ਵੱਲੋਂ ਪਰਮਾਣੂ ਹਮਲੇ ਦੇ ਨਾਲ ਹੀ ਜਾਪਾਨ ਨੇ ਸਮਰਪਣ ਕਰ ਦਿੱਤਾ ਸੀ। ਮੈਟਲ ਅਤੇ ਲੱਕੜ ਨਾਲ ਬਣੇ ਇਹ ਪਲੱਗ ਲੈਫਟੀਨੈਂਟ ਮੌਰਿਸ ਜੈਪਸਨ ਕੋਲ ਨਿਸ਼ਾਨੀ ਦੇ ਰੂਪ ਵਿਚ ਰੱਖੇ ਹੋਏ ਸਨ। ਨੀਲਾਮੀ ਲੈਫਟੀਨੈਂਟ ਜੈਪਸਨ ਦੇ ਦੋਸਤ ਐਡਵਰਡ ਡਾਲ ਨੇ ਕੀਤੀ। ਉਹਨਾਂ ਨੂੰ ਲੈਫਟੀਨੈਂਟ ਨੇ ਇਹ ਪਲੱਗ ਤੋਹਫੇ ਦੇ ਤੌਰ 'ਤੇ ਦਿੱਤਾ ਸੀ।

# ਸੁਲੇਮਾਨੀ ਦੀ ਬੇਟੀ ਬੋਲੀ- ਕੌਣ ਲਵੇਗਾ ਮੇਰੇ ਪਿਤਾ ਦੀ ਮੌਤ ਦਾ ਬਦਲਾ ?

ਤੇਹਰਾਨ (ਬਿਊਰੋ): ਅਮਰੀਕੀ ਏਅਰ ਸਟ੍ਰਾਈਕ ਵਿਚ ਈਰਾਨ ਦੇ ਮੇਜਰ ਜਨਰਲ ਕਾਸਿਮ ਸੁਲੇਮਾਨੀ (62) ਦੀ ਹੱਤਿਆ ਦੇ ਬਾਅਦ ਪੂਰੇ ਮੱਧ-ਪੂਰਬ 'ਤੇ ਯੁੱਧ ਦੇ ਬੱਦਲ ਛਾਏ ਹੋਏ ਹਨ। ਈਰਾਨ ਵਿਚ ਐਤਵਾਰ ਨੂੰ ਮੇਜਰ ਜਨਰਲ ਸੁਲੇਮਾਨੀ ਦਾ ਅੰਤਿਮ ਸੰਸਕਾਰ ਕੀਤਾ ਗਿਆ। ਇਸ ਦੌਰਾਨ ਲੋਕਾਂ ਨੇ ਅਮਰੀਕਾ ਅਤੇ ਉਸ ਦੇ ਸਹਿਯੋਗੀਆਂ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ।ਈਰਾਨ ਦੇ ਰਾਸ਼ਟਰਪਤੀ ਹਸਨ ਰੂਹਾਨੀ ਸ਼ਨੀਵਾਰ ਨੂੰ ਕਾਸਿਮ ਸੁਲੇਮਾਨੀ ਦੇ ਘਰ ਪਹੁੰਚੇ ਅਤੇ ਉਹਨਾਂ ਦੇ ਪਰਿਵਾਰ ਵਾਲਿਆਂ ਨਾਲ ਮੁਲਾਕਾਤ ਕੀਤੀ। ਸੁਲੇਮਾਨੀ ਦੀ ਬੇਟੀ ਜ਼ੈਨਬ ਸੁਲੇਮਾਨੀ ਨੇ ਰੂਹਾਨੀ ਨੂੰ ਮੁਲਾਕਾਤ ਦੌਰਾਨ ਸਵਾਲ ਕੀਤਾ ਕਿ ਉਸ ਦੇ ਪਿਤਾ ਦੀ ਮੌਤ ਦਾ ਬਦਲਾ ਕੌਣ ਲਵੇਗਾ? ਇਸ 'ਤੇ ਰੂਹਾਨੀ ਨੇ ਜਵਾਬ ਦਿੱਤਾ ਕਿ ਪੂਰਾ ਦੇਸ਼ ਉਹਨਾਂ ਦੀ ਮੌਤ ਦਾ ਬਦਲਾ ਲਵੇਗਾ। ਰੂਹਾਨੀ ਨੇ ਕਿਹਾ, "ਈਰਾਨੀ ਮੇਜਰ ਜਨਰਲ ਸੁਲੇਮਾਨੀ ਦੀ ਹੱਤਿਆ ਕਰ ਕੇ ਅਮਰੀਕਾ ਨੇ ਵੱਡੀ ਗਲਤੀ ਕੀਤੀ ਹੈ। ਅਮਰੀਕਾ ਸਿਰਫ ਅੱਜ ਹੀ ਨਹੀਂ ਸਗੋਂ ਆਉਣ ਵਾਲੇ ਕਈ ਸਾਲਾਂ ਵਿਚ ਇਸ ਦੇ ਅੰਜਾਮ ਭੁਗਤੇਗਾ।" ਜ਼ੈਨਬ ਨੇ ਅਲ-ਮਨਾਰ ਨਿਊਜ਼ ਚੈਨਲ ਨੂੰ ਕਿਹਾ ਕਿ



ਘਿਨਾਉਣੇ ਟਰੰਪ ਇਹ ਗੱਲ ਸਮਝ ਲੈਣ ਕਿ ਉਹਨਾਂ ਦੇ ਗੁਨਾਹ ਨਾਲ ਉਸ ਦੇ ਪਿਤਾ ਦੀ ਯਾਦ ਨੂੰ ਕਦੇ ਮਿਟਾਇਆ ਨਹੀਂ ਜਾ ਸਕੇਗਾ। ਉਹਨਾਂ ਦੀ ਸ਼ਹਾਦਤ ਸਾਡੀਆਂ ਆਤਮਾਵਾਂ ਨੂੰ ਇਕ ਨਵਾਂ ਜਨਮ ਦੇ ਕੇ ਗਈ ਹੈ। ਜ਼ੈਨਬ ਨੇ ਅੱਗੇ ਕਿਹਾ, "ਤੁਸੀਂ ਮੇਰੇ ਪਿਤਾ ਨਾਲ ਦੁਸ਼ਮਨੀ ਕਰਦੇ ਹੋਏ ਉਹਨਾਂ ਦੀ ਬਰਾਬਰੀ ਨਹੀਂ ਕਰ ਸਕੇ ਇਸ ਲਈ ਤੁਸੀਂ ਉਹਨਾਂ ਨੂੰ ਮਿਜ਼ਾਈਲਾਂ ਨਾਲ ਨਿਸ਼ਾਨਾ ਬਣਾਇਆ। ਜੇਕਰ ਤੁਸੀਂ ਇੰਨੇ ਸਮੱਰਥ ਹੁੰਦੇ ਤਾਂ ਤੁਸੀਂ ਉਹਨਾਂ ਦਾ ਮੁਕਾਬਲਾ ਆਹਮੋ-ਸਾਹਮਣੇ ਕਰਦੇ।" ਜ਼ੈਨਬ ਨੇ ਕਿਹਾ, "ਮੇਰੇ ਪਿਤਾ ਦੀ ਸ਼ਹਾਦਤ ਸਾਨੂੰ ਕਦੇ ਨਹੀਂ ਤੋੜੇਗੀ ਸਗੋਂ ਅਸੀਂ ਆਖਰੀ ਸਾਹ ਤੱਕ ਉਹਨਾਂ ਦੀ ਮੌਤ ਦਾ ਬਦਲਾ ਲਵਾਂਗੇ।" ਫਿਰ ਜ਼ੈਨਬ ਨੇ ਇਸਲਾਮਿਕ ਕ੍ਰਾਂਤੀ ਦੇ ਨੇਤਾ ਸੈਯਦ ਅਲੀ ਖਮਨੇਈ ਅਤੇ ਲੇਬਨਾਨੀ ਹਿਜ਼ਬੁੱਲਾ ਦੇ ਸੈਕਟਰੀ ਜਨਰਲ ਹਸਨ ਨਸਰੱਲਾਹ ਦੇ ਪ੍ਰਤੀ ਸਨਮਾਨ ਜ਼ਾਹਰ ਕੀਤਾ ਅਤੇ ਯਕੀਨ ਜ਼ਾਹਰ ਕੀਤਾ ਕਿ ਉਹ ਉਸ ਦੇ ਪਿਤਾ ਦੇ ਕਾਤਲਾਂ ਤੋਂ ਬਦਲਾ ਜ਼ਰੂਰ ਲੈਣਗੇ।ਉੱਧਰ ਅਮਰੀਕਾ ਨੇ ਵੀ ਚਿਤਾਵਨੀ ਦਿੱਤੀ ਹੈ ਕਿ ਜੇਕਰ ਈਰਾਨ ਵੱਲੋਂ ਹੁਣ ਇਕ ਵੀ ਹਮਲਾ ਹੋਇਆ ਤਾਂ ਉਹ ਉਸ ਦਾ ਜਵਾਬ ਖਤਰਨਾਕ ਅੰਦਾਜ਼ ਵਿਚ ਦੇਣਗੇ।



**ਸਮੁੱਚੇ ਸੰਸਾਰ ਦਾ ਦੋ ਤਿਹਾਈ ਪਰਵਾਸ ਵਿਕਾਸਸ਼ੀਲ ਮੁਲਕਾਂ ਤੋਂ ਵਿਕਸਿਤ ਮੁਲਕਾਂ ਵੱਲ ਨੂੰ ਹੋਇਆ ਹੈ ਅਤੇ ਇਸ ਵਿਚੋਂ 47% ਪਰਵਾਸੀਆਂ ਦਾ ਡੇਰਾ ਇਕੱਲੇ ਅਮਰੀਕਾ ਵਿਚ ਹੀ ਲੱਗ ਗਿਆ ਹੈ। ਅੰਤਰਰਾਸ਼ਟਰੀ ਪਰਵਾਸ ਅੰਕੜੇ 2015 ਮੁਤਾਬਕ 'ਦੁਨੀਆਂ ਵਿਚ ਸਭ ਤੋਂ ਵੱਧ ਪਰਵਾਸ ਭਾਰਤ ਵਿਚੋਂ 16 ਮਿਲੀਅਨ ਅਤੇ ਦੂਜੇ ਨੰਬਰ ਉੱਤੇ ਮੈਕਸੀਕੋ ਵਿਚੋਂ 12 ਮਿਲੀਅਨ ਹੋਇਆ ਹੈ। ਸੰਸਾਰ ਦੇ ਵਿਚ ਸੰਨ 2010 ਤੋਂ 2015 ਦੇ ਦੌਰਾਨ ਪਰਵਾਸ ਧਾਰਨ ਕਰਨ ਦੀ ਦਰ 2.8% ਤੋਂ 3.3% ਤੱਕ ਅੱਪੜ ਗਈ ਹੈ, ਜੋ ਸੰਸਾਰ ਵਿਚ ਫੈਲੀ ਆਰਥਿਕ, ਸਮਾਜਿਕ, ਧਾਰਮਿਕ ਅਸਥਿਰਤਾ ਦਾ ਪੱਕਾ ਪ੍ਰਮਾਣ ਹੈ।**

# ਪਰਵਾਸ ਸ਼ੌਂਕ ਜਾਂ ਮਜ਼ਬੂਰੀ

ਮਨੁੱਖ ਜਦੋਂ ਤੋਂ ਸਮਾਜਕ ਬਣਤਰ ਦਾ ਹਿੱਸਾ ਬਣਿਆ ਹੈ ਉਦੋਂ ਤੋਂ ਹੀ ਪਰਵਾਸ ਨੂੰ ਧਾਰਨ ਕਰਦਾ ਆਇਆ ਹੈ। ਮਨੁੱਖ ਨੂੰ ਇਹ ਪਰਵਾਸ ਕਦੇ ਰੁਜ਼ਗਾਰ ਕਰਕੇ ਧਾਰਨ ਕਰਨਾ ਪਿਆ ਅਤੇ ਕਦੇ ਜੀਵਨ ਦੀਆਂ ਮੁੱਢਲੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਖ਼ਾਤਰ। ਆਦਿਕਾਲ ਤੋਂ ਹੀ ਮਨੁੱਖ ਆਪਣੇ ਕਬੀਲਿਆਂ ਨੂੰ ਛੱਡ ਕੇ ਦੂਰ- ਦੁਰਾਡੇ ਸ਼ਿਕਾਰ/ਭੋਜਨ ਦੀ ਭਾਲ ਵਿਚ ਜਾਂਦਾ ਰਿਹਾ ਹੈ। ਅਜੋਕੇ ਸਮੇਂ ਵਿਚ ਪਰਵਾਸ ਧਾਰਨ ਕਰਨਾ ਕੋਈ ਨਵੀਂ ਆਰੰਭਤਾ ਨਹੀਂ ਕਿਹਾ ਜਾ ਸਕਦਾ ਬਲਕਿ ਇਹ ਤਾਂ ਮਨੁੱਖੀ ਜੀਵਨ ਦੇ ਸਮਾਜਕ ਜੀਵਨ ਬਣਨ ਤੋਂ ਲੈ ਕੇ ਅੱਜ ਤੱਕ ਲਗਾਤਾਰ ਹੁੰਦਾ ਆ ਰਿਹਾ ਹੈ।

'ਰੋਜੀ ਰੋਟੀ ਅਤੇ ਬਿਹਤਰ ਜੀਵਨ ਦੇ ਲਈ ਇਨਸਾਨਾਂ ਦਾ ਇੱਕ ਥਾਂ ਤੋਂ ਦੂਜੀ ਥਾਂ ਜਾਣਾ ਪਰਵਾਸ ਕਹਾਉਂਦਾ ਹੈ ਜੋ ਯੁਗਾਂ ਪੁਰਾਣਾ ਵਰਤਾਰਾ ਹੈ।' ਅੱਗੇ ਜ਼ਿਕਰ ਮਿਲਦਾ ਹੈ ਕਿ 'ਜਦੋਂ ਮਨੁੱਖੀ ਸਮਾਜ, ਜਮਾਤਾਂ ਵਿਚ ਵੰਡਿਆ ਨਹੀ ਗਿਆ ਸੀ, ਉਸ ਸਮੇਂ ਵੀ ਇਨਸਾਨੀ ਆਬਾਦੀ ਮੈਦਾਨੀ ਇਲਾਕਿਆਂ, ਉਪਜਾਊ ਜ਼ਮੀਨਾਂ ਅਤੇ ਬਿਹਤਰ ਸਹਿਣ ਯੋਗ ਮੌਸਮ ਵਾਲੇ ਇਲਾਕਿਆਂ ਦੀ ਤਲਾਸ਼ ਵਿਚ ਪਰਵਾਸ ਕਰਦੀ ਸੀ। ਸਮਾਜ, ਜਮਾਤਾਂ ਵਿਚ ਵੰਡਿਆ ਗਿਆ ਤਾਂ ਜਮਾਤੀ ਜਬਰ-ਜ਼ੁਲਮ ਦੇ ਕਾਰਨ ਵੀ ਲੋਕ ਪਰਵਾਸ ਕਰਦੇ ਸਨ।' (ਵਿਕੀਪੀਡੀਆ)

ਸਮੁੱਚੇ ਸੰਸਾਰ ਦਾ ਦੋ ਤਿਹਾਈ ਪਰਵਾਸ ਵਿਕਾਸਸ਼ੀਲ ਮੁਲਕਾਂ ਤੋਂ ਵਿਕਸਿਤ ਮੁਲਕਾਂ ਵੱਲ ਨੂੰ ਹੋਇਆ ਹੈ ਅਤੇ ਇਸ ਵਿਚੋਂ 47% ਪਰਵਾਸੀਆਂ ਦਾ ਡੇਰਾ ਇਕੱਲੇ ਅਮਰੀਕਾ ਵਿਚ ਹੀ ਲੱਗ ਗਿਆ ਹੈ। ਅੰਤਰਰਾਸ਼ਟਰੀ ਪਰਵਾਸ ਅੰਕੜੇ 2015 ਮੁਤਾਬਕ 'ਦੁਨੀਆਂ ਵਿਚ ਸਭ ਤੋਂ ਵੱਧ ਪਰਵਾਸ ਭਾਰਤ ਵਿਚੋਂ 16 ਮਿਲੀਅਨ ਅਤੇ ਦੂਜੇ ਨੰਬਰ ਉੱਤੇ ਮੈਕਸੀਕੋ ਵਿਚੋਂ 12 ਮਿਲੀਅਨ ਹੋਇਆ ਹੈ। ਸੰਸਾਰ ਦੇ ਵਿਚ ਸੰਨ 2010 ਤੋਂ 2015 ਦੇ ਦੌਰਾਨ ਪਰਵਾਸ ਧਾਰਨ ਕਰਨ ਦੀ ਦਰ 2.8% ਤੋਂ 3.3% ਤੱਕ ਅੱਪੜ ਗਈ ਹੈ, ਜੋ ਸੰਸਾਰ ਵਿਚ ਫੈਲੀ ਆਰਥਿਕ, ਸਮਾਜਿਕ, ਧਾਰਮਿਕ ਅਸਥਿਰਤਾ ਦਾ ਪੱਕਾ ਪ੍ਰਮਾਣ ਹੈ।' ਵਿਦੇਸ਼ ਮੰਤਰਾਲੇ ਦੇ 2017 ਦੇ ਅੰਕੜਿਆਂ ਮੁਤਾਬਕ ਲਗਭਗ ਪੰਜ ਲੱਖ ਵਿਦਿਆਰਥੀ ਭਾਰਤੀ ਉੱਚ ਸਿੱਖਿਆ ਨੂੰ ਨਕਾਰਦੇ ਹੋਏ ਵਿਦੇਸ਼ ਵਿਚ ਪੜਨ ਲਈ ਚਲੇ ਗਏ ਸਨ। ਇਹਨਾਂ ਵਿਚੋਂ ਬਹੁਤ ਘੱਟ ਵਿਦਿਆਰਥੀ ਆਪਣੀ ਪੜਾਈ ਪੂਰੀ ਕਰਕੇ ਮੁੜ ਆਪਣੇ ਮੁਲਕ ਨੂੰ ਆਉਣਗੇ, ਬਾਕੀ ਉੱਥੇ ਹੀ ਵੱਸਣ ਦਾ ਯਤਨ ਕਰਨਗੇ।

ਅੱਜ ਕੱਲ ਪਰਵਾਸ ਧਾਰਨ ਕਰਨ ਦਾ ਰੁਝਾਨ ਵੱਧਦਾ ਹੀ ਜਾ ਰਿਹਾ ਹੈ। ਇਸ ਪਿੱਛੇ ਕਈ ਕਾਰਨ ਕੰਮ ਕਰਦੇ ਪ੍ਰਤੀਤ ਹੁੰਦੇ ਹਨ। ਜਿਨਾਂ ਦਾ ਇਸ ਲੇਖ ਵਿੱਚ ਸੰਖੇਪ ਰੂਪ ਵਿਚ ਅਧਿਐਨ ਕੀਤਾ ਜਾ ਰਿਹਾ ਹੈ ਤਾਂ ਕਿ ਦਰੁੱਸਤ ਕਾਰਨਾਂ ਦੀ ਪੜਚੋਲ ਕੀਤੀ ਜਾ ਸਕੇ।

ਪੰਜਾਬੀ ਨੌਜਵਾਨਾਂ ਵਿਚ ਵਿਦੇਸ਼ ਜਾਣ ਦਾ ਰੁਝਾਨ ਆਪਣੀ ਚਰਮ ਸੀਮਾ ਉੱਤੇ ਹੈ। ਇਸ ਨੂੰ ਇਕੱਲੇ ਪੈਸੇ ਕਮਾਉਣ ਨਾਲ ਜੋੜ ਕੇ ਦੇਖਣਾ ਬੇਇਨਸਾਫ਼ੀ ਹੋਵੇਗੀ ਕਿਉਂਕਿ ਦੂਜੇ ਸੂਬਿਆਂ ਦੇ ਮੁਕਾਬਲੇ ਪੰਜਾਬ ਦੀ ਧਰਤੀ ਸ਼ੁਰੂ ਤੋਂ ਹੀ ਜਿਆਦਾ ਉਪਜਾਊ ਰਹੀ ਹੈ। ਇਕ ਅਖਾਣ ਮੁਤਾਬਕ 'ਪੰਜਾਬੀ ਲੋਕਾਂ ਦਾ ਢਿੱਡ ਸਦਾ ਭਰਿਆ ਰਿਹਾ ਹੈ।' ਸਿਆਣਿਆਂ ਦਾ ਕਥਨ ਹੈ ਕਿ ਜਦੋਂ ਕਿਸੇ ਮਨੁੱਖ ਦਾ ਢਿੱਡ ਭਰਿਆ ਹੁੰਦਾ ਹੈ ਤਾਂ ਉਹ ਐਸ਼ਪ੍ਰਸਤੀ ਵੱਲ ਆਪਣੇ ਵਿਚਾਰਾਂ ਨੂੰ ਮੋੜ ਲੈਂਦਾ ਹੈ, ਨਹੀਂ ਤਾਂ ਗ਼ਰੀਬ ਬੰਦੇ ਨੂੰ ਤਾਂ ਆਪਣੇ ਢਿੱਡ ਭਰਨ ਤੋਂ ਹੀ ਵਿਹਲ ਨਹੀਂ ਮਿਲਦੀ।

ਖ਼ੈਰ ! ਪਰਵਾਸ ਧਾਰਨ ਕਰਨ ਦਾ ਆਧੁਨਿਕ ਸਰੂਪ ਅੰਗ੍ਰੇਜ਼ਾਂ ਦੇ ਨੌਕਰ ਬਣ ਕੇ ਵਿਦੇਸ਼ਾਂ ਵਿਚ ਜਾਣ ਕਰਕੇ ਪ੍ਰਚੱਲਨ ਵਿਚ ਆਇਆ। ਹਾਲਾਂਕਿ ਇਸ ਤੋਂ ਪਹਿਲਾਂ ਵੀ ਲੋਕ ਪਰਵਾਸ ਧਾਰਨ ਕਰਦੇ ਰਹੇ ਹਨ ਪਰ, ਪਰਵਾਸ ਦੇ ਆਧੁਨਿਕ ਸਰੂਪ ਨੂੰ ਅੰਗ੍ਰੇਜ਼ਾਂ ਦੇ ਨਾਲ ਵਿਦੇਸ਼ ਜਾਣ ਕਰਕੇ ਬਲ ਮਿਲਿਆ। ਅੰਗ੍ਰੇਜ਼ਾਂ ਦੇ ਭਾਰਤ ਵਿਚ ਰਾਜ ਸਮੇਂ ਵੀ ਬਹੁਤ ਸਾਰੇ ਗ਼ੁਲਾਮ/ਨੌਕਰ ਵਿਦੇਸ਼ ਭੇਜੇ ਜਾਂਦੇ ਸਨ ਤਾਂ ਕਿ ਉਹਨਾਂ ਦੇ ਮੁਲਕ ਨੂੰ ਕਾਮਿਆਂ ਦੀ ਥੋੜ ਨਾ ਰਹੇ। ਸਹਿਜੇ-ਸਹਿਜੇ ਉਹ ਮਜ਼ਦੂਰ/ਕਾਮੇ ਉੱਥੋਂ ਦੇ ਪੱਕੇ ਵਸਨੀਕ ਹੋ ਗਏ। ਉਹਨਾਂ ਦੇ ਘਰ- ਬਾਰ ਵੱਸ ਗਏ, ਬੱਚੇ ਹੋ ਗਏ। ਇੱਧਰ ਭਾਰਤੀ ਲੋਕਾਂ ਦਾ ਜੀਵਨ ਪੱਧਰ ਉਸ ਰਫ਼ਤਾਰ ਨਾਲ ਨਹੀਂ ਬਦਲਿਆ ਜਿਸ ਰਫ਼ਤਾਰ ਨਾਲ ਵਿਦੇਸ਼ਾਂ ਵਿੱਚ ਵੱਸੇ ਭਾਰਤੀਆਂ ਦਾ ਬਦਲਿਆ। ਬਸ, ਜੀਵਨ ਪੱਧਰ ਤੇ ਇਸ ਬਦਲਾਓ ਨੇ ਹੀ ਭਾਰਤੀਆਂ/ਪੰਜਾਬੀਆਂ ਅੰਦਰ ਪਰਵਾਸ ਦੀ ਜੜ ਨੂੰ ਮਜ਼ਬੂਤ ਕਰ ਦਿੱਤਾ।

ਯਕੀਕਨ, ਇਸ ਗੱਲ ਨਾਲ ਆਪਣੀ ਸਹਿਮਤੀ ਪ੍ਰਗਟਾਈ ਜਾ ਸਕਦੀ ਹੈ ਕਿ ਭਾਰਤ ਅੰਦਰ ਰੁਜ਼ਗਾਰ ਦੇ ਉਨੇ ਮੌਕੇ ਨਸੀਬ ਨਹੀਂ ਹੁੰਦੇ, ਜਿੰਨੇ ਮਿਲਣੇ ਚਾਹੀਦੇ ਹਨ। ਇਸ ਕਰਕੇ ਪਰਵਾਸ ਧਾਰਨ ਕਰਨਾ ਮਜ਼ਬੂਰੀ ਹੁੰਦਾ ਹੈ ਪਰ, ਅੱਜ ਕੱਲ ਦੇ ਜ਼ਮਾਨੇ ਵਿਚ ਪਰਵਾਸ ਮਜ਼ਬੂਰੀ ਨਹੀਂ ਬਲਕਿ ਸ਼ੌਂਕ ਦਾ ਰੂਪ ਧਾਰਨ ਕਰ ਗਿਆ ਹੈ। ਇੱਥੇ ਨੌਕਰੀਆਂ ਦੇ ਲੱਗੇ, ਅਮੀਰ ਘਰਾਂ ਦੇ ਮੁੰਡੇ- ਕੁੜੀਆਂ ਵਿਦੇਸ਼ਾਂ ਨੂੰ ਰੁਖ਼ ਕਰ ਰਹੇ ਹਨ। ਅੱਜ ਕੱਲ ਦੇ ਬੱਚਿਆਂ ਨੂੰ ਉੱਧਰ ਦੀ ਜੀਵਨ ਜਾਚ ਆਪਣੇ ਵੱਲ ਖਿੱਚ ਰਹੀ ਹੈ। ਰਹਿਣ-ਸਹਿਣ, ਖਾਣ- ਪੀਣ ਅਤੇ ਵਿਚਾਰਾਂ ਦੀ ਖੁੱਲ ਨੇ ਵਿਦੇਸ਼ੀ ਧਰਤੀ ਦਾ ਮੋਹ ਬਹੁਤ ਪ੍ਰਚੰਡ ਕਰ ਦਿੱਤਾ ਹੈ।

ਇੱਥੇ ਧਿਆਨ ਦੇਣ ਵਾਲੀ ਵਿਸ਼ੇਸ਼ ਗੱਲ ਇਹ ਹੈ ਕਿ ਪੰਜਾਬ ਵਿਚ ਤਾਂ ਹਾਲਤ ਹੋਰ ਵੀ ਖ਼ਰਾਬ ਹਨ। ਇੱਥੇ ਗ਼ਰੀਬ ਘਰਾਂ ਦੇ ਬੱਚੇ ਵੀ ਕਰਜ਼ੇ ਚੁੱਕ ਕੇ ਵਿਦੇਸ਼ ਵਿਚ ਵੱਸਣ ਦਾ ਸੁਪਨਾ ਸਜਾ ਰਹੇ ਹਨ। ਚੰਗੇ ਪੜ੍ਹੇ- ਲਿਖੇ ਬੱਚੇ ਵੀ ਵਿਦੇਸ਼ਾਂ ਵਿਚ ਡਰਾਈਵਰੀ ਕਰਨ ਨੂੰ ਤਰਜ਼ੀਹ ਦੇ ਰਹੇ ਹਨ। ਇਹ ਸਿਰਫ਼ ਪੈਸੇ ਦੀ ਲਾਲਸਾ ਵੱਸ ਨਹੀਂ ਹੋ ਰਿਹਾ ਬਲਕਿ ਉੱਥੋਂ ਦੇ ਜੀਵਨ ਨੂੰ ਆਦਰਸ਼ਕ ਜੀਵਨ ਵੱਜੋਂ ਦੇਖਣ ਕਰਕੇ ਹੋ ਰਿਹਾ ਹੈ। ਬਿਗ਼ਾਨੀ ਧਰਤੀ ਉੱਤੇ ਮਜ਼ਦੂਰੀ ਕਰਨਾ, ਡਰਾਈਵਰੀ ਕਰਨਾ ਅਤੇ ਹੱਥੀਂ ਕੰਮ ਕਰਨਾ ਮਾੜਾ ਨਹੀਂ ਸਮਝਿਆ ਜਾਂਦਾ ਜਦੋਂ ਕਿ ਆਪਣੇ ਮੁਲਕ ਵਿਚ ਅਜਿਹੇ ਕੰਮ ਨੂੰ ਮੁੱਢੋਂ ਹੀ ਸਵੀਕਾਰ ਨਹੀਂ ਕੀਤਾ ਜਾਂਦਾ। ਪੰਜਾਬ ਵਿਚ ਇਹਨਾਂ ਕੰਮਾਂ ਨੂੰ ਆਪਣੇ ਰੁਤਬੇ ਦੇ ਮੁਤਾਬਕ ਨਹੀਂ ਮੰਨਿਆ ਜਾਂਦਾ ਪਰ, ਵਿਦੇਸ਼ੀ ਧਰਤੀ ਤੇ ਪੈਰ ਰੱਖਦਿਆਂ ਹੀ ਇਹ ਕੰਮ ਰੁਬਤੇ ਅਤੇ ਸਨਮਾਨ ਦਾ ਪ੍ਰਤੀਕ ਬਣ ਜਾਂਦੇ ਹਨ।

ਪੰਜਾਬ ਦੇ ਪਿੰਡਾਂ ਦੇ ਪਿੰਡ ਭਰੇ ਪਏ ਹਨ ਜਿੱਥੇ ਸਵੇਰ ਤੋਂ ਸ਼ਾਮ ਤੀਕ ਸੱਥਾਂ ਵਿਚ ਬੈਠ ਕੇ ਤਾਸ਼ ਖੇਡਦੇ ਜਵਾਨ ਆਮ ਹੀ ਦੇਖੇ ਜਾ ਸਕਦੇ ਹਨ। ਬੱਚਿਆਂ ਤੋਂ ਲੈ ਕੇ ਵੱਡੀ ਉਮਰ ਦੇ ਬਜ਼ੁਰਗਾਂ ਤੱਕ ਦਾ ਇਹ ਗਿਲ਼ਾ ਹੈ ਕਿ ਬੇਰੁਜ਼ਗਾਰੀ ਵੱਧ ਗਈ ਹੈ, ਕੰਮ ਨਹੀਂ ਮਿਲਦਾ। ਨੌਕਰੀ ਨਹੀਂ ਮਿਲਦੀ। ਪੰਜਾਬ ਵਿਚ ਕੋਈ ਬੱਚਾ ਵੀ ਡਰਾਈਵਰੀ ਕਰਨ ਨੂੰ ਤਿਆਰ ਨਹੀਂ, ਹੱਥੀਂ ਕੰਮ ਕਰਨ ਨੂੰ ਤਿਆਰ ਨਹੀਂ। ਪਰ ਵਿਦੇਸ਼ ਦੀ ਧਰਤੀ ਤੇ ਪੈਰ ਰੱਖਿਆਂ ਹੀ ਡਰਾਈਵਰ ਲਈ ਹੱਥ- ਪੈਰ ਮਾਰਨੇ ਸ਼ੁਰੂ ਕਰ ਦਿੰਦੇ ਹਨ।

ਉਂਝ, ਕੁਝ ਸਮੱਸਿਆਵਾਂ ਜ਼ਰੂਰ ਹਨ ਪਰ ਵਿਦੇਸ਼ਾਂ ਵਿਚ ਵੱਸਣਾ ਅਤੇ ਆਪਣੇ ਮੁਲਕ ਵਿਚ ਵਿਹਲੇ ਘੁੰਮਣਾ, ਚੰਗੀ ਗੱਲ ਨਹੀਂ ਹੈ। ਪਰਵਾਸ, ਮਜ਼ਬੂਰੀਵੱਸ ਹੋਵੇ ਤਾਂ ਕੁਝ ਹੱਦ ਤੱਕ ਸਵੀਕਾਰ ਕੀਤਾ ਜਾ ਸਕਦਾ ਹੈ ਪਰ ਸ਼ੌਂਕ ਨਾਲ ਕਿਸੇ ਪੱਖੋਂ ਵੀ ਚੰਗਾ ਨਹੀਂ ਕਿਹਾ ਜਾ ਸਕਦਾ। ਪਰਵਾਸ ਧਾਰਨ ਕਰਨ ਦੇ ਜਨੂੰਨ ਨੇ ਪੰਜਾਬੀਆਂ ਦੇ ਇਖ਼ਲਾਕੀ ਸਰੂਪ ਨੂੰ ਵੀ ਖ਼ਤਮ ਕਰ ਦਿੱਤਾ ਹੈ। ਰਿਸ਼ਤਿਆਂ ਦੀ ਪਵਿੱਤਰਤਾ ਨੂੰ ਤਾਰ-ਤਾਰ ਕੀਤਾ ਜਾ ਰਿਹਾ ਹੈ। ਭੈਣ ਆਪਣੇ ਸੱਕੇ ਭਰਾ ਨਾਲ ਵਿਆਹ ਕਰਵਾ ਕੇ, ਉਸਨੂੰ ਵਿਦੇਸ਼ ਵਿਚ ਲਿਜਾ ਰਹੀ ਹੈ। ਨਕਲੀ ਵਿਆਹ ਕਰਵਾਏ ਜਾ ਰਹੇ ਹਨ। ਗ਼ੈਰ ਕਾਨੂੰਨੀ ਢੰਗ ਨਾਲ ਦੂਜੇ ਮੁਲਕਾਂ ਦੀਆਂ ਸਰਹੱਦਾਂ ਟੱਪੀਆਂ ਜਾ ਰਹੀਆਂ ਹਨ, ਜਿਸ ਵਿਚ ਕਈ ਵਾਰ ਜਾਨ ਵੀ ਗੁਆਉਣੀ ਪੈ ਜਾਂਦੀ ਹੈ। ਪੜਾਈ ਦੇ ਬਹਾਨੇ, ਰੁਜ਼ਗਾਰ ਦੇ ਬਹਾਨੇ, ਰਾਜਸੀ ਸ਼ਰਣ ਦੇ ਬਹਾਨੇ ਅਤੇ ਘੁੰਮਣ ਦੇ ਬਹਾਨੇ ਨਾਲ ਵਿਦੇਸ਼ਾਂ ਵਿਚ ਜਾ ਕੇ ਵੱਸਣ ਦੇ ਰੁਝਾਨ ਨੇ ਪੂਰੀ ਦੁਨੀਆਂ ਵਿਚ ਪੰਜਾਬੀਆਂ ਦੀ ਗ਼ੈਰਤ ਨੂੰ ਮਿੱਟੀ ਵਿਚ ਰੋਲ਼ਣ ਦਾ ਕੰਮ ਕੀਤਾ ਹੈ।

ਹਿੰਦੋਸਤਾਨ ਦੀ ਸਭ ਤੋਂ ਵੱਧ ਉਪਜਾਊ ਧਰਤ (ਪੰਜਾਬ) ਦੇ ਲੋਕ ਆਪਣੀ ਮਾਤ-ਭੂਮੀ ਨੂੰ ਛੱਡ ਕੇ ਵਿਦੇਸ਼ਾਂ ਵਿਚ ਮਿਹਨਤ-ਮਜ਼ਦੂਰੀ ਕਰ ਰਹੇ ਹਨ। ਇਹ ਕਾਰਜ, ਬਹੁਤ ਸਾਰੇ ਸਵਾਲ ਪੈਦਾ ਕਰਦਾ ਹੈ ਜਿਨਾਂ ਦਾ ਜੁਵਾਬ ਪੰਜਾਬੀਆਂ ਨੂੰ ਅਤੇ ਸਮੇਂ ਦੀਆਂ ਸਰਕਾਰਾਂ ਨੂੰ ਦੇਣਾ ਚਾਹੀਦਾ ਹੈ।

**ਡਾ. ਨਿਸ਼ਾਨ ਸਿੰਘ ਰਾਠੌਰ**



# ਭਾਰਤ ਵਿੱਚ ਘੱਟਗਿਣਤੀਆਂ ਲਈ ਸਥਿਤੀ : ਛਿੱਤਰ ਵੀ ਮਾਰਾਂਗੇ ਤੇ ਰੌਣ ਵੀ ਨਹੀਂ ਦਵਾਂਗੇ !



ਚੰਡੀਗੜ੍ਹ : ਭਾਰਤ ਸਰਕਾਰ ਵੱਲੋਂ ਬਣਾਏ ਗਏ ਨਵੇਂ ਨਾਗਰਿਕਤਾ ਸੋਧ ਕਾਨੂੰਨ ਖਿਲਾਫ ਮੁਸਲਿਮ ਭਾਈਚਾਰੇ ਵੱਲੋਂ ਕੀਤੇ ਜਾ ਰਹੇ ਮੁਜ਼ਾਹਰਿਆਂ ਦੌਰਾਨ ਹੋਈ ਸਾੜ-ਫੂਕ ਅਤੇ ਨੁਕਸਾਨ ਦੀ ਪੂਰਤੀ ਲਈ ਉੱਤਰ ਪ੍ਰਦੇਸ਼ ਸਰਕਾਰ ਨੇ 372 ਲੋਕਾਂ ਨੂੰ ਫੁਰਮਾਨ ਜਾਰੀ ਕੀਤੇ ਹਨ। ਇਹਨਾਂ ਫੁਰਮਾਨ ਨੂੰ ਤਰਕਸੰਗਤ ਸਾਬਿਤ ਕਰਨ ਲਈ ਭਾਰਤੀ ਸੁਪਰੀਮ ਕੋਰਟ ਦੀਆਂ 2007 ਦੀਆਂ ਹਦਾਇਤਾਂ ਅਤੇ ਅਲਾਹਾਬਾਦ ਹਾਈ ਕੋਰਟ ਦੇ 2011 ਦੇ ਫੈਂਸਲੇ ਦਾ ਸਹਾਰਾ ਲਿਆ ਜਾ ਰਿਹਾ ਹੈ। ਇਹ ਸਹਾਰਾ ਲੈਂਦਿਆਂ ਹੀ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਨੇ ਕਿਹਾ ਹੈ ਕਿ ਉਹ ਪ੍ਰਦਰਸ਼ਨਕਾਰੀਆਂ ਤੋਂ ਨੁਕਸਾਨ ਦਾ 'ਬਦਲਾ' ਲੈਣਗੇ। ਯੋਗੀ ਅਦਿਤਿਆਨਾਥ ਦੇ ਇਸ ਬਿਆਨ ਦੀ ਨਿੰਦਾ ਹੋ ਰਹੀ ਹੈ ਕਿ ਇਹ ਇੱਕ ਮੁੱਖ ਮੰਤਰੀ ਦੇ ਨਹੀਂ ਕਿਸੇ ਬਦਮਾਸ਼ ਦੇ ਸ਼ਬਦ ਲੱਗ ਰਹੇ ਹਨ। ਭਾਰਤ ਵਿੱਚ ਇਹ ਕੋਈ ਪਹਿਲੀ ਵਾਰ ਨਹੀਂ ਜਦੋਂ ਸਰਕਾਰਾਂ ਖਿਲਾਫ ਜਾਂ ਕਿਸੇ ਹੋਰ ਪ੍ਰਸ਼ਾਸਨਿਕ ਫੈਂਸਲੇ ਖਿਲਾਫ ਲੋਕ ਸੜਕਾਂ 'ਤੇ ਆਏ ਹੋਣ ਅਤੇ ਪ੍ਰਦਰਸ਼ਨ ਹਿੰਸਕ ਹੋਏ ਹੋਣ। ਇਸ ਤੋਂ ਪਹਿਲਾਂ ਵੀ ਅਜਿਹਾ ਵਾਪਰਦਾ ਰਿਹਾ ਹੈ, ਪਰ ਇਸ ਵਾਰ ਜਿਸ ਤਰ੍ਹਾਂ ਸਰਕਾਰ ਨੇ ਵਸੂਲੀ ਕਰਨ ਦਾ ਰੁੱਖ ਅਪਣਾਇਆ ਹੈ ਉਵੇਂ ਪਹਿਲਾਂ ਕਦੇ ਨਹੀਂ ਹੋਇਆ।

**ਭਾਰਤ ਵਿੱਚ ਪਿਛਲੇ ਚਾਰ ਸਾਲਾਂ ਦੇ ਸਮੇਂ ਦੌਰਾਨ ਹੋਏ ਪ੍ਰਦਰਸ਼ਨਾਂ ਨਾਲ ਜੁੜੇ ਤੱਥਾਂ 'ਤੇ ਨਿਗ੍ਹਾ ਮਾਰਦੇ ਹਾਂ:**

1. ਦਸੰਬਰ 2018: ਬਜਰੰਗ ਦਲ ਨਾਲ ਸਬੰਧਿਤ ਹਿੰਦੂ ਭੀੜ ਵੱਲੋਂ ਯੂਪੀ ਦੇ ਬੁਲੰਦਸ਼ਹਿਰ ਵਿੱਚ ਇੱਕ ਪੁਲਿਸ ਇੰਸਪੈਕਟਰ ਸੁਬੋਧ ਕੁਮਾਰ ਸਿੰਘ ਨੂੰ ਪ੍ਰਦਰਸ਼ਨ ਦੌਰਾਨ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਇਹ ਵਿਰੋਧ ਪ੍ਰਦਰਸ਼ਨ ਇਲਾਕੇ ਵਿੱਚ ਕੁੱਝ ਗਾਵਾਂ ਦੇ ਕੰਕਾਲ ਮਿਲਣ ਦੇ ਰੋਸ ਵਜੋਂ ਕੀਤਾ ਜਾ ਰਿਹਾ ਸੀ। ਸੁਬੋਧ ਕੁਮਾਰ ਸਿੰਘ ਦੇ ਕਤਲ ਤੋਂ ਇਲਾਵਾ ਪੁਲਿਸ ਚੌਂਕੀ ਦੀ ਭੰਨ ਤੋੜ ਕੀਤੀ ਗਈ, ਪੁਲਿਸ ਦੀਆਂ ਗੱਡੀਆਂ ਨੂੰ ਅੱਗ ਲਾਈ ਗਈ ਤੇ ਨੇੜੇ ਖੜੀਆਂ ਹੋਰ ਗੱਡੀਆਂ ਦੀ ਵੀ ਸਾੜ ਫੂਕ ਕੀਤੀ ਗਈ। ਇਸ ਮਾਮਲੇ 'ਚ ਕਿਸੇ ਵੀ ਦੋਸ਼ੀ ਨੂੰ ਨੁਕਸਾਨ ਦੀ ਪੂਰਤੀ ਲਈ ਕੋਈ ਫੁਰਮਾਨ ਜਾਰੀ ਨਹੀਂ ਕੀਤਾ ਗਿਆ।

2. ਫਰਵਰੀ 2016: ਹਰਿਆਣਾ ਵਿੱਚ ਜਾਟ ਰਾਖਵਾਂਕਰਨ ਦੀ ਮੰਗ ਲਈ ਚੱਲ ਰਹੇ ਪ੍ਰਦਰਸ਼ਨ ਹਿੰਸਕ ਹੋਏ ਤੇ ਵੱਡੇ ਪੱਧਰ 'ਤੇ ਸਾੜ-ਫੂਕ ਕੀਤੀ ਗਈ ਅਤੇ ਸਰਕਾਰੀ ਤੇ ਆਮ ਲੋਕਾਂ ਦੇ ਸਾਜ਼ੋ-ਸਮਾਨ, ਜਾਇਦਾਦ ਦਾ ਨੁਕਸਾਨ ਹੋਇਆ। ਇਸ ਤੋਂ ਇਲਾਵਾ ਗੈਰ-ਜਾਟ ਜਾਤਾਂ ਨਾਲ ਸਬੰਧਿਤ ਲੋਕ ਮਾਰੇ ਵੀ ਗਏ ਤੇ ਬਲਾਤਕਾਰ ਦੇ ਮਾਮਲੇ ਵੀ ਸਾਹਮਣੇ ਆਏ। ਸਰਕਾਰੀ ਰਿਪੋਰਟ ਮੁਤਾਬਿਕ 1100 ਕਰੋੜ ਦੀ ਜ਼ਾਇਦਾਦ ਦਾ ਨੁਕਸਾਨ ਹੋਇਆ। ਪੁਲਿਸ ਸੂਤਰਾਂ ਦੇ ਹਵਾਲੇ ਨਾਲ ਪ੍ਰਾਪਤ ਜਾਣਕਾਰੀ ਮੁਤਾਬਿਕ ਕਿਸੇ ਵੀ ਇੱਕ ਸਖਸ਼ ਨੂੰ ਨੁਕਸਾਨ ਪੂਰਤੀ ਦਾ ਫੁਰਮਾਨ ਜਾਰੀ ਨਹੀਂ ਕੀਤਾ ਗਿਆ ਬਲਕਿ ਸਰਕਾਰ ਨੇ ਆਪਣੇ ਪੱਲੇ ਤੋਂ ਉਹਨਾਂ ਲੋਕਾਂ ਨੂੰ 65.38 ਕਰੋੜ ਰੁਪਏ ਦਿੱਤੇ ਜਿਹਨਾਂ ਦਾ ਨੁਕਸਾਨ ਹੋਇਆ ਸੀ।

3. ਅਗਸਤ 2017: ਹਰਿਆਣਾ ਵਿੱਚ ਹੀ ਡੇਰਾ ਸਿਰਸਾ ਦੇ ਮੁੱਖੀ ਗੁਰਮੀਤ ਇੰਸਾ ਨੂੰ ਬਲਾਤਕਾਰ ਦੇ ਮਾਮਲੇ 'ਚ ਸਜ਼ਾ ਹੋਣ ਮਗਰੋਂ ਉਸਦੇ ਸਮਰਥਕਾਂ ਨੇ ਭਾਰੀ ਸਾੜ-ਫੂਕ ਕੀਤੀ। ਇਸ ਮੌਕੇ ਹੋਈ ਹਿੰਸਾ 'ਚ ਕਰੀਬ 40 ਲੋਕਾਂ ਦੀ ਮੌਤ ਵੀ ਹੋਈ ਸੀ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਹਿੰਸਾ ਵਿੱਚ ਸ਼ਾਮਲ ਲੋਕਾਂ ਤੋਂ ਪੈਸੇ ਵਸੂਲਣ ਦੇ ਹੁਕਮ ਦਿੱਤੇ ਸਨ ਤਾਂ ਸਰਕਾਰ ਨੇ ਡੇਰਾ ਸਿਰਸਾ ਦੀ ਜ਼ਾਇਦਾਦ ਨੂੰ ਜ਼ਬਤ ਕਰ ਲਿਆ ਸੀ।

ਜੂਨ 2017: ਮੱਧ ਪ੍ਰਦੇਸ਼ ਦੇ ਮੰਡਸੌਰ ਵਿੱਚ ਕਿਸਾਨਾਂ ਦੇ ਸੰਘਰਸ਼ ਦੌਰਾਨ ਸਾੜ ਫੂਕ ਹੋਈ ਤੇ ਜ਼ਾਇਦਾਦ ਦਾ ਨੁਕਸਾਨ ਹੋਇਆ। ਪਰ ਕਿਸੇ ਵੀ ਪ੍ਰਦਰਸ਼ਨਕਾਰੀ ਨੂੰ ਨੁਕਸਾਨ ਦੀ ਪੂਰਤੀ ਲਈ ਫੁਰਮਾਨ ਜਾਰੀ ਨਹੀਂ ਕੀਤਾ ਗਿਆ।

ਅਪ੍ਰੈਲ 2019: ਮੱਧ ਪ੍ਰਦੇਸ਼ ਵਿੱਚ ਹੀ ਐਸਸੀ/ਐਸਟੀ ਕਾਨੂੰਨ ਵਿੱਚ ਤਰਮੀਮਾਂ ਖਿਲਾਫ ਹੋ ਰਿਹਾ ਪ੍ਰਦਰਸ਼ਨ ਹਿੰਸਕ ਹੋਇਆ ਤੇ ਸਾੜ ਫੂਕ ਹੋਈ। ਪਰ ਕਿਸੇ ਪ੍ਰਦਰਸ਼ਨਕਾਰੀ ਨੂੰ ਨੁਕਸਾਨ ਦੀ ਪੂਰਤੀ ਲਈ ਫੁਰਮਾਨ ਜਾਰੀ ਨਹੀਂ ਕੀਤਾ ਗਿਆ।

ਜਨਵਰੀ 2018: ਮਹਾਰਾਸ਼ਟਰ ਵਿੱਚ ਭੀਮਾ ਕੋਰੇਗਾਂਓ ਦੀ ਬਰਸੀ ਮੌਕੇ ਦਲਿਤ ਪ੍ਰਦਰਸ਼ਨ ਦੌਰਾਨ ਹਿੰਸਾ ਹੋਈ ਤੇ ਪੱਥਰਬਾਜ਼ੀ ਹੋਈ। ਇੱਥੇ ਵੀ ਕਿਸੇ ਪ੍ਰਦਰਸ਼ਨਕਾਰੀ ਨੂੰ ਨੁਕਸਾਨ ਦੀ ਪੂਰਤੀ ਲਈ ਫੁਰਮਾਨ ਜਾਰੀ ਨਹੀਂ ਕੀਤਾ ਗਿਆ।

ਜਨਵਰੀ 2018: ਰਾਜਸਥਾਨ ਵਿੱਚ ਫਿਲਮ ਪਦਮਾਵਤੀ ਦਾ ਵਿਰੋਧ ਕਰ ਰਹੀ ਕਰਨੀ ਸੈਨਾ ਵੱਲੋਂ ਕੋਟਾ ਅਤੇ ਚਿਤੋੜਗੜ੍ਹ ਵਿੱਚ ਭੰਨ੍ਹ ਤੋੜ ਕੀਤੀ ਗਈ। ਪਰ ਕਰਨੀ ਸੈਨਾ ਦੇ ਕਿਸੇ ਮੈਂਬਰ ਨੂੰ ਨੁਕਸਾਨ ਪੂਰਤੀ ਦਾ ਫੁਰਮਾਨ ਜਾਰੀ ਨਹੀਂ ਕੀਤਾ ਗਿਆ।

# ਮਰਹੂਮ ਗਾਇਕ ਧਰਮਪ੍ਰੀਤ ਨੂੰ ਸਮਰਪਿਤ ਪਹਿਲਾ ਸਭਿਆਚਾਰਕ ਮੇਲਾ ਯਾਦਗਾਰੀ ਹੋ ਨਿਬੜਿਐ




## ਵਿੱਕੀ ਕਨਵਰ ਤੇ ਭੋਲਾ ਯਮਲਾ ਦੀ ਗਾਇਕੀ ਨੇ ਆਪਣੀ ਗਹਿਰੀ ਛਾਪ ਛੱਡੀ - ਰਮਨ ਸੇਖੋਂ

ਬਠਿੰਡਾ (ਗੁਰਬਾਜ ਗਿੱਲ) -ਪੰਜਾਬੀ ਸੰਗੀਤਕ ਖੇਤਰ ਵਿੱਚ ਆਪਣੀ ਬੁਲੰਦ ਅਤੇ ਦਮਦਾਰ ਗਾਇਕੀ ਨਾਲ ਵਿਲੱਖਣ ਪਹਿਚਾਣ ਬਣਾਉਣ ਵਾਲੇ ਮਰਹੂਮ ਗਾਇਕ ਧਰਮਪ੍ਰੀਤ ਦੀ ਯਾਦ ਨੂੰ ਸਮਰਪਿਤ ਪਹਿਲਾ ਧਰਮਪ੍ਰੀਤ ਯਾਦਗਾਰੀ ਸਭਿਆਚਾਰਕ ਮੇਲਾ, ਗੀਤਕਾਰ ਰਮਨ ਸੇਖੋਂ ਜੀ ਦੇ ਉਦਮ ਸਦਕਾ 29 ਦਸੰਬਰ 2019, ਦਿਨ ਐਤਵਾਰ ਨੂੰ ਸਵੇਰੇ 11 ਵਜੇ ਤੋਂ ਦੇਰ ਤੱਕ, ਸਰਕਾਰੀ ਸਕੂਲ ਜੰਡਾਂਵਾਲਾ ਵਿੰਝੂ ਕਾ (ਬਠਿੰਡਾ) ਦੇ ਖੇਡ ਸਟੇਡੀਅਮ ਵਿਖੇ ਬੜੀ ਧੂਮਧਾਮ ਨਾਲ ਕਰਵਾਇਆ ਗਿਆ। ਇਸ ਸਭਿਆਚਾਰਕ ਮੇਲੇ 'ਚ ਮੁੱਖ ਮਹਿਮਾਨ ਵਜੋਂ ਪ੍ਰਸਿੱਧ ਸੂਫੀ ਗਾਇਕ ਸਰਦਾਰ ਅਲੀ ਜੀ ਨੇ ਸ਼ਿਰਕਤ ਕੀਤੀ। ਮੇਲੇ ਦੀ ਸ਼ੁਰੂਆਤ ਸਾਫ ਸੁਥਰੀ ਗਾਇਕੀ ਦੀ ਬੁਲੰਦ ਅਵਾਜ਼ ਬਾਈ ਭੋਲਾ ਯਮਲਾ ਜੀ ਨੇ 'ਸਤਿਗੁਰ ਨਾਨਕ ਤੇਰੀ ਨੀਲੀ ਨਿਆਰੀ ਆਂ' ਸਦਾਬਹਾਰ ਗੀਤ ਨਾਲ ਕਰਕੇ ਕੀਤੀ। ਇਸ ਅਮਰ ਗੀਤ ਨਾਲ ਉਹਨਾਂ ਜਿੱਥੇ ਉਸਤਾਦ ਗਾਇਕ ਲਾਲ ਚੰਦ ਯਮਲਾ ਜੱਟ ਦੀ ਯਾਦ ਤਾਜਾ ਕਰਵਾਈ, ਉੱਥੇ ਉਹਨਾਂ ਦੀ ਵਿਰਾਸਤ ਅਤੇ ਅਤੇ ਆਪਣੇ 'ਤੂੰਬੀ ਵਰਸਿਜ਼ ਰਫਲਾਂ' ਗੀਤਾਂ ਨਾਲ ਆਪਣੀ ਭਰਵੀਂ ਹਾਜ਼ਰੀ ਲਗਵਾਈ, ਗਾਇਕੀ ਦੀ ਵੀ ਬਾ-ਮਿਸ਼ਾਲ ਛਾਪ ਛੱਡੀ। ਉਹਨਾਂ ਤੋਂ ਬਾਅਦ ਪ੍ਰਸਿੱਧ ਗਾਇਕ ਹਰਿੰਦਰ ਸੰਧੂ, ਹਰਮਿਲਾਪ ਗਿੱਲ, ਜਸ ਸਿੱਧੂ, ਰਾਜਿੰਦਰ ਨਾਗੀ, ਲਵਜੀਤ, ਇੰਦਰ ਮਾਨ, ਗੁਰੀ ਮੱਕੜ, ਸੁਖਪਾਲ ਪਾਲੀ, ਰਮਨਦੀਪ ਮੰਗਾ, ਜਸਪ੍ਰੀਤ ਬਰਾੜ, ਕੁਲਦੀਪ ਰਸੀਲਾ, ਮੀਤ ਬਰਾੜ, ਬਲਵੀਰ ਚੋਟੀਆ-ਜਸਮੀਨ ਚੋਟੀਆ, ਭਿੰਦੇ ਸ਼ਾਹ ਰਾਜੋਵਾਲੀਆ-ਕੁਲਦੀਪ ਕੌਰ, ਬਲਵਿੰਦਰ ਬੱਬੀ-ਕੌਰ ਪੂਜਾ, ਭਿੰਦਰ ਜੈਤੋਂ, ਬੀ ਐਸ ਭੱਟੀ, ਗੁਰਪ੍ਰੀਤ ਸ਼ੇਰਗਿੱਲ, ਟੀਨਾ ਦਿਲਬਰ, ਲੱਖਾ ਥਰਾਜ, ਕੱਤਰ ਮਾਨ, ਹਰਜੀਤ ਜੋਗਾ, ਗੁਰਵਿੰਦਰ ਗੋਰਾ ਅਤੇ ਪ੍ਰਸਿੱਧ ਗਾਇਕਾ ਐਸ ਕੌਰ ਤੇ ਜਸਵਿੰਦਰ ਬਰਾੜ ਨੇ ਇਸ ਮੇਲੇ 'ਚ ਆਪਣੀ ਭਰਵੀ ਹਾਜ਼ਰੀ ਲਵਾਕੇ ਤਮਾਮ ਸਰੋਤਿਆਂ/ ਦਰਸਕਾਂ ਦਾ ਮੰਨੋਰੰਜਨ ਕੀਤਾ। ਪਿਛਲੇ ਥੋੜੇ ਸਮੇਂ ਤੋਂ ਆਪਣੀ ਸਾਫ-ਸੁਥਰੀ ਗਾਇਕੀ ਨਾਲ ਆਪਣੀ ਵਿਲੱਖਣ ਬਣਾਉਣ ਵਾਲੇ ਗਾਇਕ ਵਿੱਕੀ ਕਨਵਰ ਇਸ ਮੇਲੇ 'ਚ ਆਪਣੀ ਗਹਿਰੀ ਛਾਪ ਛੱਡੀ ਅਤੇ ਹਜ਼ਾਰਾਂ ਦਰਸਕਾਂ ਦਾ ਦਿਲ ਜਿੱਤਿਆ। ਕੁੱਲ ਮਿਲਾਕੇ ਸਵ. ਧਰਮਪ੍ਰੀਤ ਯਾਦਗਾਰੀ ਪਹਿਲਾ ਸਭਿਆਚਾਰਕ ਮੇਲਾ ਗਾਇਕ ਵਿੱਕੀ ਕਨਵਰ ਤੇ ਭੋਲਾ ਯਮਲਾ ਜੀ ਨੇ ਲੁੱਟਿਆ। ਇੰਟਰਨੈਸ਼ਨਲ ਐਂਕਰ ਜਗਦੀਪ ਜੋਗਾ ਜੀ ਨੇ ਆਪਣੀ ਸੇਅਰੋ-ਸ਼ਾਇਰੀ ਨਾਲ ਸਟੇਜ ਸੰਚਾਲਨ ਦੀ ਜੁੰਮੇਵਾਰੀ ਬਾਖੂਬੀ ਨਿਭਾਈ। ਸ਼ੋਸ਼ਲ ਮੀਡੀਆ ਯੂ-ਟਿਊਬ 'ਤੇ ਮੇਲਾ ਜੰਕਸ਼ਨ, ਐਮ ਲਾਈਵ, ਰੰਗਲਾ ਟੀ ਵੀ, ਆਈ ਟੀ ਵੀ ਅਤੇ ਰੂਹ ਪੰਜਾਬ ਦੀ ਵੱਲੋਂ ਇਸ ਮੇਲੇ ਦਾ ਲਾਈਵ ਟੈਲੀਕਾਸਟ ਕੀਤਾ ਗਿਆ। ਮੇਲੇ ਦੇ ਵਿਸ਼ੇਸ਼ ਸਹਿਯੋਗੀ ਜਗਮੀਤ ਸਿੰਘ ਪੱਤਰਕਾਰ, ਵੀਡੀਓ ਡਾਇਰੈਕਟਰ ਜਗਦੇਵ ਟਹਿਣਾ, ਪ੍ਰੋਡਿਊਸਰ ਸਤਿੰਦਰ ਸੰਧੂ, ਪ੍ਰੋਡਿਊਸਰ ਵੀਰੂ ਰੋਮਾਣਾ, ਦਵਿੰਦਰ ਬਰਨਾਲਾ, ਸਰਪੰਚ ਅਤੇ ਸਮਾਜ ਸੇਵੀ ਗੁਰਪ੍ਰੀਤ ਸਿੰਘ ਫੋਜੀ ਖੋਖਰ, ਕਰਮਜੀਤ ਬਰਾੜ, ਮਨਿੰਦਰ ਮੋਗਾ, ਹਰਦੀਪ ਮਾਨ, ਉਗਰ ਸੈਨ, ਗੀਤਕਾਰ ਕਿਰਪਾਲ ਮਾਅਣਾ, ਅਲਬੇਲ ਬਰਾੜ, ਸੇਵਕ ਬਰਾੜ ਖੋਖਰ, ਪੱਤਰਕਾਰ ਗੁਲਜ਼ਾਰ ਮਦੀਨਾ, ਪੱਤਰਕਾਰ ਕਰਮ ਸੰਧੂ, ਪੱਤਰਕਾਰ ਮਨਜੀਤ ਸਿੰਘ, ਪੱਤਰਕਾਰ ਬਿਕਰਮ ਵਿੱਕੀ ਮਾਨਸਾ, ਸੰਗੀਤਕ ਪੱਤਰਕਾਰ ਨਿੰਦਰ ਕੋਟਲੀ ਅਤੇ 'ਜਸਟ ਪੰਜਾਬੀ' ਮੈਗਜ਼ੀਨ ਦੇ ਸੰਪਾਦਕ, ਸੰਗੀਤਕ ਤੇ ਫ਼ਿਲਮੀ ਪੱਤਰਕਾਰ ਗੁਰਬਾਜ ਗਿੱਲ ਨੇ ਮੇਲੇ ਵਿੱਚ ਵਿਸ਼ੇਸ਼ ਤੌਰ 'ਤੇ ਆਪਣੀ ਹਾਜ਼ਰੀ ਲਵਾਈ। ਪ੍ਰੋਡਿਊਸਰ ਤੇ ਗੀਤਕਾਰ ਅਤੇ ਮੁੱਖ ਮੇਲਾ ਪ੍ਰਬੰਧਕ ਰਮਨ ਸੇਖੋਂ ਵੱਲੋਂ ਆਪਣੀ ਰਹਿਨੁਮਾਈ ਹੇਠ ਜਲਦੀ ਹੀ ਕਈ ਨਾਮਵਰ ਗਾਇਕਾ ਨੂੰ ਆਪਣੀ ਸਮੈਰਾ ਰਿਕਾਰਡਜ਼ ਕੰਪਨੀ ਵਿੱਚ ਪੇਸ਼ ਕਰਨ ਦਾ ਐਲਾਨ ਵੀ ਕੀਤਾ ਗਿਆ। ਗਰੇਮੈਟਰਸ ਆਈ ਲੈਟਸ ਇੰਸਟੀਚਿਊਟ, ਸਕਾਈ ਡ੍ਰੀਮ ਇਮੀਗ੍ਰੇਸ਼ਨ ਅਤੇ ਖੁਸ਼ੀ ਆਰਟਸ ਦਾ ਇਸ ਮੇਲੇ ਨੂੰ ਸਫਲ ਬਣਾਉਣ ਵਿੱਚ ਵਿਸ਼ੇਸ਼ ਯੋਗਦਾਨ ਰਿਹਾ। ਅਖੀਰ ਵਿੱਚ ਮੇਲਾ ਪ੍ਰਬੰਧਕ ਕਮੇਟੀ ਨੇ ਗਾਇਕਾ, ਗੀਤਕਾਰਾਂ, ਪੱਤਰਕਾਰਾਂ ਅਤੇ ਹੋਰ ਨਾਮਵਰ ਸਖਸ਼ੀਅਤਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।

# 'ਪੰਜਾਬ ਦੀ ਐਸ਼ਵਰਿਆ' ਨੇ ਸਲਮਾਨ 'ਤੇ ਲਾਇਆ ਵੱਡਾ ਇਲਜ਼ਾਮ, ਵੀਡੀਓ ਸੋਸ਼ਲ ਮੀਡੀਆ 'ਤੇ ਵਾਈਰਲ



'ਬਿੱਗ ਬੌਸ' ਦਾ 13 ਵਾਂ ਸੀਜ਼ਨ ਹੁਣ ਤੱਕ ਦਾ ਸਭ ਤੋਂ ਪਾਪੁਲਰ ਸੀਜ਼ਨ ਮੰਨਿਆ ਜਾਂਦਾ ਹੈ। ਇਸ ਸੀਜ਼ਨ ਦੇ ਪ੍ਰਤੀਯੋਗੀ ਤੇ ਐਕਸ ਕੰਟੈਸਟੈਂਟ ਕਿਸੇ ਨਾ ਕਿਸੇ ਗੱਲ ਲਈ ਖਬਰਾਂ 'ਚ ਰਹਿੰਦੇ ਹਨ। ਫਿਲਹਾਲ ਬਿੱਗ ਬੌਸ 13 ਦੀ ਐਕਸ ਕੰਟੈਸਟੈਂਟ ਹਿਮਾਂਸ਼ੀ ਸੁਰਖੀਆਂ 'ਚ ਹੈ। ਉਸ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ, ਜਿਸ 'ਚ ਉਹ ਸਲਮਾਨ ਖ਼ਾਨ 'ਤੇ ਇਲਜ਼ਾਮ ਲਾਉਂਦੀ ਨਜ਼ਰ ਆ ਰਹੀ ਹੈ। ਦਰਅਸਲ, ਹਿਮਾਂਸ਼ੀ ਖੁਰਾਣਾ ਇੱਕ ਵੀਡੀਓ 'ਚ ਮੈਨੀਕਿਓਰ ਕਰਵਾਉਂਦੀ ਹੋਈ ਦਿੱਖ ਰਹੀ ਹੈ। ਵੀਡੀਓ 'ਚ ਹਿਮਾਂਸ਼ੀ ਕਹਿੰਦੀ ਦਿਖਾਈ ਦੇ ਰਹੀ ਹੈ ਕਿ 'ਬਿੱਗ ਬੌਸ' 'ਚ ਭਾਂਡੇ ਧੋ ਕੇ ਹੱਥ ਖਰਾਬ ਹੋ ਜਾਂਦੇ ਹਨ'। ਜਿਵੇਂ ਵੀਡੀਓ 'ਚ ਇੱਕ ਹੋਰ ਵਿਅਕਤੀ ਕਹਿੰਦਾ ਹੈ ਕਿ “ਸਲਮਾਨ ਨੇ ਵੀ ਭਾਂਡੇ ਧੋ ਕੇ ਚੰਗਾ ਡਰਾਮਾ ਕੀਤਾ।“ ਇਸ ਦੇ ਜਵਾਬ 'ਚ ਹਿਮਾਂਸ਼ੀ ਕਹਿੰਦੀ ਹੈ, “ਸਲਮਾਨ ਨੇ 630 ਕਰੋੜ ਰੁਪਏ ਲਏ ਹਨ, ਉਹ ਧੋਣਗੇ ਹੀ।“ ਇਸ ਵੀਡੀਓ ਨੂੰ ਆਪਣੇ ਇੰਸਟਾਗ੍ਰਾਮ ਅਕਾਉਂਟ ਤੋਂ ਬਿਗ ਬੌਸ ਫੈਨ ਪੇਜ ਨੇ ਸ਼ੇਅਰ ਕੀਤਾ ਹੈ। ਇਸ ਦੇ ਨਾਲ ਹੀ ਇਸ ਵੀਡੀਓ ਦੇ ਵਾਇਰਲ ਹੋਣ ਤੋਂ ਬਾਅਦ ਲੋਕ ਇਸ ਨੂੰ ਕਾਫੀ ਸ਼ੇਅਰ ਕਰ ਰਹੇ ਹਨ। ਇਸ ਦੇ ਨਾਲ ਹੀ ਯੂਜ਼ਰਸ ਇਸ ਵੀਡੀਓ 'ਤੇ ਟਿੱਪਣੀ ਕਰ ਰਹੇ ਹਨ ਤੇ ਆਪਣੀ ਰਾਏ ਦੇ ਰਹੇ ਹਨ। ਦੱਸ ਦੇਈਏ ਕਿ ਸਲਮਾਨ ਖ਼ਾਨ ਆਪਣੇ ਜਨਮ ਦਿਨ 'ਤੇ ਬਿੱਗ ਬੌਸ ਦੇ ਘਰ ਦੀ ਹਾਲਤ ਨਾਰਾਜ਼ ਹੋ ਖੁਦ ਘਰ 'ਚ ਗਏ ਜਿੱਥੇ ਉਨ੍ਹਾਂ ਨੇ ਭਾਂਡੇ ਧੋਤੇ ਤੇ ਬਾਥਰੂਮ ਦੀ ਸਫਾਈ ਕੀਤੀ। ਸਲਮਾਨ ਦੇ ਭਾਂਡੇ ਧੋਣ ਦੀ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਬਹੁਤ ਵਾਇਰਲ ਹੋਈ ਸੀ।

# ਪ੍ਰਸਿੱਧ ਲੋਕ ਗਾਇਕ ਈਦੂ ਸ਼ਰੀਫ ਨਹੀਂ ਰਹੇ



ਚੰਡੀਗੜ੍ਹ: ਪ੍ਰਸਿੱਧ ਢਾਡੀ ਤੇ ਲੋਕ ਗਾਇਕ ਈਦੂ ਸ਼ਰੀਫ ਨਹੀਂ ਰਹੇ। ਉਹ ਪਿਛਲੇ ਸਮੇਂ ਤੋਂ ਬਿਮਾਰ ਤੇ ਆਰਥਿਕ ਤੰਗੀ ਨਾਲ ਜੂਝ ਰਹੇ ਸੀ। ਸ਼੍ਰੋਮਣੀ ਢਾਡੀ ਦੇ ਖਿਤਾਬ ਨਾਲ ਨਵਾਜ਼ੇ ਈਦੂ ਸ਼ਰੀਫ ਨੇ ਅੱਜ ਦੁਪਹਿਰ ਮਨੀਮਾਜਰਾ ਸਥਿਤ ਆਪਣੇ ਘਰ ਆਖਰੀ ਸਾਹ ਲਿਆ। ਉਹ ਲੰਮੇ ਸਮੇਂ ਤੋਂ ਅਧਰੰਗ ਦੀ ਬਿਮਾਰੀ ਤੋਂ ਪੀੜਤ ਸਨ। ਈਦੂ ਸ਼ਰੀਫ਼ ਦੇ ਪਰਿਵਾਰਕ ਮੈਂਬਰਾਂ ਮੁਤਾਬਕ ਉਨ੍ਹਾਂ ਮ੍ਰਿਤਕ ਦੀ ਦੇਹ ਨੂੰ ਕੱਲ੍ਹ ਸਪੁਰਦ-ਏ-ਖ਼ਾਕ ਕੀਤਾ ਜਾਵੇਗਾ। ਪਿਛਲੇ ਸਮੇਂ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਵੀ ਉਨ੍ਹਾਂ ਦੀ ਆਰਥਿਕ ਮਦਦ ਕੀਤੀ ਸੀ।

# ਸਾਰਾ ਅਲੀ ਖ਼ਾਨ ਮਾਂ ਵੀ ਪਿਆਰੀ, ਕਰੀਅਰ ਵੀ ਪਿਆਰਾ ...



ਨਵੇਂ ਸਾਲ 'ਤੇ ਸਾਰਾ ਅਲੀ ਖ਼ਾਨ ਆਰਾਮ ਦੇ ਮੂਡ 'ਚ ਹੈ। ਸ਼ਰਾਰਤਾਂ ਤੇ ਮਸਤੀ ਉਸ ਦੀ ਰੋਜ਼ਮਰ੍ਹਾ ਜ਼ਿੰਦਗੀ 'ਚ ਸ਼ਾਮਿਲ ਹਨ। ਸਮੁੰਦਰ ਨਾਲ ਅਠਖੇਲੀਆਂ ਕਰਦੀ ਸਾਰਾ ਦੀਆਂ ਇੰਸਟਾਗ੍ਰਾਮ 'ਤੇ ਤਸਵੀਰਾਂ ਭੁਚਾਲ ਲਿਆ ਰਹੀਆਂ ਹਨ। ਕਾਰਤਿਕ ਆਰੀਅਨ ਨਾਲ 'ਲਵ ਆਜਕੱਲ੍ਹ-2' ਅੰਮ੍ਰਿਤਾ ਸਿੰਘ ਦੀ ਇਹ 'ਸ਼ਰਾਰਤੀ ਮਾਸੂਮ ਧੀ' ਕਰ ਰਹੀ ਹੈ। ਸਾਰੇ ਕਹਿ ਰਹੇ ਸਨ ਕਿ ਸਾਰਾ ਦੀ ਆਪਣੀ ਮੰਮੀ ਅੰਮ੍ਰਿਤਾ ਨਾਲ ਬਣਦੀ ਨਹੀਂ ਪਰ ਸਾਰਾ ਨੇ ਅੰਮੀ ਨਾਲ ਫੋਟੋ ਖਿਚਵਾ ਕੇ ਨਾਲ ਹੀ ਲਿਖਿਆ ਕਿ ਸ਼ੀਸ਼ੇ ਤੂੰ ਮਾਂ ਹੈਂ ਜਾਂ ਕੋਈ ਪ੍ਰਛਾਵਾਂ ਤੇ ਮੇਰੀ ਅੰਮੀ 'ਅੰਮੀ ਨੰਬਰ ਵੰਨ' ਹੈ।' ਚੁਲਬੁਲੀ ਅਦਾ ਵਾਲੀ ਸਾਰਾ ਅਲੀ 2020 ਨੂੰ ਆਪਣੇ ਲਈ ਖਾਸ ਸਾਲ ਕਹਿ ਰਹੀ ਹੈ। ਕੇਰਲ 'ਚ ਸਾਰਾ ਦੀਆਂ 'ਹਾਟ ਫੋਟੋਆਂ' ਨੇ ਉੱਤਰ ਭਾਰਤ ਦੀ ਸਰਦੀ 'ਚ ਗਰਮੀ ਲਿਆ ਦਿੱਤੀ ਹੈ। ਮੋਬਾਈਲ ਫੋਨਜ਼ ਦੇ ਨੈੱਟ 'ਤੇ ਇੰਸਟਾਗ੍ਰਾਮ ਦੁਆਰਾ। ਕੇਰਲ ਦੇ ਖਾਣੇ 'ਤੇ ਸੈਰ ਨੇ ਸਾਰਾ 'ਚ ਹੋਰ ਤਾਜ਼ਗੀ ਭਰ ਦਿੱਤੀ ਹੈ। ਫਰਵਰੀ ਮਹੀਨੇ ਸਾਰਾ ਦੀ 'ਲਵ ਆਜ ਕੱਲ੍ਹ-2' ਆਏਗੀ ਤੇ ਫਿਰ ਵਰੁਣ ਧਵਨ ਨਾਲ 'ਕੁਲੀ ਨੰਬਰ ਵੰਨ', 'ਵਟ ਵੁਮੈਨ ਵਾਂਟ।' ਮਤਰੇਈ ਮਾਂ ਕਰੀਨਾ ਕਪੂਰ ਦੇ ਸ਼ੋਅ 'ਚ ਕਾਰਤਿਕ ਆਰੀਆਨ ਪੇਸ਼ਕਾਰ ਬਣ ਆਇਆ ਤਾਂ ਸਾਰਾ ਨੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ। ਵੈਸੇ ਸਾਰਾ ਹੁਣ ਕਾਰਤਿਕ ਤੋਂ ਧਿਆਨ ਹਟਾ ਕੇ ਕਰੀਅਰ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ। 'ਸਿੰਬਾ' ਵਾਲੀ ਸਾਰਾ ਕਦੇ ਮਾਲਦੀਵ ਦੀ ਮਸਤੀ ਤੇ ਕਦੇ ਕੇਰਲ ਦੀ ਸੈਰ ਕਰਦੀ ਹੈ ਸਭ ਮਾਨਸਿਕਤਾ ਬਦਲਣ ਲਈ। ਆਖਿਰ ਉਹ ਬਦਲੇ ਵੀ ਕਿਉਂ ਨਾ ਜਦ ਖ਼ਬਰ ਆਈ ਹੈ ਕਿ ਪਾਕਿਸਤਾਨ 'ਚ ਗੂਗਲ 'ਤੇ ਸਭ ਤੋਂ ਜ਼ਿਆਦਾ ਖੋਜ (ਸਰਚ) ਸਾਰਾ ਅਲੀ ਦੀ ਕੀਤੀ ਗਈ। ਸਾਰਾ ਦਾ ਇਸ ਖ਼ਬਰ ਨੇ ਖ਼ੂਨ ਵਧਾ ਦਿੱਤਾ ਹੈ। ਹੁਣ ਸਾਰਾ ਅਲੀ ਮਾਂ ਪਿਆਰੀ, ਕਰੀਅਰ ਪਿਆਰਾ ਤੇ ਕਾਰਤਿਕ... ਸਿਰਫ਼.... ਵਿਚਾਰਾ।

# ਯੂਟਿਊਬ 'ਤੇ ਧਮਾਲਾਂ ਪਾ ਰਿਹਾ ਹੈ ਫ਼ਿਲਮ 'ਜ਼ੋਰਾ-ਦਾ ਸੈਂਕਡ ਚੈਪਟਰ' ਦਾ ਟੀਜਰ, 6 ਮਾਰਚ ਨੂੰ ਹੋਵੇਗੀ ਫ਼ਿਲਮ ਰਿਲੀਜ਼




ਪੰਜਾਬੀ ਸਿਨੇਮਾਂ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ ਤੇ ਦਰਸ਼ਕਾਂ ਲਈ ਨਵੇਂ-ਨਵੇਂ ਵਿਸ਼ੇ 'ਤੇ ਤਿਆਰ ਫਿਲਮਾਂ ਲੈ ਕੇ ਆ ਰਿਹਾ ਹੈ। ਦਰਸ਼ਕ ਵੀ ਹੁਣ ਰਲਦੇ-ਮਿਲਦੇ ਵਿਸ਼ਿਆਂ ਵਾਲੀਆਂ ਫਿਲਮਾਂ ਨੂੰ ਨਕਾਰ ਕੇ ਕੁਝ ਵੱਖਰਾ ਵੇਖਣ ਦੀ ਚਾਹਤ ਰੱਖਦੇ ਹਨ। ਇਸੇ ਰੁਝਾਨ ਤਹਿਤ ਇੱਕ ਵੱਖਰੇ ਵਿਸ਼ੇ ਤੇ ਬਣ ਕੇ ਤਿਆਰ ਹੋਈ ਪੰਜਾਬੀ ਫ਼ਿਲਮ 'ਜ਼ੋਰਾ-ਦਾ ਸੈਂਕਡ ਚੈਪਟਰ' ਆਗਾਮੀ ੬ ਮਾਰਚ ੨੦੨੦ ਨੂੰ ਰਿਲੀਜ਼ ਹੋਣ ਜਾ ਰਹੀ ਹੈ। 'ਬਠਿੰਡੇ ਵਾਲੇ ਬਾਈ ਫ਼ਿਲਮਜ਼', 'ਲਾਊਡ ਰੋਰ ਫਿਲਮ' ਐਂਡ 'ਰਾਜ ਮੋਸ਼ਨ ਪਿਕਚਰਜ਼ ਦੇ ਬੈਨਰ ਹੇਠ ਬਣੀ ਇਸ ਫ਼ਿਲਮ ਵਿੱਚ ਪੰਜਾਬੀ ਫਿਲਮਾਂ ਦੇ ਐਕਸ਼ਨ ਹੀਰੋ ਦੀਪ ਸਿੱਧੂ, ਧਰਮਿੰਦਰ, ਸਿੰਗਾਂ, ਗੁੱਗੂ ਗਿੱਲ, ਜਪੁਜੀ ਖਹਿਰਾ, ਮਾਹੀ ਗਿੱਲ, ਹੌਬੀ ਧਾਲੀਵਾਲ, ਆਸ਼ੀਸ ਦੁੱਗਲ, ਕੁੱਲ ਸਿੱਧੂ, ਯਾਦ ਗਰੇਵਾਲ, ਸੋਨਪ੍ਰੀਤ ਜਵੰਦਾ ਅਤੇ ਮੁਕੇਸ਼ ਤਿਵਾੜੀ ਆਦਿ ਨੇ ਅਹਿਮ ਕਿਰਦਾਰ ਨਿਭਾਏ ਹਨ। ਨਿਰਮਾਤਾ ਹਰਪ੍ਰੀਤ ਸਿੰਘ ਦੇਵਗਨ, ਮਨਦੀਪ ਸਿੰਘ ਸਿੱਧੂ, ਜੈਰੀ ਬਰਾੜ, ਬਿਮਲ ਚੋਪੜਾ ਅਤੇ ਅਮਰਿੰਦਰ ਸਿੰਘ ਰਾਜੂ ਵਲੋਂ ਪ੍ਰੋਡਿਊਸ ਇਸ ਫਿਲਮ ਦਾ ਟੀਜਰ ਹਾਲ ਹੀ 'ਚ 'ਲਾਊਡ ਰੋਰ ਫਿਲਮ' ਦੇ ਯੂ-ਟਿਊਬ ਚੈਨਲ ਤੇ ਰਿਲੀਜ਼ ਰਿਲੀਜ਼ ਹੋਇਆ ਹੈ ਜਿਸ ਨੂੰ ਦਰਸ਼ਕਾਂ ਵਲੋਂ ਖੂਬ ਪਿਆਰ ਦਿੱਤਾ ਜਾ ਰਿਹਾ ਹੈ। ਦੱਸ ਦਈਏ ਕਿ ਲੇਖਕ-ਨਿਰਦੇਸ਼ਕ ਅਮਰਦੀਪ ਸਿੰਘ ਗਿੱਲ ਦੀ ਇਹ ਫਿਲਮ ਉਨਾਂ ਦੀ '2017 ਦੀ ਸੁਪਟ ਹਿੱਟ ਫਿਲਮ 'ਜ਼ੋਰਾ ਦਸ ਨੰਬਰੀਆਂ' ਦਾ ਹੀ ਅਗਲਾ ਭਾਗ ਹੈ ਅਤੇ ਇਸ ਦੀ ਕਹਾਣੀ ਪੰਜਾਬ ਪੁਲਸ , ਰਾਜਸੀ ਲੋਕਾਂ ਅਤੇ ਆਮ ਲੋਕਾਂ ਦੁਆਲੇ ਘੁੰਮਦੀ ਹੈ। ਦੱਸਣਯੋਗ ਹੈ ਕਿ ਪਹਿਲੀ ਫਿਲਮ 'ਜ਼ੋਰਾ ਦਸ ਨੰਬਰੀਆਂ' ਨੂੰ ਦਰਸ਼ਕਾਂ ਵਲੋਂ ਬੇਹੱਦ ਪਸੰਦ ਕੀਤਾ ਗਿਆ ਸੀ ਅਤੇ ਹੁਣ ਇਸ ਫਿਲਮ ਵਿੱਚ ਦਰਸ਼ਕਾਂ ਲਈ ਬਹੁਤ ਕੁਝ ਨਵਾਂ ਲੈ ਕੇ ਆ ਰਹੇ ਹਨ। ਫਿਲਮ ਦਾ ਸੰਗੀਤ ਮਿਊਜ਼ਿਕ ਇੰਮਪਾਇਰ, ਸਨੀ ਬਾਵਰਾ ਤੇ ਇੰਦਰ ਬਾਵਰਾ ਨੇ ਦਿੱਤਾ ਹੈ। ਗਿੱਪੀ ਗਰੇਵਾਲ, ਲਾਭ ਹੀਰਾ ਤੇ ਸਿੰਗਾਂ ਨੇ ਪਲੇਅ ਬੈਕ ਗਾਇਆ ਹੈ।


ਮਾਂ ਬੋਲੀ ਨੂੰ ਜੇ ਭੁੱਲ ਜਾਓਗੇ
ਕੱਖਾਂ ਵਾਂਗੂ ਰੁਲ ਜਾਓਗੇ !
ਪੜ੍ਹੋ ਪੰਜਾਬ


ਗੁਰੂ ਗ੍ਰੰਥ ਸਾਹਿਬ ਚ 14 ਭਾਸ਼ਾਵਾਂ ਨੇ ਪਰ ਲਿਖਤ ਪੰਜਾਬੀ ਦੀ ਹੈ ਹੁਣ ਆਈ ਸਮਝ ਪੰਜਾਬੀ ਦੀ ਕਿ ਨਹੀਂ
ਪੰਜਾਬੀ ਜ਼ਿੰਦਾਬਾਦ
ੳ ਅ ੲ ਸ ਹ
ਕ ਖ ਗ ਘ ਙ
ਚ ਛ ਜ ਝ ਞ
ਟ ਠ ਡ ਢ ਣ
ਤ ਥ ਦ ਧ ਨ
ਪ ਫ ਬ ਭ ਮ
ਯ ਰ ਲ ਵ ੜ
ਸ਼ ਖ਼ ਗ਼ ਜ਼ ਫ਼ ਲ਼
ਮੈ ਪੰਜਾਬੀ ਹਾਂ
ਮੇਰੀ ਮਾਂ ਬੋਲੀ ਪੰਜਾਬੀ ਹੈ|


Anmol Hi-Tech
Shoes
Near Civil Hospital, Tanda
97796-64581, 62806-22259


ABS ADVANTAGE BUSINESS SERVICES
Ankit Kejriwal
Business Consultant
Corporation Setup
Individual & Corporation Taxes
Business Insurance
Business License & Permits
Immigration & Divorce
Audits
Non Profit Setup
Settle IRS & State Debt
(Offer In Compromise)
Individual Tax Identification Number (ITIN)
(We do in-house passport attestation)
advantage.kay@gmail.com
88-45 164th street
Jamaica NY 11432
718.530.5093
917.774.4659

# ਵੱਟਸਐਪ ਭਾਰਤੀਆਂ ਦੀ ਜਾਸੂਸੀ ਵਿੱਚ ਕਰੋੜਾਂ ਰੁਪਏ ਕਿਹੜੀ ਸਰਕਾਰੀ ਏਜੰਸੀ ਨੇ ਖਰਚੇ ਹੋਣਗੇ







ਇਜ਼ਰਾਈਲੀ ਤਕਨੀਕ ਨਾਲ ਵਟਸਐਪ ਵਿੱਚ ਸੰਨ੍ਹ ਲਾ ਕੇ ਪੱਤਰਕਾਰਾਂ, ਵਕੀਲਾਂ ਅਤੇ ਮਨੁੱਖੀ ਹੱਕਾਂ ਲਈ ਕੰਮ ਕਰਨ ਵਾਲੇ ਕਾਰਕੁਨਾਂ ਦੀ ਜਾਸੂਸੀ ਦੇ ਮਾਮਲੇ ਵਿੱਚ ਅਨੇਕ ਖੁਲਾਸੇ ਹੋਏ ਹਨ। ਹਾਲਾਂਕਿ ਪੂਰਾ ਸੱਚ ਸਾਹਮਣੇ ਆਉਣਾ ਹਾਲੇ ਰਹਿੰਦਾ ਹੈ। ਇਜ਼ਰਾਈਲੀ ਕੰਪਨੀ ਐੱਨਐੱਸਓ ਦੇ ਸਪੱਸ਼ਟੀਕਨ ਨੂੰ ਸੱਚ ਮੰਨਿਆ ਜਾਵੇ ਤਾਂ ਸਰਕਾਰ ਤੇ ਸਰਕਾਰੀ ਏਜੰਸੀਆਂ ਹੀ ਪੇਗਾਸਸ ਸਾਫ਼ਟਵੇਅਰ ਰਾਹੀਂ ਜਾਸੂਸੀ ਕਰ ਸਕਦੀਆਂ ਹਨ। ਆਪਣਾ ਪੱਖ ਰੱਖਣ ਦੀ ਥਾਂ ਸਰਕਾਰ ਨੇ ਵੱਟਸਐੱਪ ਨੂੰ 4 ਦਿਨਾਂ ਦੇ ਅੰਦਰ ਜਵਾਬ ਦੇਣ ਲਈ ਕਿਹਾ ਹੈ। ਕੈਂਬਰਿਜ ਐਨਲੈਟਿਕਾ ਮਾਮਲੇ ਵਿੱਚ ਵੀ ਫੇਸਬੁੱਕ ਤੋਂ ਅਜਿਹਾ ਹੀ ਜਵਾਬ ਮੰਗਿਆ ਗਿਆ ਸੀ। ਉਸ ਮਾਮਲੇ ਵਿੱਚ ਯੂਰਪੀ ਕਾਨੂੰਨਾਂ ਤਹਿਤ ਕੰਪਨੀ ਨੂੰ ਜੁਰਮਾਨਾ ਵੀ ਕੀਤਾ ਗਿਆ ਸੀ। ਜਦਕਿ ਭਾਰਤ ਵਿੱਚ ਹਾਲੇ ਸੀਬੀਆਈ ਅੰਕੜਿਆਂ ਦਾ ਵਿਸ਼ੇਲਸ਼ਣ ਹੀ ਕਰ ਰਹੀ ਹੈ।

ਕਾਗਜ਼ਾਂ ਤੋਂ ਸਪੱਸ਼ਟ ਹੈ ਕਿ ਵਟਸਐਪ ਵਿੱਚ ਸੰਨ੍ਹਮਾਰੀ ਦੀ ਖੇਡ ਕਈ ਸਾਲਾਂ ਤੋਂ ਚੱਲ ਰਹੀ ਹੈ, ਤੇ ਹੁਣ ਕੈਲੀਫੋਰਨੀਆ ਦੀ ਅਦਾਲਤ ਵਿੱਚ ਵਟਸਐਪ ਵੱਲੋਂ ਮੁੱਕਦਮਾ ਕਰਨ ਪਿੱਛੇ ਕੀ ਰਣਨੀਤੀ ਕੰਮ ਕਰ ਰਹੀ ਹੈ?

**ਵਟਸਐਪ ਦਾ ਅਮਰੀਕਾ ਵਿੱਚ ਮੁਕੱਦਮਾ**

ਵਟਸਐਪ ਨੇ ਕੈਲੀਫੋਰਨੀਆ ਵਿੱਚ ਇਜ਼ਰਾਇਲੀ ਕੰਪਨੀ ਐੱਨਐੱਸਓ ਅਤੇ ਉਸ ਦੀ ਸਹਿਯੋਗੀ ਕੰਪਨੀ ਕਿਊ ਸਾਈਬਰ ਟੈਕਨੌਲੋਜੀਜ਼ ਲਿਮਟਿਡ ਦੇ ਖ਼ਿਲਾਫ਼ ਮੁੱਕਦਮਾ ਦਾਇਰ ਕੀਤਾ ਹੈ। ਦਿਲਚਸਪ ਗੱਲ ਇਹ ਹੈ ਕਿ ਵਟਸਐਪ ਦੇ ਨਾਲ ਫੇਸਬੁੱਕ ਵੀ ਇਸ ਮਾਮਲੇ ਵਿੱਚ ਇੱਕ ਪਾਰਟੀ ਹੈ।

ਫੇਸਬੁੱਕ ਵਟਸਐਪ ਦੀ ਮਾਲਕ ਹੈ ਪਰ ਇਸ ਮਾਮਲੇ ਵਿੱਚ ਉਸ ਨੇ ਆਪਣੇ ਆਪ ਨੂੰ ਵਟਸਐਪ ਦਾ ਸਰਵਿਸ ਪਰੋਵਾਈਡਰ ਦੱਸਿਆ ਹੈ,ਜੋ ਵਟਸਐਪ ਨੂੰ ਬੁਨਿਆਦੀ ਢਾਂਚਾ ਅਤੇ ਸੁਰੱਖਿਆ ਕਵਚ ਮੁਹੱਈਆ ਕਰਦੀ ਹੈ।

ਪਿਛਲੇ ਸਾਲ ਹੀ ਫੇਸਬੁੱਕ ਨੇ ਇਹ ਮੰਨਿਆ ਸੀ ਕਿ ਉਨ੍ਹਾਂ ਦੇ ਗਰੁੱਪ ਵੱਲੋਂ ਵਟਸਐਪ ਅਤੇ ਇੰਸਟਾਗ੍ਰਾਮ ਦੇ ਡਾਟਾ ਨੂੰ ਜੋੜ ਕੇ (ਇੰਟੀਗ੍ਰੇਟ ਕਰਕੇ) ਉਸ ਦੀ ਕਾਰੋਬਾਰੀ ਵਰਤੋਂ ਕੀਤੀ ਜਾ ਰਹੀ ਹੈ।

ਫੇਸਬੁੱਕ ਨੇ ਇਹ ਵੀ ਮੰਨਿਆ ਸੀ ਕਿ ਉਸਦੇ ਪਲੇਟਫਾਰਮ ਵਿੱਚ ਅਨੇਕਾਂ ਐਪਲੀਕੇਸ਼ਨਾਂ ਰਾਹੀਂ ਡਾਟਾ ਮਾਈਨਿੰਗ ਅਤੇ ਡਾਟਾ ਦਾ ਕਾਰੋਬਾਰ ਹੁੰਦਾ ਹੈ।

ਕੈਂਬਰਿਜ ਐਨਲੈਟਿਕਾ ਅਜਿਹੀ ਹੀ ਇੱਕ ਕੰਪਨੀ ਸੀ ਜੋ ਜਿਸ ਦੇ ਨਾਲ ਭਾਰਤ ਸਮੇਤ ਅਨੇਕਾਂ ਦੇਸ਼ਾਂ ਵਿੱਚ ਲੋਕਤੰਤਰੀ ਪ੍ਰਣਾਲੀ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ ਵਟਸਐਪ ਆਪਣੇ ਸਿਸਟਮ ਵਿੱਚ ਕੀਤੀਆਂ ਗਈਆਂ ਕਾਲਾਂ, ਵੀਡੀਓ ਕਾਲਾਂ, ਚੈਟ, ਗਰੁੱਪ ਚੈਟ, ਤਸਵੀਰਾਂ, ਵੀਡੀਓ, ਆਵਾਜ਼ੀ ਸੁਨੇਹਿਆਂ ਨੂੰ ਇਨਕ੍ਰਿਪਟਡ ਦੱਸਦਿਆਂ, ਆਪਣੇ ਪਲੇਟਫਾਰਮ ਨੂੰ ਹਮੇਸ਼ਾ ਸੁਰੱਖਿਅਤ ਦੱਸਦਾ ਰਿਹਾ ਹੈ।

ਕੈਲੀਫੋਰਨੀਆ ਦੀ ਅਦਾਲਤ ਵਿੱਚ ਕੀਤੇ ਮੁਕੱਦਮੇ ਮੁਤਾਬਕ ਇਜ਼ਰਾਈਲੀ ਕੰਪਨੀ ਨੇ ਮੋਬਾਈਲਫੋਨ ਰਾਹੀਂ ਵਟਸਐਪ ਦੇ ਸਿਸਟਮ ਨੂੰ ਵੀ ਹੈਕ ਕਰ ਲਿਆ। ਇਸ ਸਾਫ਼ਟਵੇਅਰ ਦੀ ਵਰਤੋਂ ਨਾਲ ਇੱਕ ਮਿਸਡ ਕਾਲ ਰਾਹੀਂ ਸਮਾਰਟ ਫੋਨ ਦੇ ਅੰਦਰਲੀ ਸਾਰੀ ਜਾਣਕਾਰੀ ਇੱਕ ਵਾਇਰਸ ਭੇਜ ਕੇ ਕੱਢ ਲਈ ਜਾਂਦੀ ਹੈ। ਫੋਨ ਦੇ ਕੈਮਰੇ ਨਾਲ ਪਤਾ ਲੱਗਣ ਲਗਦਾ ਹੈ ਕਿ ਬੰਦਾ ਕਿੱਥੇ ਜਾ ਰਿਹਾ ਹੈ ਤੇ ਕਿਸ ਨੂੰ ਮਿਲ ਰਿਹਾ ਹੈ ਤੇ ਕੀ ਗੱਲ ਕਰ ਰਿਹਾ ਹੈ।

ਖ਼ਬਰਾਂ ਮੁਤਾਬਕ ਏਅਰਟੈਲ ਅਤੇ ਐਮਟੀਐੱਨਐੱਲ ਸਮੇਤ ਭਾਰਤ ਦੇ 8 ਮੋਬਾਈਲ ਨੈਟਵਰਕਾਂ ਦੀ ਇਸ ਜਾਸੂਸੀ ਲਈ ਵਰਤੋਂ ਹੋਈ। ਮੁੱਕਦਮੇ ਵਿੱਚ ਦਰਜ ਤੱਥਾਂ ਅਨੁਸਾਰ ਇਜ਼ਰਾਈਲੀ ਕੰਪਨੀ ਨੇ ਜਨਵਰੀ 2018 ਤੋਂ ਮਈ 2019 ਦਰਮਿਆਨ ਭਾਰਤ ਸਮੇਤ ਦੁਨੀਆਂ ਦੇ ਅਨੇਕਾਂ ਦੇਸ਼ਾਂ ਦੇ ਲੋਕਾਂ ਦੀ ਜਾਸੂਸੀ ਕੀਤੀ।

ਅਮਰੀਕੀ ਅਦਾਲਤ ਵਿੱਚ ਕੀਤੇ ਗਏ ਇਸ ਮੁੱਕਦਮੇ ਮੁਤਾਬਕ ਵਟਸਐਪ ਨੇ ਇਜ਼ਰਾਇਲੀ ਕੰਪਨੀ ਤੋਂ ਮੁਆਵਜ਼ੇ ਦੀ ਮੰਗ ਕੀਤੀ ਹੈ। ਸਵਾਲ ਇਹ ਹੈ ਕਿ ਭਾਰਤ ਵਿੱਚ ਜਿਨ੍ਹਾਂ ਲੋਕਾਂ ਦੇ ਮੋਬਾਈਲ ਵਿੱਚ ਸੰਨ੍ਹਮਾਰੀ ਹੋਈ ਹੈ, ਉਨ੍ਹਾਂ ਨੂੰ ਇਨਸਾਫ਼ ਕਿਵੇਂ ਮਿਲੇਗਾ?

**ਵਟਸਐਪ, ਸਿਟੀਜ਼ਨ ਲੈਬ ਤੇ ਐੱਨਐੱਸਓ**

ਐੱਨਐੱਸਓ ਇੱਕ ਇਜ਼ਰਾਈਲੀ ਕੰਪਨੀ ਹੈ ਪਰ ਇਸ ਦੀ ਮਲਕੀਅਤ ਯੂਰਪੀ ਹੈ। ਇਸ ਸਾਲ ਫ਼ਰਵਰੀ ਮਹੀਨੇ ਵਿੱਚ ਯੂਰਪ ਦੀ ਇੱਕ ਨਿੱਜੀ ਇਕਵਿਟੀ ਕੰਪਨੀ ਫਰਮ ਨੋਵਾਲਿਪਨਾ ਕੈਪਿਟਲ ਐੱਲਐੱਲਪੀ ਨੇ ਐੱਨਐੱਸਓ ਨੂੰ 100 ਕਰੋੜ ਡਾਲਰ ਵਿੱਚ ਖ਼ਰੀਦ ਲਿਆ ਸੀ। ਬਿਜ਼ਨਸ ਇਨਸਾਈਡਰ ਦੀ ਬੈਲੀ ਪੀਟਰਸਨ ਦੀ ਰਿਪੋਰਟ ਮੁਤਾਬਕ ਐੱਨਐੱਸਓ ਦਾ ਪਿਛਲੇ ਸਾਲ ਦਾ ਕੀਰੋਬਾਰੀ ਲਾਭ 125 ਮਿਲੀਅਨ ਡਾਲਰ ਦਾ ਸੀ।

ਜਾਸੂਸੀ ਕਰਨ ਵਾਲੀ ਅਨਜਾਣ ਕੰਪਨੀ ਹੁਣ ਅਰਬਾਂ ਕਮਾ ਰਹੀ ਹੈ ਤਾਂ ਫਿਰ ਫੇਸਬੁੱਕ ਵਰਗੀਆਂ ਕੰਪਨੀਆਂ ਆਪਣੀਆਂ ਸਹਿਯੋਗੀ ਕੰਪਨੀਆਂ ਨਾਲ ਡਾਟਾ ਵੇਚ ਕਿੰਨਾ ਮੁਨਾਫ਼ਾ ਕਮਾਉਂਦੀਆਂ ਹੋਣਗੀਆਂ? ਐੱਨਐੱਸਓ ਮੁਤਾਬਕ, ਉਸ ਜਾ ਸਾਫਟਵੇਅਰ ਸਰਕਾਰ ਜਾਂ ਸਰਕਾਰ ਵੱਲੋਂ ਅਧਿਕਾਰਤ ਏਜੰਸੀਆਂ ਨੂੰ ਬੱਚਿਆਂ ਦੇ ਜਿਣਸੀ ਸ਼ੋਸ਼ਣ, ਡਰੱਗਸ ਅਤੇ ਅੱਤਵਾਦੀਆਂ ਦੇ ਖ਼ਿਲਾਫ਼ ਲੜਾਈ ਲਈ ਦਿੱਤਾ ਜਾਂਦਾ ਹੈ ਅਤੇ ਮਨੁੱਖੀ ਹੱਕਾਂ ਲਈ ਕੰਮ ਕਰਨ ਵਾਲਿਆਂ ਖ਼ਿਲਾਫ ਇਸ ਦੀ ਵਰਤੋਂ ਗਲਤ ਹੈ।

ਇਸ ਤੋਂ ਬਾਅਦ ਸ਼ੱਕ ਦੀ ਸੂਈ ਭਾਰਤ ਸਰਕਾਰ ਵੱਲ ਸਿੱਧੀ ਹੋ ਗਈ ਹੈ। ਰਿਪੋਰਟਾਂ ਮੁਤਾਬਕ 10 ਡਿਵਾਈਸਾਂ ਨੂੰ ਹੈਕ ਕਰਨ ਲਈ ਲਗਭਗ 4.61 ਕਰੋੜ ਰੁਪਏ ਦਾ ਖ਼ਰਚਾ ਅਤੇ 3.55 ਕਰੋੜ ਰੁਪਏ ਦਾ ਇੰਸਾਟਾਲੇਸ਼ਨ ਖ਼ਰਚ ਆਉਂਦਾ ਹੈ।

ਸਵਾਲ ਇਹ ਹੈ ਕਿ ਇਜ਼ਰਾਈਲੀ ਸਾਫ਼ਟਵੇਅਰ ਜ਼ਰੀਏ ਅਨੇਕਾਂ ਭਾਰਤੀਆਂ ਦੀ ਜਾਸੂਸੀ ਵਿੱਚ ਕਰੋੜਾਂ ਰੁਪਏ ਕਿਹੜੀ ਸਰਕਾਰੀ ਏਜੰਸੀ ਨੇ ਖਰਚੇ ਹੋਣਗੇ? ਜੇ ਇਹ ਜਾਸੂਸੀ ਕੇਂਦਰ ਸਰਕਾਰ ਦੀਆਂ ਏਜੰਸੀਆਂ ਵੱਲੋਂ ਅਣ- ਅਧਿਕਾਰਿਤ ਤੌਰ 'ਤੇ ਕੀਤੀ ਗਈ ਹੈ ਤਾਂ ਇਸ ਨਾਲ ਭਾਰਤੀ ਕਾਨੂੰਨ ਅਤੇ ਸੁਪਰੀਮ ਕੋਰਟ ਦੇ ਦਿਸ਼ਾ ਨਿਰਦੇਸ਼ਾਂ ਦੀ ਉਲੰਘਣਾ ਹੋਈ ਹੈ।

ਜੇ ਜਾਸੂਸੀ ਨੂੰ ਵਿਦੇਸ਼ੀ ਸਰਕਾਰਾਂ ਜਾਂ ਏਜੰਸੀਆਂ ਵੱਲੋਂ ਕੀਤਾ ਗਿਆ ਹੈ ਤਾਂ ਇਹ ਸਮੁੱਚੇ ਦੇਸ਼ ਲਈ ਖ਼ਤਰੇ ਦੀ ਘੰਟੀ ਹੈ।

ਦੋਹਾਂ ਹੀ ਹਾਲਤਾਂ ਵਿੱਚ ਸਰਕਾਰ ਨੂੰ ਤੱਥ ਸਾਹਮਣੇ ਰੱਖ ਕੇ ਸਪਸ਼ਟੀਕਰਣ ਦੇ ਕੇ ਮਾਮਲੇ ਦੀ ਐੱਨਆਈਏ ਜਾਂ ਹੋਰ ਸਮਰੱਥ ਜਾਂਚ ਏਜੰਸੀਆਂ ਤੋਂ ਜਾਂਚ ਕਰਵਾਉਣੀ ਚਾਹੀਦੀ ਹੈ।ਕੈਨੇਡਾ ਦੀ ਯੂਨੀਵਰਸਿਟੀ ਆਫ਼ ਟੋਰਾਂਟੋ ਦੀ ਸਿਟੀਜ਼ਮ ਲੈਬ ਨੇ ਪਿਛਲੇ ਸਾਲ ਸਤੰਬਰ ਵਿੱਚ ਕਿਹਾ ਸੀ ਕਿ 45 ਦੇਸ਼ਾਂ ਵਿੱਚ ਐੱਨਐੱਸਓ ਰਾਹੀਂ ਵਟਸਐਪ ਰਾਹੀਂ ਸੰਨ੍ਹ ਲਾਈ ਜਾ ਰਹੀ ਹੈ।

ਭਾਰਤ ਵਿੱਚ 17 ਜਣਿਆਂ ਦੇ ਵੇਰਵੇ ਹਾਲੇ ਤੱਕ ਸਾਹਮਣੇ ਆਏ ਹਨ, ਜਿਨ੍ਹਾਂ ਵਿੱਚ ਜ਼ਿਆਦਾਤਰ ਲੋਕਾਂ ਨੂੰ ਇਸ ਦੀ ਜਾਣਕਾਰੀ ਸਿਟੀਜ਼ਨ ਲੈਬ ਰਾਹੀਂ ਹਾਸਲ ਹੋਈ ਹੈ। ਸਵਾਲ ਇਹ ਹੈ ਕਿ ਵਟਸਐਪ ਵਰਤਣ ਵਾਲਿਆਂ ਨਾਲ ਕੀਤੇ ਗਏ ਕਰਾਰ ਵਿੱਚ ਕਿਤੇ ਵੀ ਸਿਟੀਜ਼ਨ ਲੈਬ ਦਾ ਜ਼ਿਕਰ ਨਹੀਂ ਹੈ।

ਅਜਿਹੇ ਵਿੱਚ ਵਟਸਐਪ ਨੇ ਇਸ ਸੰਨ੍ਹਮਾਰੀ ਬਾਰੀ ਆਪਣੇ ਭਾਰਤੀ ਵਰਤੋਂਕਾਰਾਂ ਨਾਲ ਫੌਰੀ ਤੇ ਸਿੱਧਾ ਰਾਬਤਾ ਕਿਉਂ ਨਹੀਂ ਕੀਤਾ?

**ਟੇਲੀਫੋਨ ਟੈਪਿੰਗ ਵਿੱਚ ਸਖ਼ਤ ਕਾਨੂੰਨ ਪਰ ਡਿਜੀਟਲ ਸੰਨ੍ਹਮਾਰੀ ਵਿੱਚ ਅਰਾਜਕਤਾ**

ਭਾਰਤ ਵਿੱਚ ਟੈਲੀਗ੍ਰਾਫ਼ ਕਾਨੂੰਨ ਰਾਹੀਂ ਰਵਾਇਤੀ ਸੰਚਾਰ ਪ੍ਰਣਾਲੀ ਨੂੰ ਕਾਬੂ ਕੀਤਾ ਜਾਂਦਾ ਹੈ। ਸੁਪਰੀਮ ਕੋਰਟ ਨੇ ਵੀ PUCL ਮਾਮਲੇ ਵਿੱਚ ਅਹਿਮ ਫ਼ੈਸਲਾ ਦੇ ਕੇ ਟੈਲੀਫ਼ੋਨ ਟੈਪਿੰਗ ਬਾਰੇ ਸਖ਼ਤ ਕਾਨੂੰਨੀ ਪ੍ਰਣਾਲੀ ਬਣਾਈ ਸੀ ਜਿਸ ਨੂੰ ਪਿਛਲੇ ਹਫ਼ਤੇ ਮੁੰਬਈ ਹਾਈਕੋਰਟ ਨੇ ਇੱਕ ਵਾਰ ਫਿਰ ਦੁਹਰਾਇਆ ਹੈ।

ਵਟਸਐਪ ਮਾਮਲੇ ਤੋਂ ਸਾਫ਼ ਹੋ ਗਿਆ ਹੈ ਕਿ ਮੋਬਾਈਲ ਅਤੇ ਇੰਟਰਨੈਟ ਦੀ ਨਵੀਂ ਪ੍ਰਣਾਲੀ ਵਿੱਚ ਪੁਰਾਣੇ ਕਾਨੂੰਨ ਬੇਮਤਲਬ ਹੋ ਚੁੱਕੇ ਹਨ। ਪਿਛਲੇ ਦਹਾਕੇ ਵਿੱਚ ਅਪ੍ਰੇਸ਼ਨ ਪ੍ਰਿਜ਼ਮ ਵਿੱਚ ਫੇਸਬੁੱਕ ਵਰਗੀਆਂ ਕੰਪਨੀਆਂ ਵੱਲੋਂ ਭਾਰਤ ਦੇ ਅਰਬਾਂ ਡਾਟੇ ਦੀ ਜਾਸੂਸੀ ਦੇ ਸਬੂਤਾਂ ਦੇ ਬਾਵਜੂਦ ਜ਼ਿੰਮੇਵਾਰ ਕੰਪਨੀਆਂ ਦੇ ਖ਼ਿਲਾਫ ਕਾਨੂੰਨੀ ਕਾਰਵਾਈ ਨਹੀਂ ਸੀ ਹੋਈ।

ਸੁਪਰੀਮ ਕੋਰਟ ਦੇ 9 ਜੱਜਾਂ ਦੇ ਬੈਂਚ ਨੇ ਪੁਟਾਸਵਾਮੀ ਮਾਮਲੇ ਵਿੱਚ ਨਿੱਜਤਾ ਦੇ ਹੱਕ ਨੂੰ ਸੰਵਿਧਾਨ ਦੀ ਧਾਰਾ 21 ਅਧੀਨ ਜੀਵਨ ਦਾ ਹੱਕ ਮੰਨਿਆ ਗਿਆ ਸੀ। ਫਿਰ ਵਟਸਐਪ ਅਤੇ ਫੇਸਬੁੱਕ ਵਰਗੀਆਂ ਕੰਪਨੀਆਂ ਭਾਰਤ ਦੇ ਕਰੋੜਾਂ ਲੋਕਾਂ ਦੀ ਨਿੱਜੀ ਜ਼ਿੰਦਗੀ ਵਿੱਚ ਦਖ਼ਲਅੰਦਾਜ਼ੀ ਕਰਕੇ ਉਨ੍ਹਾਂ ਦੀ ਜ਼ਿੰਦਗੀ ਨਾਲ ਖਿਲਵਾੜ ਕਿਵੇਂ ਕਰ ਸਕਦੀਆਂ ਹਨ?

ਸੁਪਰੀਮ ਕੋਰਟ ਨੇ ਸੋਸ਼ਲ ਮੀਡੀਆ ਕੰਪਨੀਆਂ ਦੇ ਮਾਮਲਿਆਂ ਵਿੱਚ ਇੱਕ ਥਾਂ ਬਦਲ ਕੇ ਜਨਵਰੀ 2020 ਤੱਕ ਸੁਣਵਾਈ ਕਰਨ ਦੇ ਹੁਕਮ ਦਿੱਤੇ ਹਨ। ਸਰਕਾਰ ਨੇ ਕੁਝ ਤਾਂ ਕਰਨ ਤੋਂ ਰਹੀ ਤਾਂ ਕੀ ਹੁਣ ਮੋਬਾਈਲ ਅਤੇ ਡਿਜੀਟਲ ਕੰਪਨੀਆਂ ਦੀ ਸੰਨ੍ਹਮਾਰੀ ਰੋਕਣ ਲਈ ਸੁਪਰੀਮ ਕੋਰਟ ਵੱਲੋਂ ਤਾਂ ਸਖ਼ਤ ਜਵਾਬਦੇਹੀ ਤੈਅ ਨਹੀਂ ਕੀਤੀ ਜਾਣੀ ਚਾਹੀਦੀ?

ਸੁਰੱਖਿਆ ਦੇ ਮਾਮਲੇ ਤੇ ਪਾਰਟੀਬਾਜ਼ੀ ਕਿਉਂ

ਕੇਂਦਰੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਪ੍ਰਣਬ ਮੁਖਰਜੀ ਅਤੇ ਜਰਨਲ ਵੀ ਕੇ ਸਿੰਘ ਦੇ ਨਾਲ ਹੋਈ ਜਾਸੂਸੀ ਨੂੰ ਉਛਾਲਦਿਆਂ ਇਸ ਨੂੰ ਪਾਰਟੀ ਨਾਲ ਜੁੜਿਆ ਮਾਮਲਾ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ, ਪਰ ਇਹ ਆਮ ਜਨਤਾ ਦੀ ਨਿੱਜਤਾ ਅਤੇ ਸੁਰੱਖਿਆ ਨਾਲ ਜੁੜਿਆ ਅਹਿਮ ਮਾਮਲਾ ਹੈ।

ਕਰਨਾਟਕ ਵਿੱਚ ਕਾਂਗਰਸੀ ਅਤੇ ਜੇਡੀਐੱਸ ਦੀ ਪੁਰਾਣੀ ਸਰਕਾਰ ਨੇ ਭਾਜਪਾ ਆਗੂਆਂ ਦੀ ਜਾਸੂਸੀ ਕਰਵਾਈ ਸੀ, ਜਿਸ ਦੀ ਜਾਂਚ ਹੋ ਰਹੀ ਹੈ। ਆਗੂਆਂ ਦੇ ਨਾਲ-ਨਾਲ ਜੱਜਾਂ ਦੇ ਟੇਲੀਫੋਨ ਟੈਪਿੰਗ ਦੇ ਇਲਜ਼ਾਮ ਲੱਗ ਚੁੱਕੇ ਹਨ।

ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ, ਅਜਿਹੀ ਕੋਈ ਵੀ ਜਾਸੂਸੀ ਲੋਕਾਂ ਦੀ ਜ਼ਿੰਦਗੀ ਵਿੱਚ ਦਖ਼ਲਅੰਦਾਜ਼ੀ ਅਤੇ ਸੰਵਿਧਾਨਿਕ ਹੱਕਾਂ ਦਾ ਉਲੰਘਣ ਹੈ। ਭਾਰਤ ਵਿੱਚ 40 ਕਰੋੜ ਤੋਂ ਵਧੇਰੇ ਲੋਕ ਵਟਸਐਪ ਦੀ ਵਰਤੋਂ ਕਰਦੇ ਹਨ।

ਇਜ਼ਰਾਇਲੀ ਸਾਫ਼ਟਵੇਅਰ ਰਾਹੀਂ ਫੋਨ ਨੂੰ ਟਰੈਕ ਕਰਕੇ ਇਸਤਾਂਬੁਲ ਵਿੱਚ ਸਾਊਦੀ ਅਰਬ ਦੇ ਸਫ਼ਾਰਤਖਾਨੇ ਵਿੱਚ ਵਾਸ਼ਿੰਗਟਨ ਪੋਸਟ ਦੇ ਪੱਤਰਕਾਰ ਜਮਾਲ ਖ਼ਾਸ਼ੋਜੀ ਦਾ ਕਤਲ ਕਰ ਦਿੱਤਾ ਗਿਆ ਸੀ।

ਇਸ ਲਈ ਇਨ੍ਹਾਂ ਖੁਲਾਸਿਆਂ ਨੂੰ ਗੰਭੀਰਤਾ ਨਾਲ ਲੈਂਦਿਆਂ ਕੇਂਦਰ ਸਰਕਾਰ ਨੂੰ ਪਾਰਦਰਸ਼ੀ ਅਤੇ ਠੋਸ ਕਦਮ ਚੁੱਕ ਕੇ, ਜਾਸੂਸੀ ਦੇ ਗੋਰਖਧੰਦੇ ਉੱਪਰ ਕਾਨੂੰਨੀ ਲਗਾਮ ਕਸਣੀ ਚਾਹੀਦੀ ਹੈ।

**ਵਟਸਐਪ ਦੀ ਰਣਨੀਤੀ**

ਐੱਨਐੱਸਓ ਵਰਗੀਆਂ ਦਰਜਨਾਂ ਕੰਪਨੀਆਂ ਡਿਜੀਟਲ ਖੇਤਰ ਵਿੱਚ ਜਾਸੂਸੀ ਦੀ ਸਹੂਲਤ ਮੁਹਈਆ ਕਰਵਾਉਂਦੀਆਂ ਹਨ। ਅਮਰੀਕਾ ਦੀਆਂ ਬਹੁਤੀਆਂ ਇੰਟਰਨੈੱਟ ਅਤੇ ਡਿਜੀਟਲ ਕੰਪਨੀਆਂ ਵਿੱਚ ਇਜ਼ਰਾਈਲ ਦੀ ਯਹੂਦੀ ਲਾਬੀ ਦਾ ਬੋਲਬਾਲਾ ਹੈ।

ਫੇਸਬੁੱਕ ਵਰਗੀਆਂ ਕੰਪਨੀਆਂ ਅਨੇਕਾਂ ਐਪਲੀਕੇਸ਼ਨਾਂ ਅਤੇ ਡਾਟਾ ਦਲਾਲਾਂ ਰਾਹੀਂ ਡਾਟਾ ਦੇ ਕਾਰੋਬਾਰ ਅਤੇ ਜਾਸੂਸੀ ਨੂੰ ਖੁੱਲ੍ਹੀ ਹੱਲਾਸ਼ੇਰੀ ਦਿੰਦੀਆਂ ਹਨ। ਤਾਂ ਫਿਰ ਵਟਸਐਪ ਨੇ ਐੱਨਐੱਸਓ ਅਤੇ ਉਸ ਦੀ ਸਹਯੋਗੀ ਕੰਪਨੀ ਦੇ ਖ਼ਿਲਾਫ਼ ਹੀ ਕੇਸ ਕਿਉਂ ਕੀਤਾ ਹੈ?

ਭਾਰਤ ਵਿੱਚ ਸੋਸ਼ਲ ਮੀਡੀਆ ਕੰਪਨੀਆਂ 'ਤੇ ਕੰਟਰੋਲ ਰੱਖਣ ਲਈ ਆਈਟੀ ਐਕਟ ਵਿੱਚ ਸਾਲ 2008 ਵਿੱਚ ਵੱਡੀਆਂ ਤਰਮੀਮਾਂ ਕੀਤੀਆਂ ਗਈਆਂ। ਜਿਸ ਤੋਂ ਬਾਅਦ ਸਾਲ 2009 ਅਤੇ 2011 ਵਿੱਚ ਅਨੇਕਾਂ ਵਿਚੋਲੀਆ ਕੰਪਨੀਆਂ ਅਤੇ ਡਾਟਾ ਸੁਰੱਖਿਆ ਨਾਲ ਲਈ ਅਨੇਕਾਂ ਨਿਯਮ ਬਣਾਏ ਗਏ। ਉਨ੍ਹਾਂ ਨਿਯਮਾਂ ਦੀ ਪਾਲਣਾ ਕਰਾਉਣ ਵਿੱਚ ਪਿਛਲੀ ਯੂਪੀਏ ਸਰਕਾਰ ਨੂੰ ਬਹੁਤ ਜ਼ਿਆਦਾ ਵਿਰੋਧ ਦਾ ਸਾਹਮਣਾ ਕਰਨਾ ਪਿਆ।

ਸੋਸ਼ਲ ਮੀਡੀਆ ਕੰਪਨੀਆਂ ਦੇ ਅਸੰਤੋਸ਼ ਨੂੰ ਭਾਜਪਾ ਅਤੇ ਆਪ ਵਰਗੀਆਂ ਪਾਰਟੀਆਂ ਨੇ ਸਿਆਸੀ ਲਾਹੇ ਵਿੱਚ ਬਦਲ ਲਿਆ। ਮੋਦੀ ਸਰਕਾਰ ਨੇ ਡਿਜੀਟਲ ਇੰਡੀਆ ਦੇ ਨਾਂ ਤੇ ਇੰਟਰਨੈੱਟ ਕੰਪਨੀਆਂ ਨੂੰ ਬੇਰੋਕ ਵਿਸਥਾਰ ਦੀ ਨਾਸ ਸਿਰਫ ਖੁੱਲ੍ਹ ਦਿੱਤੀ ਸਗੋਂ ਇਨ੍ਹਾਂ ਕੰਪਨੀਆਂ ਦੇ ਸਿਰ 'ਤੇ ਕੋਈ ਕੁੰਡਾ ਰੱਖਣ ਦੀ ਕੋਸ਼ਿਸ਼ ਵੀ ਨਹੀਂ ਕੀਤੀ।

ਕੌਮੀ ਸੁਰੱਖਿਆ ਬਾਰੇ ਲਗਾਤਾਰ ਵਧਦੇ ਖ਼ਤਰੇ ਅਤੇ ਅਦਾਲਤੀ ਦਖ਼ਲ ਤੋਂ ਬਾਅਦ ਪਿਛਲੇ ਸਾਲ ਦਸੰਬਰ 2018 ਵਿੱਚ ਵਿਚੋਲੀਆ ਕੰਪਨੀਆਂ ਦੀ ਜਵਾਬਦੇਹੀ ਵਧਾਉਣ ਲਈ ਡਰਾਫ਼ਟ ਨਿਯਮਾਂ ਦਾ ਮਸੌਦਾ ਜਾਰੀ ਕੀਤਾ ਗਿਆ।

ਇਨ੍ਹਾਂ ਨਿਯਮਾਂ ਨੂੰ ਲਾਗੂ ਕਰਨ ਤੋਂ ਬਾਅਦ ਵਟਸਐਪ ਵਰਗੀਆਂ ਕੰਪਨੀਆਂ ਨੂੰ ਭਾਰਤ ਵਿੱਚ ਆਪਣਾ ਦਫ਼ਤਰ ਕਾਇਮ ਕਰਨ ਦੇ ਨਾਲ-ਨਾਲ ਆਪਣਾ ਇੱਕ ਨੋਡਲ ਅਫ਼ਸਰ ਵੀ ਲਾਉਣਾ ਪਵੇਗਾ। ਇਸੇ ਵਜ੍ਹਾ ਨਾਲ ਇਨ੍ਹਾਂ ਕੰਪਨੀਆਂ ਨੂੰ

ਕੌਮੀ ਹਿੱਤ ਅਤੇ ਜਨਤਾ ਦੀ ਨਿੱਜਤਾ ਦੀ ਰਾਖੀ ਦਾ ਦਾਅਵਾ ਕਰ ਰਹੀ ਸਰਕਾਰ ਵੀ ਇਨ੍ਹਾਂ ਕੰਪਨੀਆਂ ਦੇ ਨਾਲ ਮਿਲੀਭੁਗਤ ਵਿੱਚ ਹੈ। ਜਿਸ ਕਾਰਨ ਇਨ੍ਹਾਂ ਨਿਯਮਾਂ ਨੂੰ ਹਾਲੇ ਤੱਕ ਲਾਗੂ ਨਹੀਂ ਕੀਤਾ ਗਿਆ।

ਪਿਛਲੇ ਮਹੀਨੇ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਹਲਫ਼ੀਆ ਬਿਆਨ ਦੇ ਕੇ ਕਿਹਾ ਸੀ ਕਿ ਅਗਲੇ ਤਿੰਨਾਂ ਮਹੀਨਿਆਂ ਵਿੱਚ ਇਨ੍ਹਾਂ ਨਿਯਮਾਂ ਨੂੰ ਲਾਗੂ ਕਰਕੇ ਸੋਸ਼ਲ ਮੀਡੀਆ ਕੰਪਨੀਆਂ ਦੀ ਜਵਾਬਦੇਹੀ ਤੈਅ ਕਰ ਦਿੱਤੀ ਜਾਵੇਗੀ।

ਅਮਰੀਕਾ ਵਿੱਚ ਮੁਕੱਦਮਾ ਕਰ ਕੇ ਅਤੇ ਸੰਨ੍ਹਮਾਰੀ ਦਾ ਖ਼ੌਫ਼ ਦਿਖਾ ਕੇ ਵਟਸਐਪ ਕੰਪਨੀ ਕਿਤੇ, ਭਾਰਤ ਵਿੱਚ ਸਰਕਾਰੀ ਕੰਟਰੋਲ ਨੂੰ ਰੋਕਣ ਦੀ ਤਾਂ ਕੋਸ਼ਿਸ਼ ਨਹੀਂ ਕਰ ਰਹੀ?

# ਖ਼ਰੀਦੇ ਨਹੀਂ ਜਾਂਦੇ ਵਫ਼ਾਦਾਰੀ ਤੇ ਰਿਸ਼ਤੇ

ਜਿੱਥੇ ਵਿਅਕਤੀਗਤ ਜ਼ਿੰਦਗੀ ਦੀ ਮੁਨਿਆਦ ਘੱਟ ਰਹੀ ਹੈ, ਉੱਥੇ ਦੁਨਿਆਵੀ ਰਿਸ਼ਤਿਆਂ ਦੀ ਬੁਨਿਆਦ ਵੀ ਕਮਜ਼ੋਰ ਹੋ ਰਹੀ ਹੈ। ਇਹ ਗੱਲ ਅੱਖੋਂ ਓਹਲੇ ਨਹੀਂ। ਨਿੱਤ ਦਿਨ ਅਖ਼ਬਾਰਾਂ 'ਚ ਛਪਦੀਆਂ ਖ਼ਬਰਾਂ ਇਸ ਗੱਲ ਦਾ ਜਿਊਂਦਾ ਜਾਗਦਾ ਗਵਾਹ ਹਨ। ਪਤਾ ਨਹੀਂ ਇਕ-ਡੇਢ ਦਹਾਕਾ ਇਕੱਠੇ ਰਹਿ ਕੇ ਕੋਈ ਆਪਣੇ ਬੱਚਿਆਂ ਜਾਂ ਆਪਣੇ ਜੀਵਨ ਸਾਥੀ ਨੂੰ ਕਿਵੇਂ ਮਾਰ ਦਿੰਦਾ ਹੈ? ਘਰ 'ਚ ਥੋੜ੍ਹੇ ਦਿਨ ਰਿਹਾ ਜਾਨਵਰ ਵੀ ਅੰਤਾਂ ਦਾ ਮੋਹ ਪਾ ਲੈਂਦਾ ਹੈ। ਇਕ ਘੜੀ ਉਸ ਨੂੰ ਵੀ ਛੱਡਣਾ ਮੁਸ਼ਕਿਲ ਹੋ ਜਾਂਦਾ ਪਰ ਪਤਾ ਨਹੀਂ ਇਨਸਾਨ ਦੀਆਂ ਦਾਅਵੇਦਾਰੀਆਂ ਕਿਉਂ ਬਦਲਦੀਆਂ ਜਾ ਰਹੀਆਂ ਹਨ। ਜਦੋਂ ਕੋਈ ਨਵਾਂ ਰਿਸ਼ਤਾ ਜੁੜਦਾ ਤਾਂ ਕਿੰਨੀ ਆਸ ਰੱਖਦੇ ਹਾਂ ਅਸੀਂ ਪਿਆਰ, ਅਪਣੱਤ ਤੇ ਵਫ਼ਾਦਾਰੀ ਦੀ। ਰੱਖੀਏ ਵੀ ਕਿਉਂ ਨਾ, ਰਿਸ਼ਤਾ ਭਾਵੇਂ ਖ਼ੂਨ ਦਾ ਹੋਵੇ, ਭਾਵੇਂ ਪਿਆਰ ਦਾ, ਨਿਭਦਾ ਤਾਂ ਵਫ਼ਾਦਾਰੀ ਦੇ ਸਿਰ 'ਤੇ ਹੀ ਹੈ। ਪਰ ਅਫ਼ਸੋਸ ਸਮੇਂ ਦੇ ਪੈਮਾਨੇ 'ਤੇ ਆਪਣੇ-ਆਪ ਨੂੰ ਸਹੀ ਕਰਦਿਆਂ ਅਸੀਂ ਜ਼ਿੰਦਗੀ ਦੇ ਮਾਇਨੇ ਹੀ ਬਦਲ ਦਿੱਤੇ ਹਨ। ਵਸਤਾਂ ਦੇ ਆਦਾਨ-ਪ੍ਰਦਾਨ ਨੇ ਰਿਸ਼ਤਿਆਂ ਨੂੰ ਵਪਾਰ ਬਣਾ ਕੇ ਰੱਖ ਦਿੱਤਾ ਹੈ। ਜਿੱਥੇ ਅਦਾਨ-ਪ੍ਰਦਾਨ ਵੱਧ ਹੈ ਉੱਥੇ ਰਿਸ਼ਤਿਆਂ ਦੀ ਭਰਮਾਰ ਹੈ, ਜਿੱਥੇ ਘੱਟ ਹੈ ਉੱਥੇ ਸਮਾਜਿਕ ਦਾਇਰਾ ਬਹੁਤ ਸੀਮਿਤ ਹੈ। ਰਿਸ਼ਤੇ ਕਮਜ਼ੋਰ ਹੋਣ ਦਾ ਕਾਰਨ ਤਾਂ ਇਹੀ ਲੱਗਦਾ ਹੈ ਕਿ ਦੋ ਧਿਰਾਂ ਲਾਭ ਜਾਂ ਹਾਨੀ ਨੂੰ ਦੇਖ ਕੇ ਹੀ ਰਿਸ਼ਤਾ ਜੋੜਦੀਆਂ ਹਨ। ਜਿੱਥੇ ਰਿਸ਼ਤੇ ਦੀ ਬੁਨਿਆਦ ਹੀ ਸੁਆਰਥ 'ਤੇ ਟਿਕੀ ਹੋਵੇ, ਉਹ ਨਿਭੇਗਾ ਵੀ ਕੀ?

**ਹੰਢਣਸਾਰ ਰਿਸ਼ਤੇ**

ਨਿਰਸੁਆਰਥ ਰਿਸ਼ਤੇ ਹੰਢਣਸਾਰ ਹੁੰਦੇ ਹਨ। ਕੋਈ ਵੀ ਰਿਸ਼ਤਾ ਨਿਭਾਉਣ ਲਈ ਜਜ਼ਬਾ ਆਪ ਮੁਹਾਰੇ ਉੱਠਣਾ ਚਾਹੀਦਾ ਹੈ। ਧੱਕੇ ਨਾਲ ਉਠਾਇਆ ਜਜ਼ਬੇ 'ਚ ਸੁਆਰਥ ਮਹਾਨ ਹੁੰਦਾ ਹੈ। ਜਿਵੇਂ ਸਮੁੰਦਰ ਦੀ ਲਹਿਰ ਆਪਣੇ-ਆਪ ਉੱਠੇ ਤਾਂ ਕੁਦਰਤੀ ਸੁੰਦਰਤਾ ਹੈ, ਜੇ ਧੱਕੇ ਨਾਲ ਉਠਾਈ ਜਾਵੇ ਤਾਂ ਕੁਦਰਤ ਨਾਲ ਖਿਲਵਾੜ। ਨਿਰਸੁਆਰਥ ਹੋ ਕੇ ਜੁੜਿਆ ਰਿਸ਼ਤਾ ਹੰਢਣਸਾਰ ਹੁੰਦਾ ਹੈ, ਨਹੀਂ ਤਾਂ ਤਮਾਸ਼ਾ ਬਣਦੇ ਦੇਰ ਨਹੀਂ ਲੱਗਦੀ। ਸਹਿਣਸ਼ੀਲਤਾ ਤੇ ਵਿਚਾਰਾਂ ਦੀ ਇਕਸੁਰਤਾ ਦੀ ਕਮੀ ਹੋਣ ਕਾਰਨ ਹੀ ਸੋਸ਼ਲ ਮੀਡੀਆ 'ਤੇ ਰਿਸ਼ਤਿਆਂ ਦਾ ਮਜ਼ਾਕ ਬਣਦਾ ਆਮ ਦੇਖਿਆ ਜਾਂਦਾ ਹੈ। ਇਸ ਤੋਂ ਵੱਧ ਕਰੂਪ ਸੰਸਾਰ ਕੀ ਹੋਵੇਗਾ। ਇਕ ਸਮਾਂ ਸੀ ਜਦੋਂ ਘਰ 'ਚ ਕੋਈ ਮਤਭੇਦ ਹੋਣਾ ਬਜ਼ੁਰਗਾਂ ਨੇ ਬੂਹੇ-ਬਾਰੀਆਂ ਬੰਦ ਕਰ ਦੋਵੇਂ ਧਿਰਾਂ ਨੂੰ ਸਮਝਾ ਦੇਣਾ ਤੇ ਪੱਟੜੀ ਤੋਂ ਲਹਿੰਦੀ ਜ਼ਿੰਦਗੀ ਨੂੰ ਮੁੜ ਲੀਹੇ ਪਾ ਦੇਣਾ ਪਰ ਹੁਣ ਗੰਢ ਇੰਨੀ ਉਲਝ ਚੁੱਕੀ ਹੈ ਇਸ ਨੂੰ ਸਲਝਾਉਣ ਲਈ ਸਿਰਾ ਹੀ ਨਹੀਂ ਲੱਭ ਰਿਹਾ।

**ਚੰਗੇ ਲੋਕਾਂ ਦੀ ਭੀੜ ਨਹੀਂ ਹੁੰਦੀ।**

ਆਧੁਨਿਕ ਸੋਚ ਕਹਿੰਦੀ ਹੈ ਪੈਸਾ ਹੋਣਾ ਚਾਹੀਦਾ ਹੈ ਸ਼ਾਮ ਨੂੰ ਭਾਵੇਂ ਦੁਨੀਆ ਖ਼ਰੀਦ ਲਵੋ। ਪਰ 'ਚੰਗੇ ਲੋਕਾਂ ਦੀ ਭੀੜ ਨਹੀਂ ਹੁੰਦੀ ਤੇ ਭੀੜ 'ਚ ਚੰਗੇ ਲੋਕ ਨਹੀਂ ਹੁੰਦੇ।' ਅਕਸਰ ਸੁਣਦੇ ਹਾਂ ਕਿ ਇਸ ਕੋਲ ਬਥੇਰਾ ਪੈਸਾ ਹੈ, ਇਸ ਨੂੰ ਕਾਹਦਾ ਘਾਟਾ ਪਰ ਵਫ਼ਾਦਾਰੀ ਨੂੰ ਛਿੱਕੇ ਵੀ ਪੈਸੇ ਦੇ ਹੀ ਮੋਹ ਨੇ ਟੰਗਿਆ। ਜ਼ਿੰਦਗੀ 24 ਘੰਟੇ ਪੈਸੇ ਦੇ ਹੀ ਦੁਆਲੇ ਘੁੰਮੀ ਜਾਂਦੀ ਹੈ। ਜਿਸ ਕਾਰਨ ਸੂਖ਼ਮ ਪੱਖ ਅੱਖੋਂ ਓਹਲੇ ਹੋ ਰਿਹਾ ਹੈ ਤੇ ਪਦਾਰਥ ਪੱਖ ਭਾਰੂ। ਹਰ ਚੀਜ਼ ਨੂੰ ਪੈਸੇ ਦੇ ਤਰਾਜ਼ੂ 'ਚ ਤੋਲਣਾ ਮਨੁੱਖੀ ਫ਼ਿਤਰਤ ਬਣਦੀ ਜਾ ਰਹੀ ਹੈ। ਹਰ ਵੇਲੇ ਦੇ ਮਾਪ-ਤੋਲ ਨੇ ਸੋਚ ਨੂੰ ਉੱਚ ਕੋਟੀ ਦਾ ਵਪਾਰੀ ਬਣਾ ਦਿੱਤਾ ਜੋ ਕਿ ਮੁਨਾਫ਼ੇ ਤੇ ਘਾਟੇ ਬਾਰੇ ਹੀ ਸੋਚੀ ਜਾ ਰਿਹਾ ਹੈ।

**ਪੋਸਟਪੇਡ ਤੋਂ ਪ੍ਰੀਪੇਡ ਬਣੇ ਰਿਸ਼ਤੇ**

ਹੁਣ ਤਾਂ ਰਿਸ਼ਤੇ ਨੂੰ ਜੋੜਨ ਤੇ ਤੋੜਨ ਦਾ ਆਧਾਰ ਸਿਰਫ਼ ਆਰਥਿਕਤਾ ਹੀ ਰਹਿ ਗਈ ਹੈ। ਜ਼ਮੀਨਾਂ-ਜਾਇਦਾਦਾਂ ਪਿੱਛੇ ਰਿਸ਼ਤੇ ਲੀਰੋ-ਲੀਰ ਹੋ ਰਹੇ ਹਨ। ਇੰਨਾ ਹੀ ਨਹੀਂ ਜੇ ਘਰੇਲੂ ਰਿਸ਼ਤਿਆਂ 'ਚ ਕਿਹਾ ਸੁਣੀ ਹੋ ਜਾਵੇ ਪਹਿਲਾ ਸਵਾਲ ਇਹੋ ਹੁੰਦਾ ਹੈ, 'ਦੱਸੋ ਕੀ ਨਹੀਂ ਮਿਲਦਾ, ਹਰ ਚੀਜ਼ ਮੂੰਹੋਂ ਬਾਅਦ 'ਚ ਕੱਢਦੇ ਓ ਪਹਿਲਾਂ ਹਾਜ਼ਰ ਹੁੰਦੀ ਹੈ।' ਇਹ ਗੱਲ ਕਹਿ ਕੇ ਅਸੀਂ ਸ਼ਾਂਤ ਹੋ ਜਾਂਦੇ ਹਾਂ ਪਰ ਪਿੱਛੇ ਸਵਾਲ ਰਹਿ ਜਾਂਦਾ ਕਿ ਕੀ ਰਿਸ਼ਤੇ ਦੀਆਂ ਲੋੜਾਂ ਚੀਜ਼ਾਂ ਦੀ ਪੂਰਤੀ ਨਾਲ ਸੰਤੁਸ਼ਟ ਹੋ ਜਾਂਦੀਆਂ ਹਨ? ਅਹਿਸਾਸਾਂ ਦੀ ਕੋਈ ਕੀਮਤ ਨਹੀਂ। ਇਨ੍ਹਾਂ ਆਧੁਨਿਕ ਤਹਿਜ਼ੀਬਾਂ ਨੂੰ ਦੇਖਕੇ ਹੀ ਕਹਿਣਾ ਪੈ ਰਿਹਾ ਕੇ ਰਿਸ਼ਤੇ ਤਾਂ 'ਪੋਸਟਪੇਡ' ਹੁੰਦੇ ਸੀ ਪਤਾ ਨਹੀਂ ਕਦੋਂ ਤੋਂ 'ਪ੍ਰੀਪੇਡ' ਬਣ ਗਏ।

**- ਕੰਵਲ ਭੱਟੀ**
**97801-00348**



# ਭਾਬਾ ਸੋਹਨ ਸਿੰਘ ਭਕਨਾ ਦੀ 150 ਵੀਂ ਜਨਮ ਸ਼ਤਾਬਦੀ ਨੂੰ ਅਰਪਿਤ

**ਮੁੱਢਲਾ ਜੀਵਨ: ਬੁਰੀ ਸੋਭਤ**

ਸੰਨ 1870 ਵਿਚ ਬਾਬਾ ਸੋਹਣ ਸਿੰਘ ਦਾ ਜਨਮ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ, ਖੁਤਰਾ ਖੁਰਦ, ਵਿਚ ਹੋਇਆ। ਇਹ ਉਨ੍ਹਾਂ ਦਾ ਨਾਨਕਾ ਪਿੰਡ ਸੀ ਅਤੇ ਦਾਦਕਾ ਫਿੰਡ ਭਕਨਾ ਕਲਾਂ ਸੀ। ਇਸ ਦਰਵੇਸ਼ ਨੇ ਆਪਣੇ ਮਿਥੇ ਹੋਏ ਟੀਚੇ ਦੀ ਤਨ, ਮਨ ਤੇ ਧਨ ਨਾਲ ਪਾਲਣਾ ਕੀਤੀ। ਟੀਚਾ ਸੀ, ਹਿੰਦੋਸਤਾਨ ਨੂੰ ਬ੍ਰਤਾਨਵੀ ਸਰਕਾਰ ਦੀ ਗੁਲਾਮੀ ਤੋਂ ਆਜ਼ਾਦ ਕਰਾਉਣਾ ਅਤੇ ਹਿੰਦੋਸਤਾਨ ਦੇ ਆਮ ਲੋਕਾਂ ਨੂੰ ਬਰਾਬਰੀ ਦਾ ਹੱਕ ਦਬਾਉਣਾ। ਇਨ੍ਹਾਂ ਉਦੇਸ਼ਾਂ ਦੀ ਪੂਰਤੀ ਲਈ ਉਹ ਮਹਾਨ ਯੋਧਾ ਕਿਨ੍ਹਾਂ ਕਿਨ੍ਹਾਂ ਔਕੜਾਂ ਥਾਣੀ ਗੁਜ਼ਰਿਆ, ਇਸ ਦਾ ਲੇਖਾ-ਜੋਖਾ ਕਰਨਾ ਇਸ ਲੇਖ ਦਾ ਮੂਲ ਮੰਤਵ ਹੈ।

ਸੋਹਨ ਸਿੰਘ ਭਕਨਾ (ਬਾਬਾ ਜੀ) ਦੇ ਜਨਮ ਤੋਂ ਇਕ ਸਾਲ ਬਾਅਦ ਪਿਤਾ ਜੀ ਅਕਾਲ ਚਲਾਣਾ ਕਰ ਗਏ। ਘਰ ਵਿੱਚ ਤਿੰਨ ਇਸਤਰੀਆਂ (ਧਰਮੀ ਮਾਂ, ਜਣਨੀ ਮਾਂ ਤੇ ਦਾਦੀ ਜੀ) ਅਤੇ ਇਕ ਸਾਲ ਦਾ ਇਕਲੌਤਾ ਬੱਚਾ ਰਹਿ ਗਏ। ਤਿੰਨਾਂ ਮਾਵਾਂ ਨੇ ਸੋਹਨ ਸਿੰਘ ਨੂੰ ਬੜੇ ਚਾਵਾਂ ਮਲ੍ਹਾਰਾਂ ਨਾਲ ਪਾਲਿਆ। ਇਕ ਖਾਂਦੇ ਪੀਂਦੇ ਘਰ ਦੇ ਇਕਲੋਤੇ ਮੁੰਡੇ ਦਾ ਚੜ੍ਹਦੀ ਜਵਾਨੀ ਵਿਚ ਰਾਹੋਂ ਭਟਕ ਜਾਣਾ ਬੜਾ ਸੁਭਾਵਕ ਹੈ; ਸੋਹਨ ਸਿੰਘ ਵੀ ਭਟਕਿਆ। ਉਸ ਨੂੰ ਭਟਕਾਉਣ ਵਿਚ ਕੁਝ ਅਜੇਹੇ ਲੋਕਾਂ ਦਾ ਹੱਥ ਸੀ ਜਿਨ੍ਹਾਂ ਨੂੰ ਬਾਬਾ ਜੀ ਟਾਂਚ ਨਾਲ 'ਯਾਰ ਲੋਕ' (ਦੋਸਤ ਨਹੀਂ) ਕਹਿੰਦੇ ਸਨ। ਇਨ੍ਹਾਂ ਬਾਰੇ ਬਾਬਾ ਜੀ ਨੇ ਲਿਖਿਆ ਹੈ:

"ਹੁਣ ਇਹ ਯਾਰ ਲੋਕ ਮੇਰੇ ਦੁਆਲੇ ਆ ਇੱਕਠੇ ਹੋਏ। ਜੇ ਕਿਤੇ ਮੈਂ ਉਨ੍ਹਾਂ ਦੀ ਮੰਡਲੀ ਤੋਂ ਘੰਟਾ ਵੀ ਪੱਛੜ ਜਾਂਦਾ ਤਾਂ ਵਾਰੀ ਵਾਰੀ ਮੇਰੇ ਘਰ ਆ ਕੇ ਵਾਜਾਂ ਮਾਰਦੇ ਤੇ ਕਹਿੰਦੇ 'ਸਰਦਾਰ ਜੀ, ਅਸੀਂ ਤਾਂ ਸਾਰੇ ਤੁਹਾਡੀ ਉਡੀਕ ਵਿਚ ਹਾਂ'। ਮੈਂ ਵੀ ਉਨ੍ਹਾਂ ਦੀ ਇਸ ਗੱਲ ਬਾਤ ਨੂੰ ਸੱਚਾ ਪਿਆਰ ਸਮਝਦਾ ਸਾਂ। ਇਸ ਤਰ੍ਹਾਂ ਹਰ ਰੋਜ਼ ਸ਼ਰਾਬ ਕਬਾਬ ਦਾ ਦੌਰ ਚਲਣ ਲੱਗਾ ਤੇ ਯਾਰ ਲੋਕ ਆਪਣੀ ਸਿੱਖਿਆ ਦੇਣ ਲੱਗੇ। ਉਹ ਕਹਿੰਦੇ, 'ਸਰਦਾਰ ਜੀ, ਤੁਹਾਡੇ ਕੋਲ ਸ਼ਿਕਾਰੀ ਕੁੱਤੇ ਤੇ ਵਧੀਆਂ ਸ਼ਿਕਾਰ ਲੱਗੀਆਂ ਘੋੜੀਆਂ ਨਾ ਹੋਣ ਤੇ ਚਾਰ ਬੰਦੇ ਤੁਹਾਡੇ ਨਾਲ ਰੋਟੀ ਨਾ ਖਾਣ ਤਾਂ ਫਿਰ ਜਿਉਣ ਦਾ ਮਜ਼ਾ ਹੀ ਕੀ ਹੋਇਆ ? ਜੇ ਤੁਹਾਨੂੰ ਪੈਸੇ ਦੀ ਲੋੜ ਪਵੇ ਤਾਂ ਅਸੀਂ ਹਾਜ਼ਰ ਹਾਂ, ਪੂਰੀ ਕਰਾਂਗੇਂ। ਇੰਝ ਮੈਂ ਉਨ੍ਹਾਂ ਨੂੰ ਸੱਚੇ ਦੋਸਤ ਮੰਨ ਕੇ ਉਨ੍ਹਾਂ ਦੀ ਸਿੱਖਿਆ ਤੇ ਅਮਲ ਕਰਨ ਲੱਗਾ ਤੇ ਦਿਨ ਰਾਤ ਸ਼ਰਾਬ ਖੋਰੀ ਤੇ ਸ਼ਿਕਾਰ ਖੇਡਣ ਦੇ ਸ਼ੁਗਲ ਵਿਚ ਲੱਗ ਗਿਆ"

ਇਨ੍ਹਾਂ ਦੀ ਸੰਗਤ ਕਰਕੇ ਸੋਹਨ ਸਿੰਘ ਭਕਨੇ ਦੀ ਬਹੁਤੀ ਜ਼ਮੀਨ ਗਹਿਣੇ ਪੈ ਗਈ ਤੇ ੩੦੦੦ ਰੁਪਏ ਕਰਜ਼ਾ ਵੀ ਚੜ੍ਹ ਗਿਆ। ਸੋਹਣ ਸਿੰਘ ਨੂੰ ਇਸ ਬੁਰੀ ਸੋਭਤ ਤੋਂ ਬਾਬਾ ਕੇਸਰ ਸਿੰਘ ਜੀ ਨੇ ਬਚਾਇਆ ਅਤੇ ਸਿੱਧੇ ਰਾਹ ਤੇ ਪਾਇਆ। ਜੱਦੀ ਜ਼ਮੀਨ ਦੇ ਗਹਿਣੇ ਪੈਣ ਕਰਕੇ ਜਦ ਗੁਜ਼ਾਰਾ ਮੁਸ਼ਕਲ ਹੋ ਗਿਆ ਤਾਂ ਉਨ੍ਹਾਂ ਨੇ ਅਮਰੀਕਾ ਜਾਣ ਦੀ ਸੋਚੀ।

**ਅਮਰੀਕਾ ਦਾ ਜੀਵਨ: ਗਦਰ ਪਾਰਟੀ ਦਾ ਸੰਘਠਨ**

ਬਾਬਾ ਸੋਹਨ ਸਿੰਘ ਭਕਨਾ ਰੋਟੀ ਦੀ ਭਾਲ ਵਿਚ ਤਿੰਨ ਫਰਵਰੀ, ੧੯੦੯ ਨੂੰ ਘਰੋਂ ਤੁਰੇ ਅਤੇ ਚਾਰ ਅਪਰੈਲ, ੧੯੦੯ ਨੂੰ ਸਮੁੰਦਰੀ ਜਹਾਜ਼ ਰਾਹੀਂ ਸਿਆਟਲ ਦੀ ਬੰਦਰਗਾਹ ਤੇ ਉੱਤਰੇ। ਅਗਲੇ ਦਿਨ ਪੋਰਟਲੈਂਡ ਦੇ ਲਾਗੇ ਲੱਕੜ ਦੀ ਮਨਾਰਕ ਨਾਮੀ ਮਿਲ ਵਿਚ ਕੰਮ ਮਿਲ ਗਿਆ ਜਿੱਥੇ ਬਾਬਾ ਜੀ ਦੇ ਕੁਝ ਦੋਸਤ ਪਹਿਲਾਂ ਹੀ ਕੰਮ ਕਰਦੇ ਸਨ। ਕੰਮ ਔਖਾ ਸੀ ਪਰ ਬਾਬਾ ਜੀ ਇਸ ਔਖ ਨੂੰ ਝੱਲ ਗਏ। ਇਸ ਤਰ੍ਹਾਂ ਉਨ੍ਹਾਂ ਦੀ ਅਮਰੀਕਾ ਦੀ ਮਿਹਨਤਕਸ਼ ਜ਼ਿੰਦਗੀ ਨੇ ਪਿੰਡ ਦੀ ਹਰਾਮਖੋਰ ਜ਼ਿੰਦਗੀ ਦਾ ਖਾਤਮਾ ਕਰ ਦਿੱਤਾ। ਰੋਟੀ ਰੋਜ਼ੀ ਦੀ ਖਾਤਰ ਮਿਲਾਂ ਵਿਚ ਵਿਦੇਸ਼ੀ ਮਜ਼ਦੂਰ ਅਮਰੀਕਨਾਂ ਨਾਲੋਂ ਜ਼ਿਆਦਾ ਕੰਮ ਕਰਦੇ ਅਤੇ ਮੰਦੇ ਵੇਲੇ ਥੋੜ੍ਹੀ ਤਨਖਾਹ ਤੇ ਵੀ ਮਜ਼ਦੂਰੀ ਕਰਨ ਲਈ ਤਿਆਰ ਰਹਿੰਦੇ। ਇਸ ਤਰ੍ਹਾਂ ਅਮਰੀਕਨ ਮਜ਼ਦੂਰਾਂ ਦੇ ਢਿੱਡ ਤੇ ਲੱਤ ਵਜਦੀ। ਫਲਸਰੂਪ, ਅਮਰੀਕਨਾਂ ਨੇ ਵਿਦੇਸ਼ੀ ਮਜ਼ਦੂਰਾਂ ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਕਈ ਥਾਵਾਂ ਤੇ ਕੁੱਟਿਆ ਮਾਰਿਆ ਅਤੇ ਮਾਲ-ਮੱਤਾ ਲੁੱਟ ਕੇ ਜ਼ਬਰਦਸਤੀ ਟਰੈਮਾਂ ਵਿਚ ਲੱਦ ਕੇ ਜੰਗਲ ਵਿਚ ਸੁੱਟ ਆਏ। ਬਦੇਸ਼ੀ ਮਜ਼ਦੂਰਾਂ ਵਿਚ ਜਪਾਨੀ ਅਤੇ ਚੀਨੀ ਮਜ਼ਦੂਰ ਵੀ ਸਨ ਪਰ ਉਨ੍ਹਾਂ ਦੀਆਂ ਹਕੂਮਤਾਂ ਅਮਰੀਕਨ ਸਰਕਾਰ ਕੋਲ ਸ਼ਕਾਇਤ ਕਰਕੇ ਉਨ੍ਹਾਂ ਨੂੰ ਬਚਾ ਲੈਂਦੀਆਂ। ਹਿੰਦੀ ਮਜ਼ਦੂਰਾਂ ਦੀ ਸੁਨਣ ਵਾਲਾ ਕੋਈ ਨਹੀਂ ਸੀ ਕਿਉਂਕਿ ਭਾਰਤ ਤੇ ਅੰਗ੍ਰੇਜ਼ੀ ਸਰਕਾਰ ਦਾ ਰਾਜ ਸੀ। ਹਮਲਿਆਂ ਤੋਂ ਬਗੈਰ ਹਿੰਦੀ ਲੋਕਾਂ ਨਾਲ ਘਿਰਣਾਂ ਵੀ ਵਧਦੀ ਗਈ ਇਸ ਤਰ੍ਹਾਂ ਦੇ ਨਸਲਵਾਦ ਦੀ ਇਕ ਮਿਸਾਲ ਬਾਬਾ ਜੀ ਨੇ ਦਿੱਤੀ ਹੈ। ਉਹ ਲਿਖਦੇ ਹਨ ਕਿ ਇਕ ਵਾਰੀ ਉਹ ਪ੍ਰੋ. ਤੇਜਾ ਸਿੰਘ ਮਸਤੂਆਨਾ ਹੋਰਾਂ ਨੂੰ ਪੋਰਟਲੈਂਡ ਵਿਚ ਇਕ ਅਮਰੀਕਨ ਹੋਟਲ ਵਿਚ ਖਾਣਾ ਖਲਾਉਣ ਲੈ ਗਏ। ਹੋਟਲ 'ਚ ਪੈਰ ਰੱਖਿਆ ਹੀ ਸੀ ਕਿ ਹੋਟਲ ਵਾਲਿਆਂ ਕਹਿ ਦਿੱਤਾ, ਜਗ੍ਹਾ ਨਹੀਂ ਹੈ। ਕਈ ਵਾਰੀ ਗਲੀਆਂ ਬਜ਼ਾਰਾਂ ਅਤੇ ਰੇਲਵੇ ਸਟੇਸ਼ਨਾਂ ਤੇ ਬੱਚੇ ਤੱਕ 'ਹਿੰਦੂ ਸਲੇਵ (ਨਿਦੂ ਸਲ▲ਵ✥)' ਕਹਿ ਕੇ ਦੁਰਕਾਰਦੇ ਸਨ।

ਇਕ ਬਹੁਤ ਹੀ ਮੰਦਭਾਗਾ ਪਰ ਜੀਵਨ ਨੂੰ ਮੋੜ ਦੇਣ ਵਾਲਾ ਵਾਕਿਆ ਬਾਬਾ ਜੀ ਅਤੇ ਉਨ੍ਹਾਂ ਦੇ ਸਾਥੀਆਂ ਨਾਲ ਵਾਪਰਿਆ। ਬਾਬਾ ਜੀ ਸੇਂਟ ਜੌਹਨ ਵਾਲੀ ਮਿਲ ਵਿਚ ਕੰਮ ਕਰਦੇ ਸਨ ਜੋ ਅਚਾਨਕ ਬੰਦ ਹੋ ਗਈ। ਉਹ ਇਕ ਸਾਥੀ ਨਾਲ ਲਾਗਲੀ ਮਿਲ ਵਿਚ ਕੰਮ ਪੁੱਛਣ ਚਲੇ ਗਏ। ਸੁਪਰਿਨਟੈਂਡੰਟ ਨੂੰ ਕਿਹਾ ਕਿ 'ਕੰਮ ਚਾਹੀਦਾ ਹੈ'। 'ਕੰਮ ਤਾਂ ਬਹੁਤ ਹੈ ਪਰ ਤੁਹਾਡੇ ਲਈ ਨਹੀਂ', ਸੁਪਰਿਨਟੈਂਡੰਟ ਨੇ ਜਬਾਬ ਵਿਚ ਕਿਹਾ। 'ਕਿਉਂ ?' ਬਾਬਾ ਜੀ ਨੇ ਪੁੱਛਿਆ। 'ਮੇਰਾ ਦਿਲ ਤਾਂ ਚਾਹੁੰਦਾ ਹੈ ਕਿ ਮੈਂ ਤੁਹਾਨੂੰ ਦੋਹਾਂ ਨੂੰ ਗੋਲੀ ਮਾਰ ਦਿਆਂ', ਸੁਪਰਿਨਟੈਂਡੰਟ ਨੇ ਕਰੋਧ ਵਿਚ ਕਿਹਾ। 'ਅਸਾਂ ਕੀ ਪਾਪ ਕੀਤਾ ਹੈ ?', ਬਾਬਾ ਜੀ ਨੇ ਪੁੱਛਿਆ। 'ਤੁਹਾਡੀ ਆਬਾਦੀ ਕਿੰਨੀ ਹੈ ?', ਉਸ ਨੇ ਪੁੱਛਿਆ। 'ਤੀਹ ਕਰੋੜ'। ਸੁਣ ਕੇ ਸੁਪਰਿਨਟੈਂਡੰਟ ਬੋਲਿਆ, 'ਇਹ ਤੀਹ ਕਰੋੜ ਭੇਡਾਂ ਹਨ ਜਾਂ ਆਦਮੀ ?'। ਬਾਬਾ ਜੀ ਨੇ ਕਿਹਾ, 'ਆਦਮੀ'। 'ਜੇ ਤੁਸੀਂ ਤੀਹ ਕਰੋੜ ਆਦਮੀ ਹੁੰਦੇ ਤਾਂ ਗੁਲਾਮ ਕਿਸ ਤਰ੍ਹਾਂ ਰਹਿੰਦੇ ? ਜਾਉ ਮੈਂ ਤੁਹਾਨੂੰ ਬੰਦੂਕਾਂ ਦਿੰਦਾ ਹਾਂ ਪਹਿਲਾਂ ਆਪਣੇ ਦੇਸ਼ ਨੂੰ ਆਜ਼ਾਦ ਕਰਾਉ। ਆਜ਼ਾਦ ਕਰਾਕੇ ਜਦ ਤੁਸੀਂ ਅਮਰੀਕਾ ਆਉਗੇ ਤਾਂ ਮੈਂ ਸੱਭ ਤੋਂ ਅੱਗੇ ਹੋ ਕੇ ਤੁਹਾਨੂੰ ਜੀ ਆਇਆਂ ਨੂੰ ਆਖਾਂਗਾਂ'। ਸੁਪਰਿਨਟੈਂਡੰਟ ਕਰੋਧ ਵਿਚ ਬੋਲਿਆ। ਭਾਬਾ ਭਕਨਾ ਅਤੇ ਉਸ ਦਾ ਸਾਥੀ ਨਮੋਸ਼ ਜਹੇ ਹੋਕੇ ਵਾਪਸ ਮੁੜ ਆਏ ਅਤੇ ਸੋਚਾਂ ਵਿਚ ਪੈ ਗਏ। ਇਹ ਉਨ੍ਹਾਂ ਦੀ ਜ਼ਿੰਦਗੀ ਦਾ ਬਹੁਤ ਹੀ ਅਹਿਮ ਮੋੜ ਸੀ।

ਸੰਨ 1912 ਵਿਚ ਬਾਬੂ ਹਰਨਾਮ ਸਿੰਘ ਕਾਹਿਰੀ ਸਾਹਿਰੀ ਅਤੇ ਜੀ. ਡੀ. ਕੁਮਾਰ ਪੋਰਟਲੈਂਡ ਆਏ। ਇਰਦ ਗਿਰਦ ਦੇ ਮਜ਼ਦੂਰਾਂ ਨੂੰ ਮਿਲੇ ਅਤੇ ਸਰਬਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਇਕ ਇਨਕਲਾਬੀ ਸੁਸਾਇਟੀ ਬਣਾਈ ਜਾਵੇ ਜਿਸ ਦਾ ਨਾਂ 'ਹਿੰਦੋਸਤਾਨ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ' ਹੋਵੇ ਅਤੇ ਇਕ ਅਖ਼ਬਾਰ ਕੱਢਿਆ ਜਾਵੇ ਜਿਸ ਦਾ ਨਾਂ 'ਹਿੰਦੋਸਤਾਨ' ਹੋਵੇ। ਸਾਰਿਆਂ ਨੇ ਸਰਬ ਸੰਮਤੀ ਨਾਲ ਹਾਂ ਕਰ ਦਿੱਤੀ ਅਤੇ ਸੋਹਨ ਸਿੰਘ ਭਕਨਾ ਨੂੰ ਪ੍ਰਧਾਨ, ਜੀ. ਡੀ. ਕੁਮਾਰ ਨੂੰ ਮੁੱਖ ਸਕੱਤਰ ਅਤੇ ਪੰਡਤ ਕਾਂਸ਼ੀ ਰਾਮ ਨੂੰ ਖ਼ਜ਼ਾਨਚੀ ਥਾਪਿਆ ਗਿਆ। ਕਮੇਟੀ ਦਾ ਪਹਿਲਾ ਕੰਮ ਅਖ਼ਬਾਰ ਨੂੰ ਸ਼ੁਰੂ ਕਰਨ ਦਾ ਸੀ ਜਿਸ ਦਾ ਜ਼ਿੰਮਾ ਸਕੱਤਰ ਜੀ. ਡੀ. ਕੁਮਾਰ ਦਾ ਸੀ। ਪਰ ਉਸ ਦੀ ਬੀਮਾਰੀ ਕਾਰਨ ਨਾ ਦਫ਼ਤਰ ਖੁਲ੍ਹ ਸਕਿਆ ਅਤੇ ਨਾ ਹੀ ਅਖ਼ਬਾਰ ਨਿਕਲਿਆ। ਇਨ੍ਹੀ ਦਿਨੀਂ ਲਾਲਾ ਹਰਦਿਆਲ ਸਾਨ ਫ੍ਰਾਂਸਿਸਕੋ ਸਨ ਜੋ ਬਰਕਲੇ ਯੂਨੀਵਰਸਿਟੀ ਵਿਚ ਲੈਕਚਰਰ (ਦਿੰਦੇ) ਸਨ। ਉਨ੍ਹਾਂ ਪਾਸ ਸਮਾਂ ਸੀ ਇਸ ਲਈ ਕਮੇਟੀ ਨੇ ਫੈਸਲਾ ਕੀਤਾ ਕਿ ਅਖ਼ਬਾਰ ਅਤੇ ਦਫ਼ਤਰ ਉਨ੍ਹਾਂ ਦੇ ਹਵਾਲੇ ਕੀਤੇ ਜਾਣ। ਲਾਲਾ ਹਰਦਿਆਲ ਨੇ ਇਹ ਦੋਵੇਂ ਕੰਮ ਜ਼ਿੰਮੇਂ ਲੈ ਲਏ ਅਤੇ "ਗਦਰ" ਨਾਮੀਂ ਅਖ਼ਬਾਰ ਕੱਢਿਆ; ਅਖ਼ਬਾਰ ਦਾ ਪਹਿਲਾ ਅੰਕ ਇਕ ਨਵੰਬਰ, ੧੯੧੩ ਨੂੰ ਛਪਿਆ ਜਿਸ ਦੀ ਛਪਾਈ ਵਿਚ ਕਰਤਾਰ ਸਿੰਘ ਸਰਾਭਾ ਅਤੇ ਰਘਬੀਰ ਦਿਆਲ ਨੇ ਮੱਦਦ ਕੀਤੀ।

ਜਦ ਪਾਰਟੀ ਦਾ ਪਰਚਾਰ ਚੌਹੀਂ ਪਾਸੀਂ ਮੱਘ ਪਿਆ ਤਾਂ ਇਸ ਦੀ ਰਿਪੋਰਟ ਅੰਗ੍ਰੇਜ਼ ਸਰਕਾਰ ਪਾਸ ਪਹੁੰਚ ਗਈ। ਉਸ ਨੇ ਦੋਸਤੀ ਦੀ ਸੰਧੀ ਅਧੀਨ ਅਮਰੀਕਾ ਸਰਕਾਰ ਤੇ ਦਬਾ ਪਾਕੇ ਸੱਭ ਤੋਂ ਪਹਿਲਾਂ ਲਾਲਾ ਹਰਦਿਆਲ ਨੂੰ ਦੇਸ਼ ਚੋਂ ਕੱਢਿਆ ਕਿਉਂਕਿ ਉਹ ਸਮਝਦੇ ਸਨ ਕਿ ਲਾਲਾ ਜੀ ਹੀ ਪਾਰਟੀ ਨੂੰ ਚਲਾਉਣ ਵਾਲਾ ਹੈ। ਲਾਲਾ ਹਰਦਿਆਲ ਦੇ ਚਲੇ ਜਾਣ ਤੋਂ ਬਾਅਦ ਬਾਬਾ ਭਕਨਾ ਜੀ ਬਹੁਤਾ ਸਮਾ ਆਸ਼ਰਮ ਨੂੰ ਦੇਣ ਲੱਗ ਪਏ। ਅਖ਼ਬਾਰ ਅਤੇ ਹੋਰ ਕੰਮ ਵੀ ਤੇਜ਼ੀ ਨਾਲ ਚੱਲਣ ਲੱਗੇ। ਇਨ੍ਹਾਂ ਦਿਨਾਂ ਵਿਚ "ਕਾਮਾਗਾਟਾ ਮਾਰੂ ਜਹਾਜ਼" ਦਾ ਸਾਕਾ ਹੋਇਆ ਜਿਸ ਨੂੰ ਕੈਨੇਡਾ ਸਰਕਾਰ ਨੇ ਵੈਨਕੂਵਰ ਦੀ ਬੰਦਰਗਾਹ ਤੇ ਕੁਝ ਮਹੀਨੇ ਰੋਕੀ ਰੱਖਿਆ। ਉਨ੍ਹਾਂ ਦਿਨਾਂ ਵਿਚ "ਗਦਰ" ਅਖਬਾਰ ਦੇ ਖ਼ਾਸ ਨੰਬਰ ਕੱਢੇ ਗਏ ਜਿਨ੍ਹਾਂ ਵਿਚ ਵਿਦੇਸ਼ੀ ਹਿੰਦੀਆਂ ਨੂੰ ਯਾਤਰੀਆਂ ਦੀ ਮੱਦਦ ਕਰਨ ਦੀ ਅਪੀਲ ਕੀਤੀ। ਗਦਰ ਪਾਰਟੀ ਦਾ ਸਾਰਾ ਸਾਹਿਤ ਕਿਸੇ ਨਾ ਕਿਸੇ ਤਰ੍ਹਾਂ ਜਹਾਜ਼ ਵਿਚ ਪਹੁੰਚਾਇਆ ਜਾਂਦਾ। ਕੈਨੇਡਾ ਸਰਕਾਰ ਨੇ ਕੁਝ ਮਹੀਨਿਆਂ ਬਾਅਦ ਜਹਾਜ਼ ਨੂੰ ਵਾਪਸ ਜਾਣ ਲਈ ਹੁਕਮ ਜਾਰੀ ਕਰ ਦਿੱਤਾ ਅਤੇ ਪਾਰਟੀ ਦੇ ਜ਼ੋਰ ਪਾਉਣ ਤੇ ਯਾਤਰੀਆਂ ਨੂੰ ਰਾਸ਼ਨ ਅਤੇ ਕੁਝ ਹਰਜਾਨਾ ਦੇਣਾ ਮੰਨ ਲਿਆ। ਮਾਰਚ ੨੩, ੧੯੧੪ ਨੂੰ ਜਹਾਜ਼ ਜਾਪਾਨ ਦੀ ਬੰਦਰਗਾਹ ਯੋਕੋਹਾਮਾ ਵਲ ਰਵਾਨਾ ਹੋਇਆ। ਜਹਾਜ਼ ਵਿਚ ੩੬੦ ਦੇ ਕਰੀਬ ਯਾਤਰੀ ਸਨ। ਗਦਰ ਪਾਰਟੀ ਨੇ ਫੈਸਲਾ ਕੀਤਾ ਕਿ ਇਕ ਬੰਦਾ ਜਹਾਜ਼ ਦੇ ਮਗਰ-ਮਗਰ ਜਾਵੇ ਅਤੇ ਜਪਾਨ ਵਿਚ ਯਾਤਰੀਆਂ ਨੂੰ ਮਿਲ ਕੇ ਆਪਣੇ ਮਿਸ਼ਨ ਬਾਰੇ ਦੱਸ ਕੇ ਆਜ਼ਾਦੀ ਲਈ ਤਿਆਰ ਕਰੇ। ਇਸ ਕੰਮ ਲਈ ਬਾਬਾ ਭਕਨਾ ਦੀ ਡਿਊਟੀ ਲੱਗੀ। ਦੋ ਸੌ ਪਸਤੌਲ ਅਤੇ ਦੋ ਪੇਟੀਆਂ ਗੋਲੀਆਂ ਦੀਆਂ ਨਾਲ ਲੈ ਜਾਣੀਆਂ ਸਨ। ਇਸ ਦਾ ਬੰਦੋਬਸਤ ਕਰਤਾਰ ਸਿੰਘ ਸਰਾਭਾ ਅਤੇ ਬਾਈ ਭਗਵਾਨ ਸਿੰਘ ਦੇ ਜ਼ਿੰਮੇ ਲਾਇਆ ਗਿਆ। ਦੋਵੇਂ ਜਹਾਜ਼ ਜਪਾਨ ਪਹੁੰਚ ਗਏ। ਹੁਣ ਪੇਟੀਆਂ ਉਤਾਰਨ ਅਤੇ ਜਹਾਜ਼ ਵਿਚ ਰਖਵਾਉਣ ਦਾ ਮਸਲਾ ਖੜ੍ਹਾ ਹੋ ਗਿਆ। ਇਸ ਦਾ ਇੰਤਜ਼ਾਮ ਜਪਾਨ ਦੇ ਗ਼ਦਰੀ ਮੈਂਬਰਾਂ ਨੇ ਪਹਿਲਾਂ ਹੀ ਕੀਤਾ ਹੋਇਆ ਸੀ। ਜਦ ਉਹ ਬਾਬਾ ਜੀ ਨੂੰ ਮਿਲਣ ਜਹਾਜ਼ ਵਿਚ ਆਏ ਤਾਂ ਪੇਟੀਆਂ ਉਨ੍ਹਾਂ ਦੇ ਹਵਾਲੇ ਕਰ ਦਿੱਤੀਆਂ। ਉਨ੍ਹਾਂ ਨੇ ਇਹ ਹਿੰਦੋਸਤਾਨ ਜਾਣ ਵਾਲੇ ਜਹਾਜ਼ ਵਿਚ ਰਖਵਾ ਦਿੱਤੀਆਂ। ਜਦ ਜਹਾਜ਼ ਬੰਗਾਲ ਦੀ ਖਾੜੀ ਵਿਚ ਪਹੁੰਚਿਆ ਤਾਂ ਪੰਜਾਬ ਦੀ ਸੀ.ਆਈ. ਡੀ. ਰੱਸਿਆਂ ਦੀਆਂ ਪੌੜੀਆਂ ਰਾਹੀਂ ਜਹਾਜ਼ ਤੇ ਚੜ੍ਹ ਆਈ। ਬਾਬਾ ਜੀ ਕਾਮਾਗਾਟਾ ਮਾਰੂ ਜਹਾਜ਼ ਰਾਹੀਂ ਨਹੀਂ, ਸਗੋਂ ਇਕ ਹੋਰ ਜਹਾਜ਼ ਰਾਹੀਂ ਕਲਕੱਤੇ ਦੀ ਬੰਦਰਗਾਹ 'ਤੇ ਪਹੁੰਚ ਗਏ। ਉਨ੍ਹਾਂ ਨੂੰ ਪਹੁੰਚਿਆਂ ਸਾਰ, ਤਿੰਨ ਹੋਰ ਮੁਸਾਫਰਾਂ ਸਮੇਤ, ਗ੍ਰਿਫਤਾਰ ਕਰ ਲਿਆ। ਪਹਿਲਾਂ ਕਲਕੱਤੇ ਦੀ ਕੋਤਵਾਲੀ ਵਿਚ ਬੰਦ ਕੀਤਾ ਅਤੇ ਬਾਅਦ ਵਿਚ ਲੁਧਿਆਣੇ ਲਿਆਂਦਾ ਗਿਆ। ਪੁੱਛ ਪੜਤਾਲ ਤੋਂ ਬਾਅਦ ਹੋਰਨਾਂ ਨੂੰ ਛੱਡ ਦਿੱਤਾ ਅਤੇ ਭਕਨਾ ਜੀ ਨੂੰ ਮੁਲਤਾਨ ਦੀ ਜੇਹਲ ਵਿਚ ਭੇਜ ਦਿੱਤਾ। ਇਥੋਂ ਉਨ੍ਹਾਂ ਦਾ ਹਿੰਦੋਸਤਾਨ ਦੀ ਧਰਤੀ ਦਾ ਸੰਗਰਾਮ ਸ਼ੁਰੂ ਹੁੰਦਾ ਹੈ। ਏਥੇ ਇਹ ਦੱਸਣਾ ਜ਼ਰੂਰੀ ਹੈ ਕਿ ਜਦ ਭਕਨਾ ਜੀ ਨੂੰ ਤਾਂਗੇ 'ਤੇ ਬਿਠਾ ਕੇ ਲੁਧਿਆਣੇ ਦੇ ਰੇਲਵੇ ਸਟੇਸ਼ਨ ਤੋਂ ਲੁਧਿਆਣੇ ਦੀ ਕੋਤਵਾਲੀ ਨੂੰ ਲਿਜਾਇਆ ਜਾ ਰਿਹਾ ਸੀ ਤਾਂ ਕਰਤਾਰ ਸਿੰਘ ਸਰਾਭਾ ਸਾਈਕਲ 'ਤੇ ਉਨ੍ਹਾਂ ਦੇ ਪਿਛੇ-ਪਿੱਛੇ ਹੋ ਲਏ। ਬਾਬਾ ਜੀ ਨੇ ਸਰਾਭਾ ਨੂੰ ਹਿਦਾਇਤ ਕੀਤੀ ਕਿ 'ਉਹ ਵਾਪਸ ਜਾ ਕੇ ਆਪਣਾ ਕੰਮ ਕਰੇ, ਮੈਨੂੰ ਇਨ੍ਹਾਂ ਨੇ ਮੁਲਤਾਨ ਦੀ ਜੇਲ੍ਹ ਵਿਚ ਭੇਜ ਦੇਣਾ ਹੈ'।

**ਹਿੰਦੋਸਤਾਨ ਵਿਚ ਜੀਵਨ: ਜੇਲ੍ਹ ਸੰਗਰਾਮ**

ਮੁਲਤਾਨ ਜ਼ਿਲੇ ਦੀ ਜੇਲ੍ਹ ਵਿਚ ਬਾਬਾ ਭਕਨਾ ਜੀ ਨੂੰ ਫਾਂਸੀ ਲੱਗਣ ਵਾਲਿਆਂ ਦੀ ਕੋਠੜੀ ਵਿਚ ਰੱਖਿਆ ਗਿਆ ਤਾਕਿ ਉਹ ਕੈਦੀਆਂ ਨੂੰ ਫਾਂਸੀ ਲਗਦੀ ਦੇਖ ਕੇ ਘਬਰਾ ਜਾਣ। ਬਾਬਾ ਜੀ ਲਿਖਦੇ ਹਨ ਕਿ, "ਮੇਰੇ ਸਾਹਮਣੇ ਦੋ ਆਦਮੀ ਫਾਂਸੀ ਲੱਗੇ ਤੇ ਪੰਜ-ਪੰਜ ਮਿੰਟ ਵਿਚ ਖ਼ਤਮ ਹੋ ਗਏ। ਮੇਰਾ ਦਿਲ ਹੋਰ ਵੀ ਨਿਡੱਰ ਹੋ ਗਿਆ"। ਸੀ. ਆਈ. ਡੀ. ਦਾ ਸਾਰਾ ਧਿਆਨ ਬਾਬਾ ਜੀ ਉੱਤੇ ਸੀ ਕਿਉਂਕਿ, ਉਨ੍ਹਾਂ ਤੋਂ ਬਿਨਾ ਗਦਰ ਪਾਰਟੀ ਦਾ ਹੋਰ ਕੋਈ ਵੀ ਮੈਂਬਰ ਅਜੇ ਫੜਿਆ ਨਹੀਂ ਸੀ ਗਿਆ। ਬਾਬਾ ਜੀ ਲਿਖਦੇ ਹਨ ਕਿ, "ਉਨ੍ਹਾਂ ਮੇਰੇ ਬਾਰੇ ਕਾਫ਼ੀ ਵਾਕਫ਼ੀਅਤ ਇਕੱਠੀ ਕਰਨ ਦੀ ਕੋਸ਼ਿਸ਼ ਕੀਤੀ, ਏਥੋਂ ਤੱਕ ਕਿ ਮੇਰੀਆਂ ਮਾਵਾਂ ਤੋਂ ਵੀ ਪੁੱਛ ਪੜਤਾਲ ਕੀਤੀ। ਪਰ ਉਨ੍ਹਾਂ ਨੂੰ ਮੇਰੇ ਖ਼ਿਲਾਫ਼ ਬਹੁਤਾ ਕੁਝ ਨਾ ਮਿਲਿਆ"। ਅੰਤ ਨੂੰ ਡਿਪਟੀ ਸੁਪਰਿਨਟੈਂਡੰਟ, ਸੁਖਾ ਸਿੰਘ ਅਤੇ ਇਕ ਮੌਲਵੀ ਨਾਮੀਂ ਇੰਸਪੈਕਟਰ ਬਾਬਾ ਜੀ ਨੂੰ ਜੇਲ੍ਹ ਵਿਚ ਮਿਲਣ ਆਏ। ਕਹਿਣ ਲੱਗੇ, "ਸਰਦਾਰ ਜੀ, ਤੁਸੀਂ ਤਾਂ ਸਿਆਣੇ ਸਉ, ਇਧਰ ਕਿਸ ਤਰ੍ਹਾਂ ਫਸ ਗਏ। ਅਸਾਂ ਘਰ ਜਾਕੇ ਤੁਹਾਡੀਆਂ ਮਾਤਾਵਾਂ ਤੇ ਪਤਨੀ ਦਾ ਹਾਲ ਵੇਖਿਆ ਹੈ ਸਾਨੂੰ ਉਨ੍ਹਾਂ ਦੀ ਹਾਲਤ ਤੇ ਬਹੁਤ ਤਰਸ ਆਇਆ ਹੈ। ਇਸ ਲਈ ਤੁਹਾਡੇ ਕੋਲ ਆਏ ਹਾਂ ਤੇ ਸਰਕਾਰ ਤੋਂ ਪੂਰਾ ਅਖ਼ਤਿਆਰ ਲੈ ਕੇ ਆਏ ਹਾਂ। ਸਿਆਣਪ ਇਸ ਵਿਚ ਹੈ ਤੇ ਵਕਤ ਹੈ ਕਿ ਤੁਸੀਂ ਆਪਣਾ ਬਚਾਅ ਕਰ ਲਵੋ। ਨਿਰਾ ਬਚਾਅ ਹੀ ਨਹੀਂ, ਬਲਕਿ ਇੱਜ਼ਤ, ਮਾਨ, ਰੁਪਿਆ, ਜ਼ਮੀਨ ਜੋ ਵੀ ਚਾਹੋ ਮਿਲ ਸਕਦਾ ਹੈ। ਬਿਆਨ ਵੀ ਮਾਮੂਲੀ ਜਿਹਾ ਦੇਣਾ ਪਵੇਗਾ ਬਸ ਇਹੀ ਕਿ ਤੁਹਾਡੇ ਨਾਲ ਅਮਰੀਕਾ ਵਿਚ ਪਾਰਟੀ ਦਾ ਕੌਣ ਕੌਣ ਬੰਦਾ ਕੰਮ ਕਰਦਾ ਸੀ ? ਤੇ ਕੀ ਤੁਸੀਂ ਗਦਰ ਪਾਰਟੀ ਦੇ ਪਰਧਾਨ ਸਉ ?"। ਬਾਬਾ ਜੀ ਨੇ ਉਨ੍ਹਾਂ ਦੀ ਚਾਲ ਦਾ ਹੱਸਦਿਆਂ ਹੋਇਆ ਮਖੌਲ ਉਡਾਇਆ ਅਤੇ ਠਰੰਮੇ ਨਾਲ ਕਿਹਾ, "ਸਰਦਾਰ ਜੀ, ਮੈਂ ਸੁਣਿਆ ਸੀ ਕਿ ਹਿੰਦੋਸਤਾਨ ਦੀ ਪੁਲੀਸ ਦਾ ਦਿਮਾਗ਼ ਦੂਜੇ ਦੇਸ਼ਾਂ ਦੀ ਪੁਲੀਸ ਦੇ ਮੁਕਾਬਲੇ ਵਿਚ ਨਾ-ਹੋਣ ਦੇ ਬਰਾਬਰ ਹੈ, ਅੱਜ ਪੂਰਾ ਤਜਰਬਾ ਹੋ ਗਿਆ। ਮੈਂ ਤਾਂ ਰੋਟੀ ਕਮਾਉਣ ਲਈ ਘਰੋਂ ਨਿਕਲਿਆ ਸੀ ਤੇ ਅਮਰੀਕਾ ਵਿਚ ਲੱਕੜੀ ਦੇ ਕਾਰਖਾਨੀਆਂ ਅਤੇ ਕੈਲੇਫੋਰਨੀਆਂ ਦੇ ਖੇਤਾਂ ਤੇ ਬਾਗਾਂ ਵਿਚ ਮਜ਼ਦੂਰੀ ਕਰਦਾ ਰਿਹਾ ਤੇ ਹੁਣ ਜੰਗ ਲੱਗ ਜਾਣ ਕਰਕੇ ਦੇਸ਼ ਵਾਪਸ ਆਇਆ ਹਾਂ। ਤੁਸੀਂ ਪੁੱਛ ਰਹੇ ਹੋ ਕਿ ਮੈਂ ਗ਼ਦਰ ਪਾਰਟੀ ਦਾ ਪਰਧਾਨ ਸਾਂ ਤੇ ਕੌਣ ਕੌਣ ਮੇਰੇ ਨਾਲ ਕੰਮ ਕਰਦੇ ਹਨ !" ਇਹ ਉੱਤਰ ਸੁਣ ਕੇ ਦੋਵੇਂ ਪੁਲਸੀਏ ਚਲੇ ਗਏ, ਪਰ ਦਸਾਂ ਬਾਰਾਂ ਦਿਨਾਂ ਵਿਚ ਉਹੀ ਪੁਲਸ ਵਾਲੇ ਬਾਬਾ ਜੀ ਦੇ ਇਕ ਮਿੱਤਰ ਅਤੇ ਜਨਣੀ-ਮਾਂ ਨੂੰ ਨਾਲ ਲੈ ਕੇ ਫੇਰ ਆ ਗਏ। ਕਹਿਣ ਲੱਗੇ ਕਿ ਉਹ ਬਾਹਰ ਚਲੇ ਜਾਂਦੇ ਹਨ ਤੁਸੀਂ ਆਪਸ ਵਿਚ ਗੱਲ ਕਰ ਲਉ। ਦੋਸਤ ਅਤੇ ਮਾਂ ਦੀ ਗੱਲ ਸੁਣਨ ਤੋਂ ਪਹਿਲਾਂ ਹੀ ਬਾਬਾ ਜੀ ਨੇ ਪੁੱਛਿਆ ਕਿ ਤੁਸੀਂ ਕਿਉਂ ਇਨ੍ਹਾਂ ਦੇ ਨਾਲ ਆਏ ਹੋ ? ਉਨ੍ਹਾਂ ਨੇ ਕਿਹਾ ਕਿ ਪੁਲਸ ਵਾਲੇ ਰਾਤ ਦਿਨ ਤੰਗ ਕਰਦੇ ਸਨ ਕਿ ਤੁਹਾਨੂੰ ਸਮਝਾਉਣ। ਅਸੀਂ ਸੋਚਿਆ ਕਿ ਚੱਲ ਇਸੇ ਬਹਾਨੇ ਤੁਹਾਡੇ ਦਰਸ਼ਨ ਵੀ ਹੋ ਜਾਣਗੇ। ਮਾਤਾ ਜੀ ਨੇ ਦੱਸਿਆ ਕਿ ਪੁਲਸ ਵਾਲੇ ਕਹਿੰਦੇ ਸਨ, "ਜੇ ਤੇਰੇ ਲੜਕੇ ਨੇ ਸਾਡੀ ਗੱਲ ਨਾ ਮੰਨੀ ਤਾਂ ਫਾਂਸੀ ਲੱਗ ਜਾਵੇਗੀ। ਮਾਂ ਹਾਂ, ਇਸ ਲਈ ਆਈ ਹਾਂ।" ਬਾਬਾ ਜੀ ਨੇ ਮਾਂ ਨੂੰ ਕਿਹਾ, "ਜੋ ਉਹ ਕਹਿੰਦੇ ਹਨ ਉਹ ਸੱਚ ਹੈ ਕਿ ਮੈਨੂੰ ਫਾਂਸੀ ਦੇ ਦੇਣਗੇ ਪਰ ਕੀ ਤੁਸੀਂ ਇਸ ਗੱਲ ਨੂੰ ਪਸੰਦ ਕਰੋਗੇ ਕਿ ਮੈਂ ਬਚ ਜਾਵਾਂ ਤੇ ਦੂਸਰੇ ਸੈਂਕੜੇ ਫਾਂਸੀ ਲੱਗ ਜਾਣ ?"। ਮਾਤਾ ਜੀ ਸਿਆਣੇ ਸਨ। ਉਨ੍ਹਾਂ ਕਿਹਾ ਕਿ ਮੈਂ ਇਹ ਤਾਂ ਨਹੀਂ ਚਾਹੁੰਦੀ ਕਿ ਤੂੰ ਬਚ ਜਾਵੇਂ ਤੇ ਦੂਸਰਿਆਂ ਨੂੰ ਫਾਂਸੀ ਲਵਾ ਦੇਵੇਂ। ਬਾਬਾ ਜੀ ਨੇ ਮਾਤਾ ਜੀ ਦਾ ਧੰਨਵਾਦ ਕਰਦਿਆਂ ਕਿਹਾ, "ਮਾਤਾ ਜੀ ਮੈਂ ਤੁਹਾਡੀ ਕੁੱਖੋਂ ਜਨਮ ਲਿਆ ਹੈ। ਮੈਂ ਤੁਹਾਡੀ ਕੁੱਖ ਨੂੰ ਕਲੰਕਤ ਕਰਕੇ ਜੀਉਂਦੇ ਰਹਿਣਾ ਨਹੀਂ ਚਾਹੁੰਦਾ। ਮੈਨੂੰ ਆਸ਼ੀਰਵਾਦ ਦਿਉ। ਮਾਤਾ ਜੀ ਨੇ ਸਿਰ ਤੇ ਹੱਥ ਫੇਰ ਕੇ ਆਸ਼ੀਰਵਾਦ ਦਿੱਤੀ ਤੇ ਕਿਹਾ ਪੁੱਤਰ ਆਪਣੇ ਧਰਮ ਤੇ ਕਾਇਮ ਰਹੋ, ਮੈਂ ਖ਼ੁਸ਼ ਹਾਂ"। ਬਾਬਾ ਜੀ ਨੂੰ ਮੁਲਤਾਨ ਤੋਂ ਲਾਹੌਰ ਭੇਜ ਦਿੱਤਾ ਗਿਆ। ਅਪਰੈਲ ੧੫, ੧੯੧੫ ਦੇ ਲਾਹੌਰ ਦੇ ਮਸ਼ਹੂਰ ਗਦਰ-ਸਾਜ਼ਸ ਕੇਸ ਵਿਚ ਬਾਬਾ ਭਕਨਾ ਨੂੰ ੨੪ ਕੈਦੀਆਂ ਸਮੇਤ ਫਾਂਸੀ ਦੀ ਸਜ਼ਾ ਸੁਣਾਈ ਗਈ। ਪਿੱਛੋਂ ਇਨ੍ਹਾਂ ਵਿਚੋਂ ੧੭ ਜਣਿਆਂ ਨੂੰ, ਜੋ ਬਾਬਾ ਜੀ ਦੇ ਨਾਲ ਜਹਾਜ਼ ਵਿਚ ਹੀ ਫੜੇ ਗਏ ਸਨ, ਵਾਇਸਰਾਏ ਲਾਰਡ ਹਾਰਡਿੰਗ ਦੇ ਹੁਕਮ ਤੇ ਫਾਂਸੀ ਦੀ ਸਜ਼ਾ ਬਦਲ ਕੇ ਉਮਰ ਕੈਦ ਕਰ ਦਿੱਤੀ। ਲਾਹੌਰ ਜੇਲ੍ਹ ਵਿਚ ਕੈਦੀਆਂ ਨੂੰ ਘਾਹ-ਫੂਸ (ਭੁਸੇ) ਦੀ ਟੋਪੀ ਪਹਿਨਣੀ ਪੈਂਦੀ ਸੀ।

(ਬਾਕੀ ਸਫਾ 30 'ਤੇ)



# ਹਿੰਦੋਸਤਾਨ ਕਿ ਰੇਪਿਸਤਾਨ !



ਇਸ ਦੌਰ-ਏ-ਤਰੱਕੀ ਕੇ ਅੰਦਾਜ਼ ਨਿਰਾਲੇ ਹੈਂ,
ਜ਼ਿਹਨੋਂ ਮੇਂ ਅੰਧੇਰੇ ਹੈਂ ਸੜਕੋਂ ਪੇ ਉਜਾਲੇ ਹੈਂ।

ਭਾਰਤ ਵਿਚ ਜਬਰਜਨਾਹ ਦੀਆਂ ਘਟਨਾਵਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ ਅਤੇ ਹੁਣ ਭਾਜਪਾ ਦੇ ਕਾਨੂੰਨ ਤੇ ਨਿਆਂ ਪ੍ਰਬੰਧ ਖਿਲਾਫ ਦੇਸ਼ ਵਿਆਪੀ ਰੋਹ ਉਠਣ ਦੇ ਆਸਾਰ ਬਣ ਗਏ ਹਨ। ਰਾਜ ਸਭਾ ਦੀ ਮੈਂਬਰ ਜਯਾ ਬੱਚਨ ਵਲੋਂ ਰਾਜ ਸਭਾ ਵਿਚ ਇਹ ਬਿਆਨ ਦਿੱਤੇ ਗਏ ਸਨ ਕਿ ਜਬਰਜਨਾਹ ਦੇ ਦੋਸ਼ੀਆਂ ਖਿਲਾਫ 'ਲਿਚਿੰਗ' ਹੋਣੀ ਚਾਹੀਦੀ ਹੈ, ਭਾਵ ਉਨ੍ਹਾਂ ਨੂੰ ਜਨਤਾ ਦੇ ਹਵਾਲੇ ਕਰ ਦਿੱਤਾ ਜਾਣਾ ਚਾਹੀਦਾ ਹੈ, ਜੋ ਪੱਥਰ ਮਾਰ ਮਾਰ ਕੇ ਦੋਸ਼ੀਆਂ ਨੂੰ ਮਾਰ ਦੇਣ।

ਅਨੇਕਾਂ ਜ਼ਿੰਮੇਵਾਰ ਵਿਅਕਤੀਆਂ ਨੇ ਪੁਲਿਸ ਵਲੋਂ ਹਿਰਾਸਤ ਵਿਚ ਚਾਰ ਦੋਸ਼ੀਆਂ ਦੇ ਬਣਾਏ ਗਏ ਝੂਠੇ ਪੁਲਿਸ ਮੁਕਾਬਲੇ ਨੂੰ ਜਾਇਜ਼ ਕਰਾਰ ਦਿੱਤਾ ਹੈ ਕਿ ਹੁਣ ਪੁਲਿਸ ਹੀ ਅਦਾਲਤ ਦੇ ਫੈਸਲੇ ਕਰਕੇ ਦੋਸ਼ੀਆਂ ਨੂੰ ਸਜ਼ਾ ਦਿਆ ਕਰੇ, ਕਿਉਂਕਿ ਨਿਆਂ ਪਾਲਿਕਾ ਬੜੀ ਸੁਸਤ ਹੈ ਅਤੇ ਅਕਸਰ ਦੋਸ਼ੀ ਬਚ ਨਿਕਲਦੇ ਹਨ।

ਜਬਰਜਨਾਹ ਦੀਆਂ ਅਨੇਕਾਂ ਘਟਨਾਵਾਂ ਵਿਚੋਂ ਪ੍ਰਮੁਖ ਘਟਨਾ ਹੈਦਰਾਬਾਦ ਵਿਚ ਇੱਕ ਪੈਟਰੋਲ ਪੰਪ 'ਤੇ ਇੱਕ ਵੈਟਰਨਰੀ ਔਰਤ ਡਾਕਟਰ ਨੂੰ 4 ਬੱਸ ਡਰਾਈਵਰਾਂ ਵਲੋਂ ਬਲਾਤਕਾਰ ਕਰਕੇ ਸਾੜ ਦੇਣ ਦੀ ਹੈ। ਇਹ ਦੋਸ਼ੀ ਪੁਲਿਸ ਦੇ ਹਵਾਲੇ ਸਨ, ਜਿਨ੍ਹਾਂ ਨੂੰ ਪੁਲਿਸ ਨੇ ਘਟਨਾ ਵਾਲੀ ਥਾਂ 'ਤੇ ਲਿਜਾ ਕੇ ਮੁਕਾਬਲਾ ਬਣਾਇਆ ਅਤੇ ਉਨ੍ਹਾਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਪੁਲਿਸ ਨੇ ਆਪਣੀ ਸਫਾਈ ਵਿਚ ਕਿਹਾ ਹੈ ਕਿ ਦੋਸ਼ੀ ਇੱਕ ਪੁਲਿਸ ਵਾਲੇ ਦੀ ਬੰਦੂਕ ਖੋਹਣ ਦੀ ਕੋਸ਼ਿਸ਼ ਵਿਚ ਸੀ ਕਿ ਮੁਕਾਬਲਾ ਹੋ ਗਿਆ ਅਤੇ ਦੋਸ਼ੀ ਮਾਰੇ ਗਏ। ਇਸ 'ਬਹਾਦਰੀ' 'ਤੇ ਜਨਤਾ ਨੇ ਪੁਲਿਸ ਵਾਲਿਆਂ 'ਤੇ ਫੁੱਲ ਬਿਖੇਰ ਕੇ ਉਨ੍ਹਾਂ ਨੂੰ ਸਰਾਹਿਆ ਹੈ।

ਇਸ ਪ੍ਰਤੀ ਸਮਝਦਾਰ ਲੋਕਾਂ ਦੇ ਬਿਆਨ ਤਾਂ ਇਹੀ ਹਨ ਕਿ ਜੇ ਇਸ ਤਰ੍ਹਾਂ ਪੁਲਿਸ ਹੀ ਅਦਾਲਤੀ ਫੈਸਲੇ ਕਰਨ ਲੱਗੀ ਤਾਂ ਦੇਸ਼ ਵਿਚ ਇਨਸਾਫ ਨਾਂ ਦੀ ਕੋਈ ਚੀਜ਼ ਨਹੀਂ ਰਹੇਗੀ; ਪਰ ਹੁਗਲੀ ਤੋਂ ਭਾਜਪਾ ਦੀ ਸੰਸਦ ਮੈਂਬਰ ਲਾਕੇਟ ਚੈਟਰਜੀ ਨੇ ਕਿਹਾ ਹੈ ਕਿ ਅਜਿਹੇ ਮੁਕਾਬਲੇ ਨੂੰ ਕਾਨੂੰਨੀ ਬਣਾਇਆ ਜਾਣਾ ਚਾਹੀਦਾ ਹੈ, ਜਿਸ ਦਾ ਮਤਲਬ ਹੈ ਕਿ ਪੰਜਾਬ ਅਤੇ ਕਸ਼ਮੀਰ ਜਿਹੇ ਰਾਜਾਂ ਵਿਚ ਹੁਣ ਪੁਲਿਸ ਨੂੰ ਹੋਰ ਵੀ ਖੁਲ੍ਹੀ ਛੁੱਟੀ ਮਿਲ ਜਾਵੇਗੀ ਕਿ ਉਹ ਭਾਜਪਾ ਵਿਰੋਧੀਆਂ ਨੂੰ ਵੀ ਗੋਲੀਆਂ ਨਾਲ ਭੁੰਨਣ ਲੱਗ ਪਵੇ, ਜਦ ਕਿ ਪਹਿਲਾਂ ਹੀ ਹਜ਼ਾਰਾਂ ਲੋਕ ਇਨ੍ਹਾਂ ਰਾਜਾਂ ਵਿਚ ਝੂਠੇ ਪੁਲਿਸ ਮੁਕਾਬਲਿਆਂ ਦਾ ਸ਼ਿਕਾਰ ਹੋ ਚੁਕੇ ਹਨ। ਇਸੇ ਤਰ੍ਹਾਂ ਹੀ ਭਾਜਪਾ ਦੀ ਸੰਸਦ ਮੈਂਬਰ ਉਮਾ ਭਾਰਤੀ ਨੇ ਵੀ ਪੁਲਿਸ ਦੇ ਪੈਂਤੜੇ ਨੂੰ ਸਹੀ ਕਰਾਰ ਦਿੱਤਾ ਹੈ, ਜਦ ਕਿ ਮੇਨਕਾ ਗਾਂਧੀ ਅਤੇ ਔਰਤ ਅਧਿਕਾਰ ਸੰਸਥਾਵਾਂ ਨੇ ਪੁਲਿਸ ਨੂੰ ਇਸ ਤਰ੍ਹਾਂ ਦੇ ਹੱਕ ਦਿੱਤੇ ਜਾਣ ਦਾ ਵਿਰੋਧ ਕੀਤਾ ਹੈ।

ਜ਼ਿਕਰਯੋਗ ਹੈ ਕਿ ਇਨ੍ਹੀਂ ਦਿਨੀਂ ਇੱਕ ਸਿਆਸੀ ਲੀਡਰ ਦੀ ਇੱਕ ਵੀਡੀਓ ਵਾਇਰਲ ਹੋਈ ਹੈ, ਜਿਸ ਵਿਚ ਇਹ ਲੀਡਰ ਇੱਕ ਮੀਡੀਆ ਕਰਮੀ ਨੂੰ ਤਾੜਨਾ ਕਰ ਰਿਹਾ ਹੈ ਕਿ ਕਿਸੇ ਵੀ ਪੱਤਰਕਾਰ ਨੂੰ ਭਾਜਪਾ ਦੀ ਕਾਰਗੁਜ਼ਾਰੀ ਦੇ ਖਿਲਾਫ ਸਵਾਲ ਕਰਨ ਦਾ ਹੱਕ ਨਹੀਂ ਹੈ, ਕਿਉਂਕਿ ਐਸਾ ਕਰਨ ਵਾਲੇ ਪੱਤਰਕਾਰਾਂ ਨੂੰ ਗੋਲੀਆਂ ਮਾਰ ਦਿੱਤੀਆਂ ਜਾਂਦੀਆਂ ਹਨ। ਹੁਣ ਤੱਕ ਚਾਰ ਪੱਤਰਕਾਰਾਂ ਨੂੰ ਮਾਰ ਵੀ ਦਿੱਤਾ ਗਿਆ ਹੈ। ਸੋ ਮਸਲਾ ਸਿਰਫ ਬਲਾਤਕਾਰੀਆਂ ਨੂੰ ਸਜ਼ਾ ਦੇਣ ਦਾ ਹੀ ਨਹੀਂ, ਸਗੋਂ ਇਸ ਤੋਂ ਕਿਤੇ ਭਿਆਨਕ ਹੋਵੇਗਾ, ਪੁਲਿਸ ਨੂੰ ਗੋਲੀ ਮਾਰਨ ਦੀ ਖੁੱਲ੍ਹੀ ਛੁੱਟੀ ਦੇ ਦੇਣਾ।

ਜਬਰਜਨਾਹ ਦੀਆਂ ਵਧ ਰਹੀਆਂ ਘਟਨਾਵਾਂ ਬਹੁਤ ਚਿੰਤਾਜਨਕ ਹਨ, ਪਰ ਇਸ ਦਾ ਇਹ ਮਤਲਬ ਨਹੀਂ ਕਿ ਦੇਸ਼ ਵਿਚ ਨਿਆਂ ਦੇ ਸਾਰੇ ਹੱਕ ਪੁਲਿਸ ਨੂੰ ਦੇ ਦਿੱਤੇ ਜਾਣ। ਭਾਰਤੀ ਪੁਲਿਸ ਤਾਂ ਵੈਸੇ ਵੀ ਆਪਣੇ ਦਾਨਵੀ ਕਿਰਦਾਰ ਕਰਕੇ ਦੁਨੀਆਂ ਵਿਚ ਬਦਨਾਮ ਹੈ। ਇਹ ਉਹੀ ਪੁਲਿਸ ਹੈ, ਜਿਸ ਨੇ ਇੰਦਰਾ ਗਾਂਧੀ ਦੇ ਕਤਲ ਪਿਛੋਂ ਦਿੱਲੀ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿਚ ਸਿੱਖਾਂ ਨੂੰ ਜਿਉਂਦੇ ਸਾੜਨ ਲਈ ਦੋਸ਼ੀਆਂ ਦੀ ਸ਼ਰੇਆਮ ਮਦਦ ਕੀਤੀ ਸੀ। ਭਾਰਤੀ ਨਿਆਂ ਪ੍ਰਣਾਲੀ ਨੇ ਦੋਸ਼ੀ ਪੁਲਿਸ ਵਾਲਿਆਂ ਤੇ ਕਾਂਗਰਸੀ ਸਿਆਸਤਦਾਨਾਂ ਖਿਲਾਫ ਬਣਦੀ ਕਾਰਵਾਈ ਨਹੀਂ ਕੀਤੀ ਅਤੇ ਇਨ੍ਹਾਂ ਮੁਕੱਦਮਿਆਂ ਨੂੰ ਦਹਾਕਿਆਂ ਬੱਧੀ ਲਮਕਾ ਦਿੱਤਾ ਤਾਂ ਕਿ ਗਵਾਹਾਂ ਤੇ ਹੋਰ ਲੋੜੀਂਦੇ ਸਬੂਤਾਂ ਨੂੰ ਖਤਮ ਕੀਤਾ ਜਾ ਸਕੇ।

ਭਾਰਤੀ ਅਮਨ ਕਾਨੂੰਨ ਸਬੰਧੀ ਮਾਮਲਾ ਸਿਰਫ ਰਿਸ਼ਵਤਖੋਰ, ਸਿਫਾਰਸ਼ੀ ਅਤੇ ਰਾਜ ਦਰਬਾਰ ਦੇ ਤਲੇ ਚੱਟਣ ਵਾਲੀ ਪੁਲਿਸ ਦਾ ਹੀ ਨਹੀਂ, ਸਗੋਂ ਇਸ ਤੋਂ ਵੀ ਗੰਭੀਰ ਮਸਲਾ ਸੁਸਤ ਨਿਆਂ ਪ੍ਰਣਾਲੀ ਦਾ ਹੈ। ਸੱਤ ਸਾਲ ਪਹਿਲਾਂ ਜਬਰਜਨਾਹ ਦੇ ਨਿਰਭਇਆ ਕਾਂਡ ਦਾ ਨਿਆਂ ਅੱਜ ਤਕ ਲਮਕਦਾ ਹੀ ਚਲਿਆ ਜਾ ਰਿਹਾ ਹੈ, ਪਰ ਜੇ ਪੁਲਿਸ ਨੂੰ ਨਿਆਂ ਕਰਨ ਦੇ ਹੱਕ ਦੇ ਦਿੱਤੇ ਗਏ ਤਾਂ ਰਿਸ਼ਵਤਖੋਰ ਅਤੇ ਰਾਜ ਦਰਬਾਰ ਦੇ ਤਲੇ ਚੱਟਣ ਵਾਲੀ ਪੁਲਿਸ ਕਿਸੇ ਵੀ ਮਾਸੂਮ ਨੂੰ ਗੋਲੀ ਦਾ ਨਿਸ਼ਾਨਾ ਬਣਾਉਣ ਲੱਗ ਪਏਗੀ ਅਤੇ ਜਿਹਨੂੰ ਮਰਜ਼ੀ ਬਰੀ ਵੀ ਕਰ ਦੇਵੇਗੀ। ਖਾਸ ਕਰਕੇ ਉਨ੍ਹਾਂ ਕੇਸਾਂ ਵਿਚ, ਜਿਥੇ ਦੋਸ਼ੀ ਜਾਂ ਦੋਸ਼ੀਆਂ ਦੇ ਸੰਪਰਕ ਰਾਜ ਭਾਗ ਨਾਲ ਜੁੜੇ ਹੋਏ ਹੋਣ ਅਤੇ ਪੀੜਤ ਘੱਟਗਿਣਤੀ ਨਾਲ ਜਾਂ ਦਲਿਤ ਸਮਾਜ ਨਾਲ ਸਬੰਧਤ ਹੋਣ। ਉਨਾਓ, ਯੂ.ਪੀ. ਵਿਚ ਕੇਸ ਭੁਗਤਣ ਜਾ ਰਹੀ ਜਬਰਜਨਾਹ ਪੀੜਤਾ ਨੂੰ ਦੋਸ਼ੀਆਂ ਵਲੋਂ ਜਿੰਦਾ ਸਾੜ ਦੇਣ ਅਤੇ ਬੰਗਲੂਰੂ ਵਿਚ 9 ਸਾਲ ਦੀ ਬੱਚੀ ਨਾਲ ਜਬਰਜਨਾਹ ਪਿਛੋਂ ਕਤਲ ਕਰ ਦੇਣ ਜਿਹੀਆਂ ਘਟਨਾਵਾਂ ਭਾਰਤ ਵਿਚ ਆਮ ਹਨ, ਪਰ ਅਮਨ ਕਾਨੂੰਨ ਦੇ ਰਾਖੇ ਸਿਆਸਤਦਾਨਾਂ ਦੇ ਸਿਰਾਂ 'ਤੇ ਜੂੰਅ ਨਹੀਂ ਸਰਕਦੀ, ਕਿਉਂਕਿ ਜੇ ਅਮਨ ਕਾਨੂੰਨ ਵਿਚ ਸੁਧਾਰ ਹੁੰਦਾ ਹੈ ਤਾਂ ਇਹ ਗੱਲ ਉਨ੍ਹਾਂ ਦੇ ਵਿਰੁਧ ਜਾਂਦੀ ਹੈ, ਜਿਨ੍ਹਾਂ ਨੇ ਕਿਸੇ ਨਾ ਕਿਸੇ ਬਹਾਨੇ ਘੱਟਗਿਣਤੀਆਂ ਨੂੰ ਨਿਸ਼ਾਨਾ ਬਣਾਉਣਾ ਹੁੰਦਾ ਹੈ। ਕਸ਼ਮੀਰ ਵਿਚ ਕਠੂਆ ਇਲਾਕੇ ਦੀ 7 ਸਾਲਾ ਬੱਚੀ ਦੇ ਬਲਾਤਕਾਰੀਆਂ ਨੂੰ ਭਾਰਤ ਦੀਆਂ ਫਾਸਟ ਟਰੈਕ ਅਦਾਲਤਾਂ ਨੇ ਅਜੇ ਤਕ ਸਜ਼ਾ ਨਹੀਂ ਦਿੱਤੀ।

ਜਦੋਂ ਕਸ਼ਮੀਰ ਵਿਚ ਧਾਰਾ 370 ਖਤਮ ਕੀਤੀ ਗਈ ਤਾਂ ਹਰਿਆਣਾ ਦੇ ਮੁਖ ਮੰਤਰੀ ਮਨੋਹਰ ਖੱਟਰ ਦਾ ਇਹ ਕਹਿਣਾ ਕਿ ਹੁਣ ਕਸ਼ਮੀਰ ਤੋਂ ਦੁਲਹਨਾਂ ਲਿਆਉਣ ਦੀ ਮੌਜ ਹੋ ਜਾਵੇਗੀ, ਵੀ ਮਨੁੱਖ ਦੇ ਹੈਵਾਨੀਅਤ ਦੇ ਕਿਰਦਾਰ ਨੂੰ ਹਵਾ ਦੇਣ ਦਾ ਹੀ ਕੋਝਾ ਰੂਪ ਸੀ। ਭਾਰਤ ਵਿਚ ਸਾਲ 2019 ਵਿਚ ਕਰੀਬ 35,000 ਬਲਾਤਕਾਰ ਦੇ ਕੇਸ ਪੁਲਿਸ ਦੇ ਰਿਕਾਰਡ ਵਿਚ ਆਏ ਦੱਸੇ ਜਾਂਦੇ ਹਨ, ਜਿਨ੍ਹਾਂ ਵਿਚ ਤੀਜਾ ਹਿੱਸਾ ਨਾਬਾਲਗ ਲੜਕੀਆਂ ਦੇ ਕੇਸ ਹਨ। ਸਾਲ 2018 ਨਾਲੋਂ ਇਨ੍ਹਾਂ ਕੇਸਾਂ ਵਿਚ 10% ਦਾ ਵਾਧਾ ਹੋਇਆ ਦੱਸਿਆ ਜਾਂਦਾ ਹੈ। ਇਨ੍ਹਾਂ ਵਿਚ ਉਨ੍ਹਾਂ ਕੇਸਾਂ ਦੀ ਗਿਣਤੀ ਸ਼ੁਮਾਰ ਨਹੀਂ ਹੈ, ਜੋ ਪੁਲਿਸ ਤਕ ਨਹੀਂ ਪਹੁੰਚੇ, ਕਿਉਂਕਿ ਭਾਰਤੀ ਸਮਾਜ ਵਿਚ ਖਾਨਦਾਨੀ ਮਾਣ ਮਰਿਆਦਾ ਲਈ ਬਹੁਤ ਕੁਝ ਅੰਦਰ ਹੀ ਅੰਦਰ ਦਬਾ ਦਿਤਾ ਜਾਂਦਾ ਹੈ। ਮਨੁੱਖੀ ਸੁਭਾਅ ਵਿਚ ਜਾਂਗਲੀ ਪ੍ਰਵਿਰਤੀਆਂ ਦੇ ਵਾਧੇ ਦੇ ਕਾਰਨ ਬਹੁਪੱਖੀ ਹਨ। ਅਜੋਕਾ ਸੋਸ਼ਲ ਮੀਡੀਆ, ਗੀਤ ਸੰਗੀਤ ਅਤੇ ਫਿਲਮੀ ਦੁਨੀਆਂ ਵੀ ਔਰਤ ਦੇ ਸਰੀਰ 'ਤੇ ਬੁਰੀ ਤਰ੍ਹਾਂ ਹਮਲਾਵਰ ਹਨ ਤੇ ਉਹ ਅਸ਼ਲੀਲਤਾ ਦੀ ਮੰਡੀ ਨੂੰ ਖੁਲ੍ਹਮ ਖੁਲ੍ਹੀ ਹਵਾ ਦੇ ਰਹੇ ਹਨ।

ਪ੍ਰੇਮ ਅਤੇ ਕਾਮ ਦੇ ਅੰਤਰ ਦੀ ਗੱਲ ਕਰਦਿਆਂ ਓਸ਼ੋ ਰਜਨੀਸ਼ ਨੇ ਇੱਕ ਥਾਂ ਲਿਖਿਆ ਹੈ ਕਿ ਪ੍ਰੇਮ ਵਿਚ ਦੂਜੇ ਦਾ ਹਿੱਤ ਪਹਿਲਾਂ ਹੁੰਦਾ ਹੈ, ਜਦ ਕਿ ਕਾਮ ਚੇਸ਼ਟਾ ਵਿਚ ਆਪਣਾ ਹਿੱਤ ਪਹਿਲਾਂ ਹੁੰਦਾ ਹੈ। ਇਸੇ ਤਰ੍ਹਾਂ ਇੱਕ ਹੋਰ ਚਿੰਤਕ ਦੇ ਵਿਚਾਰ ਹਨ ਕਿ ਅਸੀਂ ਆਪਣੀਆਂ ਗਿਆਨ ਇੰਦਰੀਆਂ ਦੀ ਬੇਹੋਸ਼ੀ ਕਰਕੇ ਭੋਗੀ ਅਤੇ ਰੋਗੀ ਹੁੰਦੇ ਜਾ ਰਹੇ ਹਾਂ। ਜੇ ਗੱਲ ਵਿਸ਼ਵ ਪੱਧਰ 'ਤੇ ਕਰਨੀ ਹੋਵੇ ਤਾਂ ਅਜੋਕੇ ਮਨੁੱਖ ਦੀ ਇਹ ਬੜੀ ਵੱਡੀ ਪੀੜਾ ਹੈ ਕਿ ਬਿਖੇ ਰਸਾਂ ਨੇ ਉਸ ਦਾ ਜੀਵਨ ਜਿਉਣ ਜੋਗਾ ਨਹੀਂ ਰਹਿਣ ਦਿੱਤਾ, ਪਰ ਤਾਂ ਵੀ ਮਨੁੱਖ ਉਸ ਪਾਸੇ ਵਲ ਮੁੜਨ ਲਈ ਤਿਆਰ ਨਹੀਂ, ਜਿਥੋਂ ਉਸ ਦੀ ਮਾਨਸਿਕਤਾ ਨੂੰ ਪਾਵਨ, ਪਵਿੱਤਰ ਅਤੇ ਰੱਬੀ ਅਰਥ ਮਿਲਣੇ ਹਨ।

ਭਾਰਤ ਵਿਚ ਧਰਮ ਕਰਮ ਦੇ ਨਾਂ 'ਤੇ ਚਲਦੇ ਡੇਰਿਆਂ ਵਿਚ ਜਬਰਜਨਾਹ ਜਿਹੇ ਅਪਰਾਧ ਹੋ ਰਹੇ ਹਨ। ਆਸਾ ਰਾਮ ਅਤੇ ਗੁਰਮੀਤ ਰਾਮ ਰਹੀਮ ਜਿਹੇ ਸਾਧੂ (ਸਵਾਦੂ) ਅੱਜ ਇਸੇ ਦੋਸ਼ ਵਿਚ ਸਲਾਖਾਂ ਪਿੱਛੇ ਹਨ, ਪਰ ਕਿੰਨੇ ਕੁ ਹੋਰ ਡੇਰਿਆਂ ਵਿਚ ਢਕੀ ਰਿੱਝ ਰਹੀ ਹੈ, ਕੁਝ ਪਤਾ ਨਹੀਂ। ਮੁਸ਼ਕਿਲ ਹੈ ਕਿ ਅਪਰਾਧ ਦੀ ਇਸ ਦੁਨੀਆਂ ਵਿਚ ਪੁਲਿਸ ਅਤੇ ਰਾਜਨੀਤੀ ਦੀ ਵੀ ਮਿਲੀ ਭੁਗਤ ਹੈ। ਆਸਾ ਰਾਮ ਅਤੇ ਗੁਰਮੀਤ ਰਾਮ ਰਹੀਮ ਦੇ ਡੇਰਿਆਂ 'ਤੇ ਬਾਦਲ ਅਤੇ ਮੋਦੀ ਚੌਕੀਆਂ ਭਰਦੇ ਰਹੇ ਹਨ। ਸੋ, ਇਹ ਮਾਮਲਾ ਸਿਰਫ ਪੁਲਿਸ ਪੜਤਾਲ ਜਾਂ ਨਿਆਂ ਪਾਲਿਕਾ ਤਕ ਹੀ ਸੀਮਤ ਨਹੀਂ ਹੈ।

**- ਕੁਲਵੰਤ ਸਿੰਘ ਢੇਸੀ**

# ਭਾਬਾ ਸੋਹਨ ਸਿੰਘ ਭਕਨਾ ਦੀ 150 ਵੀਂ ਜਨਮ ਸ਼ਤਾਬਦੀ ਨੂੰ ਅਰਪਿਤ

ਪਰ ਸਿੱਖ ਕੈਦੀਆਂ ਨੇ ਇਹ ਟੋਪੀ ਪਾਉਣ ਤੋਂ ਇਨਕਾਰ ਕਰ ਦਿੱਤਾ। ਸਿੱਖ ਕੈਦੀਆਂ ਦੀ ਵਧਦੀ ਐਜੀਟੇਸ਼ਨ ਨੂੰ ਦੇਖ ਕੇ ਸਰਕਾਰ ਨੇ ਪਗੜੀ ਦੇਕੇ, ਬਗੈਰ ਕੁਝ ਦੱਸਿਆਂ, ਬਾਬਾ ਜੀ ਨੂੰ ਕਾਲੇ ਪਾਣੀ ਦੀ ਸੁਲੋਲਰ ਜੇਲ੍ਹ ਭੇਜ ਦਿੱਤਾ।

**ਕਾਲੇਪਾਣੀ ਦੀ ਜੇਲ੍ਹ: ਬੁੱਚੜਖਾਨਾ**

ਉਥੋਂ ਦੇ ਜੇਲਰ ਤੇ ਜੇਲ੍ਹ ਸੁਪਨਟੈਂਡਿੰਟ ਬੜੇ ਕੁਰੱਖਤ ਸਨ। ਉਹ ਨਵੇਂ ਆਏ ਕੈਦੀਆਂ ਤੋਂ ਕੁਝ ਹਫਤਿਆਂ ਤੱਕ ਕੋਹਲੂ ਨਾਲ ੩੦ ਪੌਂਡ ਤੇਲ ਕਢਾਉਂਣ ਦਾ ਕੰਮ ਲੈਂਦੇ ਸਨ। ਜੇ ਇਕ ਪੌਂਡ ਤੇਲ ਘੱਟ ਜਾਵੇ ਤਾਂ ੩੦ ਬੈਂਤਾਂ ਦੀ ਸਜ਼ਾ ਮਿਲਦੀ ਸੀ। ਕਈ ਕੈਦੀ ਇਸ ਕਰੜੇ ਕੰਮ ਅਤੇ ਸਖ਼ਤ ਸਜ਼ਾ ਕਰਕੇ ਆਤਮ ਹੱਤਿਆ ਵੀ ਕਰ ਲੈਂਦੇ ਸਨ।ਸਾਰੇ ਸਾਥੀਆਂ ਨੇ ਇਸ ਅਣਮਨੁੱਖੀ ਸਜ਼ਾਵਾਂ ਤੇ ਵਿਚਾਰ ਕੀਤਾ ਅਤੇ ਫੈਸਲਾ ਲਿਆ ਕਿ ਮੁਸ਼ੱਕਤ ਤਾਂ ਕੀਤੀ ਜਾਵੇ ਪਰ ਕੋਹਲੂ ਵਾਲਾ ਕੰਮ ਨਾ ਕੀਤਾ ਜਾਵੇ। ਨਾਲ ਇਹ ਵੀ ਫੈਸਲਾ ਲਿਆ ਕਿ ਕਿਸੇ ਵੀ ਜੇਲ੍ਹ ਦੇ ਅਧਿਕਾਰੀ ਦੀ ਬੇਇਜ਼ਤੀ ਨਾਂ ਕੀਤੀ ਜਾਵੇ। ਪਰ ਜੇ ਜੇਲ੍ਹ ਵਾਲੇ ਬੇਇਨਸਾਫੀ ਕਰਨ ਤਾਂ ਇੱਟ ਦਾ ਜਵਾਬ ਪੱਥਰ ਨਾਲ ਦਿੱਤਾ ਜਾਵੇ।ਜੇਲ੍ਹ ਅਧਿਕਾਰੀਆਂ ਨੂੰ ਇਸ ਫੈਸਲੇ ਦਾ ਪਤਾ ਲੱਗ ਗਿਆ; ਉਨ੍ਹਾਂ ਤੇਲ ਕੱਢਣ ਦੀ ਥਾਂ ਪਾਣੀ ਨਾਲ ਤਰ ਕੀਤਿਆਂ ਬਗੈਰ ਸੁੱਕਾ ਛਿਲਕਾ (ਮੁੰਜ) ਕੁੱਟਣ ਲਈ ਦੇ ਦਿੱਤਾ ਜਿਸ ਵਿਚੋਂ ਤਾਰਾਂ ਕੱਢ ਕੇ ਵਾਣ ਵੱਟਿਆ ਜਾਂਦਾ ਸੀ।ਆਮ ਕਰਕੇ ਹਰਾ ਛਿਲਕਾ ਦਿੱਤ ਜਾਂਦਾ ਸੀ ਪਰ ਜਾਣਬੁਝ ਕੇ ਇਹ ਸਖ਼ਤ ਮੁਸ਼ੱਕਤ ਲਾਈ ਗਈ। ਜੇ ਕੋਈ ਸੁੱਕਾ ਛਿਲਕਾ ਨਾ ਕੁੱਟ ਸਕਦਾ ਤਾਂ ਜੇਲਰ ਦਫ਼ਤਰ ਵਿਚ ਸੱਦ ਕੇ ਸਖ਼ਤ ਸਜ਼ਾ ਦਿੰਦਾ ਸੀ। ਜੇਲ੍ਹ ਵਿਚ ਕਈ ਦਰਦਨਾਕ ਵਾਕਿਆਤ ਹੋਏ ਜਿਨ੍ਹਾਂ ਦਾ ਬਾਬਾ ਜੀ ਅਤੇ ਕੁਝ ਹੋਰ ਸਾਥੀਆਂ ਨੇ ਕਰੜਾ ਵਿਰੋਧ ਕੀਤਾ। ਇਹਨਾਂ ਦਾ ਜ਼ਿਕਰ ਉਨ੍ਹਾਂ ਦੀਆਂ ਲਿਖਤਾਂ ਵਿਚ ਮਿਲਦਾ ਹੈ।

ਕਾਲੇਪਾਣੀ ਦੀ ਜੇਲ੍ਹ ਵਿਚ ਗਦਰੀ ਬਾਬੇ ਜ਼ੁਲਮ ਅੱਗੇ ਝੁਕੇ ਨਹੀਂ, ਆਖਿਰ ਨੂੰ ਉਨ੍ਹਾਂ ਨੂੰ ਵਾਪਸ ਹਿੰਦੋਸਤਾਨ ਲਿਆਂਦਾ ਗਿਆ। ਬਾਬਾ ਭਕਨਾ ਨੂੰ ਕੁਇੰਬਾਟੋਰ ਜੇਲ੍ਹ ਵਿਚ ਭੇਜ ਦਿੱਤਾ ਗਿਆ। ਏਥੇ ਮੋਪਲਾ ਕੈਦੀਆਂ ਨੂੰ ਵੀ ਲਿਆਂਦਾ ਗਿਆ ਜਿਨ੍ਹਾਂ 'ਤੇ ਬਹੁਤ ਦਰਦੀਲੇ ਅਤਿਆਚਾਰ ਕੀਤੇ ਗਏ, ਏਥੋਂ ਤੱਕ ਕਿ ਬੱਚਿਆਂ ਨੂੰ ਵੀ ਕੋਠੜੀ ਵਿਚ ਬੰਦ ਕਰ ਦਿੱਤਾ ਗਿਆ ਅਤੇ ਖਾਣ ਲਈ ਕੇਵਲ ਚੌਲਾਂ ਦੀ ਪਿੱਛ ਦਿੱਤੀ ਗਈ । ਬਾਬਾ ਜੀ ਨੇ ਹੋਰਨਾਂ ਨਾਲ ਰਲ ਕੇ ਬੱਚਿਆਂ ਨੂੰ ਚੋਰੀ ਰੋਟੀ ਪਾਣੀ ਪਹੁੰਚਾਉਣਾ ਸ਼ੁਰੂ ਕਰ ਦਿੱਤਾ। ਪੰਜ ਛੇ ਦਿਨ ਤਾਂ ਜੇਲ੍ਹ ਵਾਲਿਆਂ ਨੂੰ ਪਤਾ ਨਾ ਲੱਗਿਆ, ਆਖਿਰ ਨੂੰ ਬਾਬਾ ਜੀ ਤੇ ਉਨ੍ਹਾਂ ਦੇ ਸਾਥੀ ਫੜੇ ਗਏ। ਬਾਬਾ ਜੀ ਨੂੰ ਪੂਨਾ ਦੀ ਯਰਵਦਾ ਜਿਹਲ ਵਿਚ ਭੇਜ ਦਿੱਤਾ। ਜਦ ਉਹ ਏਥੇ ਪਹੁੰਚੇ ਤਾਂ ਉਨ੍ਹਾਂ ਨੂੰ ਵੀ ਹੋਰ ਕੈਦੀਆਂ ਵਾਂਗ ਪਗੜੀ ਦੀ ਥਾਂ ਟੋਪੀ ਪਹਿਨਣ ਲਈ ਦਿੱਤੀ ਗਈ ਅਤੇ ਕੱਛੇ ਉਤਾਰ ਕੇ ਜੇਲ੍ਹ ਦੇ ਕਛਹਿਰੇ ਪਾਉਣ ਲਈ ਕਿਹਾ ਗਿਆ। ਬਾਬਾ ਜੀ ਤੇ ਸਾਥੀਆਂ ਨੇ ਜੇਲ੍ਹ ਅਧਿਕਾਰੀਆਂ ਨੂੰ ਕਿਹਾ ਕਿ ਪਗੜੀ ਸਿੱਖਾਂ ਦੀ ਦਸਤਾਰ ਹੈ ਅਤੇ ਪੰਜਾਬ ਗੌਰਮਿੰਟ ਤੋਂ ਕੈਦੀਆਂ ਲਈ ਮਨਜ਼ੂਰਸ਼ੁਦਾ ਹੈ, ਅਸੀਂ ਟੋਪੀ ਨਹੀਂ ਪਹਿਨਾਂਗੇ।ਪਰ ਉਨ੍ਹਾਂ ਦੇ ਕੱਪੜੇ ਜ਼ਬਰਦਸਤੀ ਉਤਾਰ ਲਏ ਗਏ ਅਤੇ ਬਾਬਾ ਜੀ ਨੇ ਆਪਣੇ ਦੁਆਲੇ ਕੰਬਲ ਲਪੇਟ ਲਿਆ ਪਰ ਜੇਲ੍ਹ ਦੇ ਕਪੜੇ ਨਹੀਂ ਪਹਿਨੇ। ਹੋਰ ਹਿੰਦੂ ਅਤੇ ਮੁਸਲਮ ਕੈਦੀਆਂ ਨੇ ਬਾਬਾ ਜੀ ਦਾ ਸਾਥ ਦਿੱਤਾ ਅਤੇ ਇਕ ਮੁੱਠ ਹੋਕੇ ਧਰਮ ਨਾਲੋਂ ਅਸੂਲੀ ਦ੍ਰਿੜਤਾ ਨੂੰ ਅਪਨਾਉਣ ਦਾ ਸਬੂਤ ਦਿੱਤਾ। ਇਕ ਮਹੀਨੇ ਤੱਕ ਭੁੱਖ ਚਲਦੀ ਰਹੀ, ਜੇਲ੍ਹ ਅਧਿਕਾਰੀਆਂ ਨੇ ਜ਼ਬਰਦਸਤੀ ਨੱਕ ਰਾਹੀਂ ਦੁਧ ਵਗੈਰਾ ਦੇਣ ਦਾ ਹੀਲਾ ਵੀ ਨਾ ਕੀਤਾ, ਜਿਵੇਂਕਿ ਆਮ ਕੀਤਾ ਜਾਂਦਾ ਸੀ। ਕੇਵਲ ਇਕ ਪਾਣੀ ਦਾ ਘੜਾ ਭਰ ਕੇ ਕੋਠੜੀ ਵਿਚ ਰੱਖ ਜਾਂਦੇ। ਭੁਖ ਹੜਤਾਲ ਚਲ ਰਹੀ ਸੀ ਕਿ ਇਕ ਪੰਜਾਬੀ ਸਿੱਖ ਸਿਪਾਹੀ ਨੇ 'ਸ਼੍ਰੋਮਣੀ ਗੁਰਦੁਆਰਾ ਕਮੇਟੀ' ਨੂੰ ਖ਼ਬਰ ਕਰ ਦਿੱਤੀ। ਕਮੇਟੀ ਪੰਜਾਬ ਦੇ ਗਵਰਨਰ ਨੂੰ ਮਿਲੀ ਤੇ ▲ਸ ਨੇ ਬੰਬਈ ਸਰਕਾਰ ਨੂੰ ਲਿਖ ਕੇ ਸਿੱਖ ਕੈਦੀਆਂ ਲਈ ਪਗੜੀ 'ਤੇ ਕਛਹਿਰੇ ਮਨਜ਼ੂਰ ਕਰਾ ਦਿੱਤੇ। ਇਸ ਤਰ੍ਹਾਂ ਇਕ ਮਹੀਨੇ ਪਿੱਛੋਂ ਭੁੱਖ ਹੜਤਾਲ ਖਤਮ ਹੋਈ। ਉਨ੍ਹਾਂ ਦਿਨਾਂ ਵਿਚ ਅੰਡੇਮਾਨ ਜੇਲ੍ਹ ਦਾ ਸੁਪਰਿਨਟੈਂਡਿੰਟ, ਸੂਬਾ, ਬੰਬਈ ਦਾ ਆਈ.ਜੀ. ਬਣ ਕੇ ਜੇਲ੍ਹ ਦਾ ਮੁਆਇਨਾ ਕਰਨ ਆਇਆ। ਬਾਬਾ ਭਕਨਾ ਤੇ ਇਕ ਹੋਰ ਗਦਰੀ ਬਾਬੇ ਨੂੰ ਪਹਿਚਾਣ ਕੇ ਉਸ ਨੂੰ ਕੁਝ ਸ਼ਰਮਿੰਦਗੀ ਮਹਿਸੂਸ ਹੋਈ ਕਿ ਇਨ੍ਹਾਂ ਲੋਕਾਂ ਨਾਲ ਕਿੰਨੀ ਜ਼ਿਆਦਤੀ ਹੋਈ ਹੈ। ਉਸ ਨੇ ਬੜੀ ਨਰਮੀ ਨਾਲ ਗਲਬਾਤ ਕੀਤੀ ਅਤੇ ਬਾਬਾ ਜੀ ਤੇ ਹੋਰ ਸਾਥੀਆਂ ਦੀ ਸਿਹਤ ਵਲ ਦੇਖ ਕੇ ਉਨ੍ਹਾਂ ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਭੇਜ ਦਿੱਤਾ। ਉਥੇ ਪਹੁੰਚ ਕੇ ਬਾਬਾ ਜੀ ਨੇ ਆਪਣੇ ਸਾਥੀਆਂ ਦੀ ਸ਼ਹੀਦੀ (ਫਾਂਸੀ ਵਾਲੀ ਜਗ੍ਹਾ) ਦੀ ਜਗਾਹ ਤੇ ਸ਼ਰਧਾ ਦੇ ਫੁੱਲ ਭੇਂਟ ਕੀਤੇ।ਕੁੱਝ ਦਿਨਾਂ ਬਾਅਦ ਉਥੋਂ ਤਬਦੀਲ ਕਰਕੇ ਬਾਬਾ ਭਕਨਾ ਜੀ ਨੂੰ ਬੋਸਟਲ ਜੇਲ੍ਹ ਵਿਚ ਭੇਜ ਦਿੱਤਾ ਜਿੱਥੇ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਮੁਕੱਦਮਾ ਚਲਾਉਣ ਲਈ ਪਹਿਲਾਂ ਹੀ ਬੰਦ ਕਰ ਰੱਖਿਆ ਸੀ।

**ਸ਼ਹੀਦ ਭਗਤ ਸਿੰਘ ਨਾਲ ਮਿਲਣੀ**

ਬੋਸਟਲ ਜਿਹਲ ਵਿਚ ਇਕ ਦਿਨ ਬਾਬਾ ਜੀ ਨੇ ਭਗਤ ਸਿੰਘ ਨੂੰ ਪੁੱਛਿਆ ਕਿ, "ਤੂੰ ਅਜੇ ਨੌਜਵਾਨ ਸੀ ਤੇ ਪੜ੍ਹਿਆ ਲਿਖਿਆ ਵੀ ਤੇਰੀ ਖਾਣ ਪੀਣ ਤੇ ਐਸ਼ ਕਰਨ ਦੀ ਉਮਰ ਸੀ ਤੂੰ ਇਧਰ ਕਿਵੇਂ ਫਸ ਗਿਆ ? ਭਗਤ ਸਿੰਘ ਨੇ ਹੱਸ ਕੇ ਉੱਤਰ ਦਿੱਤਾ, "ਇਹ ਮੇਰਾ ਕਸੂਰ ਨਹੀਂ ਤੁਹਾਡਾ ਤੇ ਤੁਹਾਡੇ ਸਾਥੀਆਂ ਦਾ ਹੈ" ।ਮੈਂ ਕਿਹਾ ਸਾਡਾ ਕਿਸ ਤਰ੍ਹਾਂ ? ਭਗਤ ਸਿੰਘ ਨੇ ਕਿਹਾ, "ਜੇ ਕਰਤਾਰ ਸਿੰਘ ਸਰਾਭਾ ਤੇ ਉਨ੍ਹਾਂ ਦੇ ਦੂਸਰੇ ਸਾਥੀ ਹੱਸ ਹੱਸ ਕੇ ਫਾਂਸੀਆਂ ਤੇ ਨਾ ਲਟਕਦੇ ਤੇ ਤੁਸੀਂ ਸਾਰੇ ਅੰਡੇਮਾਨ ਜਹੇ ਕੁੰਭੀ ਨਰਕ ਵਿਚ ਪੈ ਕੇ ਸਾਬਤ ਨਾ ਨਿਕਲਦੇ ਤਾਂ ਸ਼ਾਇਦ ਮੈਂ ਵੀ ਇਧਰ ਨਾ ਆਉਂਦਾ" ।ਬਾਬਾ ਜੀ ਜਦ ਭਗਤ ਸਿੰਘ ਨੂੰ ਮਿਲਦੇ ਤਾਂ ਦਿਲੋਂ ਮਹਿਸੂਸ ਕਰਦੇ ਕਿ ਭਗਤ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਕੇਵਲ ਦੋ ਮੂਰਤੀਆਂ ਹੀ ਸਨ ਪਰ ਉਨ੍ਹਾਂ ਦੇ ਗੁਣ ਅਤੇ ਉਦੇਸ਼ ਇਕੋ ਹੀ ਸਨ, 'ਏਕ ਜੋਤ ਦੋਏ ਮੂਰਿਤਿ' ਵਾਲੀ ਗੱਲ ਸੀ।

**ਜੇਲ੍ਹ ਤੋਂ ਰਿਹਾਈ**

ਜਦ ਬਾਬਾ ਭਕਨਾ ਜੀ ਦੀ ਪੂਰੇ ਸੋਲਾਂ ਸਾਲ ਜੇਲ੍ਹ ਕੱਟਣ ਤੋਂ ਬਾਅਦ ਰਿਹਾਈ ਹੋਈ ਤਾਂ ਸਰਕਾਰ ਨੇ ਸ਼ਰਤ ਲਾ ਦਿੱਤੀ ਕਿ ਉਨ੍ਹਾਂ ਨੂੰ ਹਰ ਮਹੀਨੇ ਪੁਲਿਸ ਸਾਹਮਣੇ ਪੇਸ਼ ਹੋਣਾ ਪਵੇਗਾ। ਬਾਬਾ ਜੀ ਨੇ ਇਹ ਸ਼ਰਤ ਮੰਨਣ ਤੋਂ ਸਾਫ ਨਾਂਹ ਕਰ ਦਿੱਤੀ ਅਤੇ ਭੁੱਖ ਹੜਤਾਲ ਕਰ ਦਿੱਤੀ। ਬਾਬਾ ਜੀ ਦੀ ਸਿਹਤ ਤੋਂ ਘਬਰਾ ਕੇ ਅਗਲੇ ਦਿਨ ਪੰਜਾਬ ਦੇ ਹੋਮ ਸੈਕਟਰੀ ਨੇ ਅਖ਼ਬਾਰ "ਸ਼ੇਰੇ ਪੰਜਾਬ" ਦੇ ਐਡੀਟਰ ਸਰਦਾਰ ਅਮਰ ਸਿੰਘ ਨੂੰ ਸਰਦਾਰ ਵਿਸਾਖਾ ਸਿੰਘ ਕੋਲ ਭੇਜਿਆ। ਉਹ ਸਰਦਾਰ ਖੜਕ ਸਿੰਘ ਨੂੰ ਨਾਲ ਲੈ ਕੇ ਹਸਪਤਾਲ ਆਏ ਅਤੇ ਕਿਹਾ ਕਿ ਸਰਕਾਰ ਮੰਨ ਗਈ ਹੈ ਅਤੇ ਅਸੀਂ ਅਕਾਲ ਤਖ਼ਤ ਤੋਂ ਹੁਕਮ ਲੈਕੇ ਆਏ ਹਾਂ ਕਿ ਭੁੱਖ ਹੜਤਾਲ ਛੱਡ ਦਿੱਤੀ ਜਾਵੇ। ਇਸ ਹੁਕਮ ਅਧੀਨ ਬਾਬਾ ਭਕਨਾ ਜੀ ਨੇ ਭੁੱਖ ਹੜਤਾਲ ਤੋੜੀ।

**ਘਰ ਵਾਪਸੀ ਅਤੇ ਭਲਾਈ ਦਾ ਕੰਮ**

ਤੇਈ ਸਾਲ ਦੇ ਲੰਮੇ ਅਰਸੇ ਤੋਂ ਬਾਅਦ ਬਾਬਾ ਭਕਨਾ ਜੀ ਜਦ ਪਿੰਡ ਮੁੜੇ ਤਾਂ ਘਰ ਦਾ ਰਾਹ ਭੁੱਲ ਗਏ।ਉਹ ਲਿਖਦੇ ਹਨ ਕਿ, "ਮੈਂ ਆਪਣੇ ਘਰ ਨੂੰ ਜਾਂਦੀ ਗਲੀ ਨਾ ਪਛਾਣ ਸਕਿਆ ਤੇ ਰਸਤਾ ਭੁੱਲ ਗਿਆ। ਲਾਗੇ ਪਿੰਡ ਵਾਲਿਆ ਰਸਤਾ ਦੱਸਿਆ ਤਾਂ ਮੈਂ ਘਰ ਪਹੁੰਚ ਗਿਆ। ਮਕਾਨ ਮਿੱਟੀ ਦਾ ਢੇਰ ਬਣ ਚੁਕਿਆ ਸੀ। ਸਿਰਫ ਇਕ ਕੋਠੜੀ ਬਚੀ ਸੀ, ਜਿਸ ਨੂੰ ਮੇਰੀ ਰਿਹਾਈ ਦੀ ਖ਼ਬਰ ਸੁਣ ਕੇ ਮੇਰੀ ਪਤਨੀ ਨੇ ਇਕ-ਦੋ ਦਿਨ ਪਹਿਲਾਂ ਆ ਕੇ ਖੋਲ੍ਹ ਲਿਆ ਸੀ। ਮੈਨੂੰ ਬਹੁਤ ਹੀ ਪਿਆਰ ਕਰਨ ਵਾਲੀ ਧਰਮ-ਮਾਂ ਅਤੇ ਮੇਰੀ ਮਾਂ, ਦੋਵੇਂ ਮੈਨੂੰ ਚੇਤੇ ਕਰਦੀਆ-ਕਰਦੀਆਂ ਇਸ ਦੁਨੀਆ ਤੋਂ ਰੁਕਸੱਤ ਹੋ ਚੁਕੀਆਂ ਸਨ" ।

ਇਸ ਤਰ੍ਹਾ ਦੀ ਸਥਿਤੀ ਨੂੰ ਬਿਆਨ ਕਰਦੀ ਮੇਰੀ ਇਕ ਨਜ਼ਮ ਦੇ ਤਿੰਨ ਬੰਦ ਹਾਜ਼ਰ ਹਨ:

ਆਪਣੇ ਪਿੰਡ ਪਰਾਇਆਂ ਵਾਂਗੂੰ, ਪੁੱਛਿਆ ਆਪਣੇ ਘਰ ਦਾ ਰਾਹ।
ਕੀਦਸਦੇਜੋਲੱਭ ਰਹੇਸਨਆਪਣੇਆਪਣੇਘਰਦਾਰਾਹ।
ਬੁੱਤਾਂ ਵਾਂਗੂੰ ਝਾਕ ਰਹੀ ਸੀ, ਰੌਣਕ ਪਿੰਡ ਦੀਆਂ ਗਲੀਆਂ ਦੀ।
ਮਲਬੇ ਹੇਠੋਂ ਕਿੱਦਾਂ ਮਿਲਦਾ ਸੁਥੇ ਸੱਖਣੇ ਘਰ ਦਾ ਰਾਹ।
ਖੁਰਚੁੱਕਿਆਸੀਥਾਂ-ਥਾਂਉੱਤੋਂ,ਮੈਲੇਦੀਆਂਘਰਾਲਾਂਨਾਲ।
ਹਾਰ-ਹੁੱਟਕੇਆਖ਼ਿਰਮਿਲਿਆ,ਜਦੋਂਮਲਕੜੇਘਰਦਾਰਾਹ।

ਭਾਬਾ ਭਕਨਾ ਜੀ ਪਾਸ ੬੫ ਏਕੜ ਜੱਦੀ ਜ਼ਮੀਨ ਸੀ। ਜਦ ਉਹ ਵਾਪਸ ਘਰ ਮੁੜੇ ਤਾਂ ਕੇਵਲ ੨੨ ਏਕੜ ਰਹਿ ਗਈ ਸੀ।ਬਚੀ ਹੋਈ ਜ਼ਮੀਨ ਵਿਚੋਂ ਕੁਝ ਜ਼ਮੀਨ ਵਿਚ ਕੁੜੀਆਂ ਦਾ ਸਕੂਲ ਖੋਲ੍ਹ ਦਿੱਤਾ ਅਤੇ ਕੁਝ ਵਿਚ "ਕਿਰਤੀ ਕਿਸਾਨ ਆਸ਼ਰਮ" ਬਣਵਾ ਦਿੱਤਾ। ਆਸ਼ਰਮ ਦਾ ਟੀਚਾ ਸੀ ਕਿ ਇਸ ਵਿਚ ਦੇਸ਼ ਭਗਤਾਂ ਦੇ ਬੱਚੇ ਪੜ੍ਹਨ ਅਤੇ ਨਾਲ ਹੀ ਕੋਈ ਕੰਮ ਸਿੱਖਣ। ਇਹ ਆਸ਼ਰਮ ਕੁਝ ਦੇਰ ਚੱਲਿਆ। ਜਦ ਬਾਬਾ ਜੀ ਨੂੰ ਦੂਜੀ ਜੰਗ ਲੱਗਣ ਉਪਰੰਤ ਤਿੰਨ ਸਾਲ ਲਈ ਨਜ਼ਰ ਬੰਦ ਕਰ ਦਿੱਤਾ ਗਿਆ ਤਾਂ ਉਹ ਆਪਣਾ ਸਮਾ ਨਾ ਦੇ ਸਕੇ ਤੇ ਆਸ਼ਰਮ ਬੰਦ ਹੋ ਗਿਆ। ਬਾਕੀ ਦੀ ਜ਼ਮੀਨ ਪਿੰਡ ਦੇ ਸਕੂਲ ਲਈ ਦੇ ਦਿੱਤੀ।

**ਆਜ਼ਾਦ ਹਿੰਦੋਸਤਾਨ ਦੀ ਦੇਣ !**

ਅਗਸਤ 15, 1947 ਨੂੰ ਹਿੰਦੋਸਤਾਨ ਆਜ਼ਾਦ ਹੋ ਗਿਆ, ਅੰਗ੍ਰੇਜ਼ਾਂ ਨੇ ਮਜ਼ਬੀ ਜਨੂੰਨ ਨੂੰ ਭੜਕਾ ਕੇ ਹਿੰਦੂ ਅਤੇ ਮੁਸਲਮਾਨਾਂ ਦੇ ਖ਼ੂਨ ਦੀਆਂ ਨਦੀਆਂ ਵਹਾਈਆਂ। ਦੋਹਾਂ ਪਾਸਿਆਂ ਦੇ ਫਿਰਕੂਆਂ ਨੇ ਬੱਚਾ, ਬੁੱਢਾ ਅਤੇ ਇਸਤਰੀਆਂ ਦਾ ਸ਼ਰੇਆਮ ਕਤਲ ਕਰਕੇ ਮੌਤ ਦਾ ਤਾਂਡਵ ਨੱਚਿਆ। ਕਹਿਣ ਨੂੰ ਤਾਂ ਹਿੰਦੋਸਤਾਨ ਅਤੇ ਪਾਕਿਸਤਾਨ ਆਜ਼ਾਦ ਹੋ ਗਏ ਪਰ ਸਦਾ ਵਾਸਤੇ ਭਰਾ, ਭਰਾ ਦਾ ਵੈਰੀ ਹੋ ਗਿਆ। ਏਥੋਂ ਤੱਕ ਕਿ ਆਜ਼ਾਦੀ ਨੇ ਦੇਸ਼ ਭਗਤਾਂ ਦਾ ਬਣਦਾ ਰਿਣ ਤਾਂ ਕੀ ਚਕਾਉਣਾ ਸੀ ਸਗੋਂ ਪੁਲਸ ਨੇ ਵਗੈਰ ਕਿਸੇ ਠੋਸ ਵਜ੍ਹਾ ਦੇ, ਬਾਬਾ ਜੀ ਨੂੰ ਗ੍ਰਿਫਤਾਰ ਕਰ ਲਿਆ ਅਤੇ ਯੋਲ ਕੈਂਪ ਵਿਚ ਭੇਜ ਦਿੱਤਾ। ਏਥੇ ਅਫਸਰਾਂ ਦਾ ਵਰਤਾਉ ਅਤੇ ਰੋਟੀ ਦਾ ਇੰਤਜ਼ਾਮ ਅੰਗਰੇਜ਼ਾਂ ਨਾਲੋਂ ਵੀ ਨਿਕੰਮਾ ਸੀ। ਰੁੱਖਾ ਤੇ ਸਖਤ ਵਤੀਰਾ ਦੇਖ ਕੇ ਸਾਰੇ ਸਾਥੀਆਂ ਨੇ ਭੁੱਖ ਹਵਤਾਲ ਕਰ ਦਿੱਤੀ ਜੋ ੨੭-੨੮ ਦਿਨ ਚੱਲੀ। ਜਦ ਸੰਤ ਵਿਸਾਖਾ ਸਿੰਘ, ਪ੍ਰਧਾਨ ਦੇਸ਼ ਭਗਤ ਪ੍ਰਵਾਰ, ਨੇ ਜਵਾਹਰ ਲਾਲ ਨਹਿਰੂ ਨੂੰ ਦੱਸਿਆ ਕਿ ਬਾਬਾ ਭਕਨਾ ਖਾਮੁਖਾ ਜੇਲ੍ਹ ਵਿਚ ਡੱਕ ਦਿੱਤੇ ਗਏ ਹਨ ਤਾਂ ਨਹਿਰੂ ਨੇ ਕਿਹਾ ਕਿ, 'ਮੈਨੂੰ ਇਸ ਗੱਲ ਦੀ ਕੋਈ ਖਬਰ ਨਹੀਂ'। ਉਨ੍ਹਾਂ ਦੇ ਕਹਿਣ 'ਤੇ ਆਖਿਰ ਨੂੰ ਰਿਹਾਈ ਹੋ ਗਈ। ਅੰਗਰੇਜ਼ਾਂ ਵੇਲੇ ਛੇ ਭੁੱਖ ਹੜਤਾਲਾਂ ਨੇ ਤਾਂ ਬਾਬਾ ਜੀ ਨੂੰ ਲਿਫਣ ਨਹੀਂ ਸੀ ਦਿੱਤਾ ਪਰ ਆਜ਼ਾਦ ਹਿੰਦੋਸਤਾਨ ਦੀ ਸਰਕਾਰ ਵੇਲੇ ਰੱਖੀ ਭੁੱਖ ਹੜਤਾਲ ਨੇ ਉਨ੍ਹਾਂ ਦੀ ਕਮਰ ਟੇਡੀ ਕਰ ਦਿੱਤੀ। ਬਾਬਾ ਜੀ ਲਿਖਦੇ ਹਨ ਕਿ "ਅੱਜ ਵੀ ਜਦ ਕੋਈ ਮੈਨੂੰ ਪੁਛਦਾ ਹੈ ਕਿ ਤੇਰੀ ਕਮਰ ਟੇਡੀ ਕਿਉਂ ਹੋ ਗਈ ਤਾਂ ਮੈਂ ਇਹ ਜਵਾਬ ਦੇਂਦਾ ਹਾਂ ਕਿ ਇਹ ਕੌਮੀ ਕਾਂਗਰਸ ਹਕੂਮਤ ਦੀ ਮੇਰੀ ਪਿੱਠ ਤੇ ਮੋਹਰ ਛਾਪ ਹੈ" (ਚਿਤਰ) ਆਪਣਾ ਤਨ, ਮਨ ਤੇ ਧਨ ਹਿੰਦੂਸਤਾਨ ਦੇ ਲੇਖੇ ਲਾਕੇ ਆਖ਼ਿਰ ਨੂੰ ੧੯੬੮ ਵਿਚ ਇਕ ਮਹਾਨ ਆਤਮਾ ਦਾ ਹੱਥ ਭਾਰਤ ਦੇ ਸਿਰ ਤੋਂ ਖਿਸਕ ਗਿਆ।

**ਡਾ. ਗੁਰੂਮੇਲ ਸਿੱਧੂ**

# ਪੰਜਾਬੀਆਂ ਦੀ ਮਾੜੀ ਕਿਸਮਤ

ਇਨਸਾਨ ਵਿਚ ਦੋ ਤਾਕਤਾਂ ਹੁੰਦੀਆਂ ਹਨ-ਇਕ ਡੌਲਿਆਂ ਦੀ, ਜਿਸ ਨੂੰ ਅਸੀਂ ਸਰੀਰਕ ਤਾਕਤ, ਅਤੇ ਦੂਜੀ ਦਿਮਾਗੀ, ਜਿਸ ਨੂੰ ਅਸੀਂ ਬੁੱਧੀ ਦੀ ਤਾਕਤ ਕਹਿੰਦੇ ਹਾਂ। ਪੰਜਾਬੀਆਂ ਨੇ ਹਮੇਸ਼ਾ ਬਹੁਤੀ ਡੌਲਿਆਂ ਦੀ ਤਾਕਤ ਹੀ ਵਰਤੀ ਹੈ ਤੇ ਦੂਜੀ ਤਾਕਤ ਯਾਨਿ ਦਿਮਾਗੀ ਤਾਕਤ ਕਦੇ ਕਦਾਈਂ ਹੀ ਵਰਤੀ ਹੈ। ਇਥੋਂ ਜਾਹਰ ਹੈ ਕਿ ਹਿੰਦੁਸਤਾਨ ਦੀ ਕਿਸਮਤ ਦਾ ਫੈਸਲਾ ਜਿਨ੍ਹਾਂ ਜੰਗਾਂ ਨੇ ਕੀਤਾ, ਉਹ ਪੰਜਾਬ ਦੀ ਧਰਤੀ 'ਤੇ ਹੀ ਲੜੀਆਂ ਗਈਆਂ। ਮਿਸਾਲ ਵਜੋਂ ਪਾਣੀਪਤ ਦੀਆਂ ਤਿੰਨ ਲੜਾਈਆਂ ਨੇ ਪੰਜਾਬ ਦਾ, ਤੇ ਬਾਕੀ ਹਿੰਦੁਸਤਾਨ ਦੇ ਸਿਆਸੀ ਮੁਕੱਦਰ ਦਾ ਫੈਸਲਾ ਕਰ ਦਿੱਤਾ। ਸੋਚਣ ਵਾਲੀ ਗੱਲ ਇਹ ਹੈ ਇਹ ਸਾਰੀਆਂ ਜੰਗਾਂ ਪੰਜਾਬ ਦੀ ਧਰਤੀ 'ਤੇ ਹੀ ਕਿਉਂ ਹੋਈਆਂ? ਸਾਦਾ ਜਿਹਾ ਜਵਾਬ ਹੈ ਕਿ ਲੜਾਈ ਉਥੇ ਹੀ ਹੁੰਦੀ ਹੈ, ਜਿਥੇ ਲੜਨ-ਮਰਨ ਵਾਲੇ ਲੋਕ ਹੋਣ। ਜਿਥੇ ਇਸ ਤਰ੍ਹਾਂ ਦੇ ਲੋਕ ਨਾ ਹੋਣ, ਉਥੇ ਲੜਾਈ ਕਾਹਦੀ ਹੋਣੀ ਹੁੰਦੀ ਹੈ।

ਪੰਜਾਬ ਵਿਚ ਦੋ ਵੱਡੀਆਂ ਕੌਮਾਂ ਆਬਾਦ ਹਨ, ਜੋ ਸਦੀਆਂ ਤੋਂ ਆਪਸ ਵਿਚ ਲੜਦੀਆਂ ਆ ਰਹੀਆਂ ਹਨ। ਇਕ ਦੂਜੇ ਨਾਲ ਘਸੁੰਨ-ਮੁੱਕੀ ਹੋਈਆਂ ਰਹਿੰਦੀਆਂ ਹਨ। ਇਹ ਦੋਵੇਂ ਕੌਮਾਂ ਹਨ-ਜੱਟ ਤੇ ਰਾਜਪੂਤ। ਦੋਵੇਂ ਲੜਾਕੂ ਕੌਮਾਂ ਹਨ, ਪਰ ਹਕੂਮਤ ਹਮੇਸ਼ਾ ਦੂਜੇ ਲੋਕ ਹੀ ਆ ਕੇ ਕਰਦੇ ਰਹੇ ਹਨ। ਇਥੇ ਮਰਹੱਠੇ, ਮੁਗਲ, ਤੁਰਕ ਤੇ ਅਰਬ ਆਏ। ਇਨ੍ਹਾਂ ਦਾ ਕੰਮ ਮੁਕਿਆ ਤਾਂ ਸੱਤ ਸਮੁੰਦਰੋਂ ਪਾਰ ਅੰਗਰੇਜ਼ ਆ ਗਏ। ਇਨ੍ਹਾਂ ਸਭ ਨੇ ਇਥੇ ਆ ਕੇ ਇਨ੍ਹਾਂ ਕੌਮਾਂ 'ਤੇ ਹਕੂਮਤ ਕੀਤੀ। ਸਾਫ ਤੇ ਸਿੱਧੀ ਗੱਲ ਹੈ ਕਿ ਇਹ ਉਦੋਂ ਹੀ ਹੋਇਆ, ਜਦੋਂ ਮੁਕਾਮੀ ਜੰਗਜੂ ਕੌਮਾਂ ਨੇ ਇਕ ਦੂਜੇ ਨੂੰ ਮਾਰ-ਮਾਰ ਕੇ ਵਿਗਾੜ ਪਾ ਲਿਆ ਤੇ ਕਮਜ਼ੋਰ ਹੋ ਗਏ। ਨਤੀਜੇ ਵਜੋਂ ਬਾਹਰੀ ਲੋਕਾਂ ਨੂੰ ਇਨ੍ਹਾਂ ਕੌਮਾਂ 'ਤੇ ਹਕੂਮਤ ਕਰਨ ਦਾ ਮੌਕਾ ਮਿਲ ਗਿਆ। ਉਨ੍ਹਾਂ ਦੀ ਡੰਡੇ ਦੇ ਜੋਰ ਨਾਲ ਕੀਤੀ ਹਕੂਮਤ ਦੇ ਥੱਲੇ ਪੰਜਾਬੀ ਸਿੱਧੇ ਵਗਦੇ ਰਹੇ।

ਹੁਣ ਤੁਸੀਂ ਵੇਖੋ ਮਰਾਠੇ ਦੂਰ ਦੇ ਇਲਾਕੇ ਮਹਾਂਰਾਸ਼ਟਰ ਦੇ ਰਹਿਣ ਵਾਲੇ ਹਨ, ਉਨ੍ਹਾਂ ਨੇ ਪੰਜਾਬ ਵਿਚ ਆ ਕੇ ਬੜੇ ਅਰਸੇ ਤਕ ਛੋਟੀਆਂ-ਛੋਟੀਆਂ ਰਿਆਸਤਾਂ ਨੂੰ ਡਰਾ ਧਮਕਾ ਕੇ ਪੈਸੇ ਵੀ ਖੋਹੇ ਤੇ ਲੁੱਟਮਾਰ ਵੀ ਕਰਦੇ ਰਹੇ। ਹੱਦ ਇਹ ਹੋ ਗਈ ਕਿ ਮਰਾਠਿਆਂ ਨੇ ਲਾਹੌਰ 'ਤੇ ਕਬਜਾ ਕਰ ਲਿਆ। ਇਨ੍ਹਾਂ ਤੋਂ ਪਹਿਲਾਂ ਜੋ ਪਠਾਣ ਅਤੇ ਅਫਗਾਨ ਸਨ, ਉਹ ਵੀ ਲੁੱਟਮਾਰ ਦਾ ਕੰਮ ਕਰਦੇ ਸਨ ਤੇ ਲੁੱਟਮਾਰ ਕਰਕੇ ਆਪਣੇ ਇਲਾਕਿਆਂ ਵਿਚ ਤੁਰ ਜਾਂਦੇ ਸਨ। ਇਨ੍ਹਾਂ ਨੇ ਪੰਜਾਬੀਆਂ ਨੂੰ ਜੋ ਸਬਕ ਦਿੱਤਾ, ਉਹ ਬਾਅਦ ਵਿਚ ਸਿੱਖਾਂ ਨੂੰ ਵੀ ਯਾਦ ਰਿਹਾ ਤੇ ਉਨ੍ਹਾਂ ਨੇ ਆਪਣੀਆਂ ਮਿਸਲਾਂ ਬਣਾਈਆਂ; ਜੋ ਕੰਮ ਮਰਾਠੇ, ਪਠਾਣਾਂ ਤੇ ਅਫਗਾਨਾਂ ਨੇ ਲੁੱਟਮਾਰ ਦਾ ਕੀਤਾ, ਉਨ੍ਹਾਂ ਤੋਂ ਵਧੀਆ ਕੰਮ ਇਨ੍ਹਾਂ ਆਪ ਕਰਨਾ ਸ਼ੁਰੂ ਕਰ ਦਿੱਤਾ, ਕਿਉਂਕਿ ਉਹ ਇਥੋਂ ਦੇ ਇਲਾਕਿਆਂ ਦੇ ਭੇਤੀ ਸਨ। ਇਸ ਇਲਾਕੇ ਵਿਚ ਸਿਰਫ ਇਕ ਵਾਰ ਪੰਜਾਬੀਆਂ ਦੀ ਆਪਣੀ ਹਕੂਮਤ ਰਹੀ ਹੈ, ਜੋ ਮਹਾਰਾਜਾ ਰਣਜੀਤ ਸਿੰਘ ਦੇ ਨਾਂ ਨਾਲ ਜਾਣੀ ਜਾਂਦੀ ਹੈ। ਇਸ ਹਕੂਮਤ ਦੀ ਕਾਰਗੁਜ਼ਾਰੀ ਕਿਹੋ ਜਿਹੀ ਰਹੀ, ਇਸ ਬਾਰੇ ਹਰ ਬੰਦੇ ਦਾ ਆਪੋ ਆਪਣਾ ਖਿਆਲ ਹੈ। ਇਸ ਹਕੂਮਤ ਦਾ ਨਾ ਤਾਂ ਪਠਾਣ ਕੁਝ ਕਰ ਸਕੇ, ਜਿਨ੍ਹਾਂ ਨੇ ਬੜੇ ਅਰਸੇ ਤਕ ਹਕੂਮਤ ਕੀਤੀ ਸੀ ਅਤੇ ਨਾ ਹੀ ਮੁਗਲ, ਜੋ ਉਜਬੇਕਿਸਤਾਨ ਦੀ ਆਬਾਦੀ ਫਰਗਾਨਾ ਤੋਂ ਆਏ ਸਨ, ਇਨ੍ਹਾਂ ਦਾ ਕੁਝ ਵਿਗਾੜ ਸਕੇ ਤੇ ਇਹ ਹਕੂਮਤ ਫੈਲਦੀ ਗਈ। ਇਸ ਸਿੱਖ ਹਕੂਮਤ ਨੇ ਮੁਲਤਾਨ ਤੋਂ ਲੈ ਕੇ ਲੱਦਾਖ ਤੱਕ ਅਤੇ ਕਾਬਲ ਤੋਂ ਲੈ ਕੇ ਸਤਲੁਜ ਤੱਕ ਕਬਜਾ ਕਰ ਲਿਆ। ਕਾਬਲ ਨੂੰ ਫਤਿਹ ਕਰਨ ਵਾਲਾ ਸਿੱਖ ਫੌਜ ਦਾ ਕਮਾਂਡਰ ਇਕ ਪੰਜਾਬੀ ਮੁਸਲਮਾਨ ਸੇਖ ਸਬਾਵਣ ਸੀ।

ਜੇ ਕਦੀ ਸਤਲੁਜ ਤੋਂ ਪਾਰ ਦੀਆਂ ਸਿੱਖ ਰਿਆਸਤਾਂ-ਪਟਿਆਲਾ, ਨਾਭਾ ਅਤੇ ਜੀਂਦ ਆਦਿ ਦੇ ਹੁਕਮਰਾਨ ਅੰਗਰੇਜ਼ਾਂ ਦੀ ਪਨਾਹ ਵਿਚ ਨਾ ਚਲੇ ਜਾਂਦੇ ਤਾਂ ਸਿੱਖ ਹਕੂਮਤ ਦੀਆਂ ਸਰਹੱਦਾਂ ਦਿੱਲੀ ਤੱਕ ਪਹੁੰਚ ਜਾਣੀਆਂ ਸਨ। ਇਸ ਹਕੂਮਤ ਨੂੰ ਕੋਈ ਹੋਰ ਤਾਕਤ ਨਾ ਡੇਗ ਸਕੀ, ਪਰ ਇਸ ਨੂੰ ਪੰਜਾਬੀਆਂ ਨੇ ਆਪ ਡੇਗਿਆ। ਇਸ ਰਾਜ ਦੇ ਪਤਨ ਤੋਂ ਬਾਅਦ ਐਸੀ ਬੇਬਰਕਤੀ ਪਈ ਕਿ ਪੰਜਾਬੀ ਨਾ ਤਾਂ ਫਿਰ ਕਦੇ ਇਕ ਝੰਡੇ ਥੱਲੇ ਇਕੱਠੇ ਹੋਏ ਅਤੇ ਨਾ ਹੀ ਕਦੇ ਮੁੜ ਆਪਣੀ ਹਕੂਮਤ ਬਣਾ ਸਕੇ। ਪੰਜਾਬੀਆਂ ਦੇ ਚਰਿਤਰ ਦੀ ਇਹ ਬੜੀ ਅਜੀਬ ਗੱਲ ਹੈ ਕਿ ਇਹ ਜਿਹਦੇ ਕੋਲੋਂ ਮਾਰ ਖਾਂਦੇ ਹਨ, ਉਸੇ ਦੇ ਹੀ ਬੜੇ ਚੰਗੇ ਨੌਕਰ ਚਾਕਰ ਸਾਬਤ ਹੁੰਦੇ ਹਨ।

ਜਿਨ੍ਹਾਂ ਲੋਕਾਂ ਨੇ ਬਾਹਰੋਂ ਆ ਕੇ ਹਕੂਮਤ ਕੀਤੀ, ਉਹ ਆਪਣੀ ਫੌਜ ਏਨੀ ਤਾਂ ਨਹੀਂ ਸਨ ਲੈ ਕੇ ਆਏ, ਉਨ੍ਹਾਂ ਨੇ ਇਥੋਂ ਦੇ ਲੋਕਾਂ ਤੋਂ ਹੀ ਕੰਮ ਲਿਆ, ਉਨ੍ਹਾਂ ਦੀ ਫੌਜ ਬਣਾਈ ਤੇ ਹਕੂਮਤ ਵੀ ਕਰਦੇ ਰਹੇ। ਤੁਸੀਂ ਦੇਖੋ ਕਿ ਹਜ਼ਾਰ ਸਾਲ ਪਹਿਲਾਂ ਮਹਿਮੂਦ ਗਜਨਵੀ ਆਇਆ ਅਤੇ ਲਾਹੌਰ ਤਕ ਕਬਜਾ ਕਰ ਲਿਆ ਤੇ ਆਪਣੀ ਹਕੂਮਤ ਕਾਇਮ ਕਰ ਲਈ। ਭਾਵੇਂ ਫੌਜ ਉਸ ਦੀ ਆਪਣੀ ਸੀ, ਪਰ ਅਫਸਰਸ਼ਾਹੀ ਮੁਕਾਮੀ ਲੋਕਾਂ ਦੀ ਸੀ ਤੇ ਇਹ ਸਾਰੇ ਪੜ੍ਹੇ-ਲਿਖੇ ਸਨ। ਗਜਨਵੀ ਨੇ ਲਾਹੌਰ ਦਾ ਆਪਣਾ ਜੋ ਪਹਿਲਾ ਗਵਰਨਰ ਬਣਾਇਆ, ਉਹ ਲਾਹੌਰ ਸ਼ਹਿਰ ਦਾ ਰਹਿਣ ਵਾਲਾ ਸੀ, ਜਿਹਨੇ ਹਿੰਦੂ ਤੋਂ ਮੁਸਲਮਾਨ ਹੋ ਕੇ ਆਪਣਾ ਨਾਂ ਏਆਜ਼ ਰੱਖਿਆ ਸੀ। ਗਜਨਵੀ ਦਾ ਦੌਰ 970 ਤੋਂ 1030 ਤੱਕ ਰਿਹਾ ਤੇ ਉਸ ਦੀ ਹਕੂਮਤ ਉਜੜਨ ਤੋਂ ਕਾਫੀ ਬਾਅਦ, ਕਰੀਬ 150 ਸਾਲ ਪਿਛੋਂ ਸੰਨ 1192 ਵਿਚ ਸ਼ਹਾਬੁਦੀਨ ਮੁਹੰਮਦ ਗੌਰੀ ਨੇ ਆਪਣੀ ਫੌਜ ਦੀ ਮਦਦ ਨਾਲ ਰਾਜਸਥਾਨ ਤਕ ਕਬਜਾ ਕਰ ਲਿਆ।

ਹੁਣ ਵੇਖਣ ਵਾਲੀ ਗੱਲ ਇਹ ਹੈ ਕਿ ਮਹਿਮੂਦ ਗਜਨਵੀ ਦੀ ਅੱਧੀ ਫੌਜ ਖੁਦ ਹਿੰਦੂਆਂ ਦੀ ਸੀ। ਮੁਕਾਮੀ ਲੋਕ ਵੀ ਸ਼ਾਮਿਲ ਸਨ। ਮੁਹੰਮਦ ਗੌਰੀ ਆਇਆ ਹੋਵੇਗਾ, ਉਸ ਦੀ ਫੌਜ ਵਿਚ ਵੀ ਮੁਕਾਮੀ ਲੋਕ ਹੋਣਗੇ; ਪਰ ਜਦੋਂ ਉਸ ਦੀ ਦਿੱਲੀ ਤਕ ਹਕੂਮਤ ਬਣੀ ਤਾਂ ਉਸ ਦੀ ਮਦਦ ਕਰਨ ਵਾਲੇ ਵੀ ਮੁਕਾਮੀ ਲੋਕ ਸਨ, ਜਿਨ੍ਹਾਂ ਵਿਚ ਦਿੱਲੀ ਦਾ ਰਾਜਾ ਜੈ ਚੰਦ ਵੀ ਸੀ। ਇਸ ਪਿਛੋਂ ਜੇ ਇਤਿਹਾਸ 'ਤੇ ਨਜ਼ਰ ਮਾਰੀ ਜਾਵੇ ਤਾਂ ਪਤਾ ਲਗਦਾ ਹੈ ਕਿ ਭਾਵੇਂ ਖਾਨਦਾਨ ਗੁਲਾਮਾਂ, ਖਿਲਜ਼ੀ, ਤੁਗਲਕ, ਲੋਧੀ ਜਾਂ ਫਿਰ ਮੁਗਲ ਹੋਵੇ, ਪੰਜਾਬੀ ਇਨ੍ਹਾਂ ਦੀ ਤਾਕਤ ਬਣੇ ਰਹੇ। ਇਨ੍ਹਾਂ ਦੀਆਂ ਫੌਜਾਂ ਵਿਚ ਵੀ ਰਹੇ। ਇਨ੍ਹਾਂ ਦੀ ਮਦਦ ਵੀ ਕਰਦੇ ਰਹੇ। ਗੱਲ ਇਥੇ ਹੀ ਨਹੀਂ ਰੁਕਦੀ, ਮੁਕਾਮੀ ਰਾਜਿਆਂ ਨੇ ਉਨ੍ਹਾਂ ਨਾਲ ਰਿਸ਼ਤੇਦਾਰੀਆਂ ਵੀ ਕਰ ਲਈਆਂ ਤੇ ਉਨ੍ਹਾਂ ਦੀਆਂ ਫੌਜਾਂ ਦੇ ਜਰਨੈਲ ਵੀ ਬਣੇ ਰਹੇ। ਅਕਬਰ ਦੀਆਂ ਫੌਜਾਂ ਦਾ ਜਿਥੇ ਇਕ ਪਾਸੇ ਜਰਨੈਲ ਮਾਨ ਸਿੰਘ ਕਛਵਾਹਾ ਰਾਜਪੂਤ ਸੀ, ਜੋ ਰਾਜਸਥਾਨ ਦਾ ਸੀ ਤਾਂ ਦੂਜੇ ਪਾਸੇ ਇਕ ਪੰਜਾਬੀ ਮੁਸਲਮਾਨ ਸ਼ਾਹਬਾਜ ਅਹਿਮਦ ਕੰਬੋਜ ਵੀ ਸ਼ਾਮਿਲ ਸੀ।

ਅੰਗਰੇਜ਼ ਜਦੋਂ ਬੰਗਾਲ ਵਿਚ ਆਏ ਤਾਂ ਉਨ੍ਹਾਂ ਦੀ ਆਪਣੀ ਗਿਣਤੀ ਬੜੀ ਥੋੜ੍ਹੀ ਸੀ। ਉਨ੍ਹਾਂ ਨੇ ਉਥੋਂ ਦੇ ਨਵਾਬ ਸੁਰਾਜੂਦੌਲਾ ਨੂੰ ਹਰਾਉਣ ਲਈ ਉਥੋਂ ਦੇ ਕਰਤਾ-ਧਰਤਾ ਜਗੀਰਦਾਰਾਂ ਤੇ ਮੀਰ ਜਾਫਰ ਨੂੰ ਨਾਲ ਗੰਢਿਆ ਤੇ ਆਪਣੇ ਮਕਸਦ ਵਿਚ ਕਾਮਯਾਬ ਰਹੇ। ਸੁਰਾਜੂਦੌਲਾ ਦੀ ਫੌਜ ਅੰਗਰੇਜਾਂ ਦੀ ਫੌਜ ਤੋਂ ਦੂਣੀ ਤੋਂ ਵੀ ਵੱਧ ਸੀ, ਪਰ ਉਹ ਪੈਸੇ ਲੈ ਕੇ ਜੰਗ ਦੇ ਮੌਕੇ ਸਾਰੇ ਨੱਸ ਗਏ। ਦੋਹੀਂ ਪਾਸੀਂ ਲੜਨ ਵਾਲੇ ਮੁਕਾਮੀ ਲੋਕ ਸਨ। ਇਹ ਸੰਨ 1757 ਦਾ ਸਾਲ ਸੀ। ਅੰਗਰੇਜ਼ਾਂ ਨੇ ਆਪਣੀ ਫਤਿਹ ਦੇ ਨਾਲ ਉਹ ਇੱਟ ਰੱਖ ਦਿੱਤੀ, ਜਿਹਦੇ ਨਾਲ ਉਨ੍ਹਾਂ 100 ਸਾਲ ਬਾਅਦ ਸੰਨ 1857 ਵਿਚ ਸਾਰੇ ਹਿੰਦੁਸਤਾਨ 'ਤੇ ਕਬਜਾ ਕਰ ਲਿਆ। ਟੀਪੂ ਸੁਲਤਾਨ ਦੇ ਖਿਲਾਫ ਵੀ ਉਨ੍ਹਾਂ ਨੇ ਇਹੋ ਨੀਤੀ ਅਪਨਾਈ। ਉਥੇ ਮੀਰ ਜਾਫਰ ਸੀ ਤੇ ਇਥੇ ਮੀਰ ਸਾਦਿਕ ਸੀ ਅਤੇ ਮੁਕਾਮੀ ਲੋਕਾਂ ਦੀ ਫੌਜ ਵੀ ਨਾਲ ਸੀ। ਬਹੁਤ ਅਰਸੇ ਬਾਅਦ ਜਦੋਂ ਉਨ੍ਹਾਂ ਨੇ ਸਿੱਖ ਹਕੂਮਤ 'ਤੇ ਹਮਲੇ ਕੀਤੇ, ਉਨ੍ਹਾਂ ਵਿਚ ਪੰਜਾਬੀ ਲੋਕ ਤੇ ਸਤਲੁਜ ਤੋਂ ਪਾਰ ਦੀਆਂ ਸਿੱਖ ਰਿਆਸਤਾਂ ਵੀ ਸ਼ਾਮਿਲ ਸਨ। ਮਹਾਰਾਜਾ ਰਣਜੀਤ ਸਿੰਘ ਦੇ ਦੌਰ ਵਿਚ ਸਤਲੁਜ ਤੋਂ ਪਾਰ ਦੀਆਂ ਸਾਰੀਆਂ ਸਿੱਖ ਰਿਆਸਤਾਂ ਅੰਗਰੇਜ਼ ਪੱਖੀ ਸਨ, ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਮਹਾਰਾਜਾ ਉਨ੍ਹਾਂ ਨੂੰ ਆਪਣੇ ਰਾਜ ਵਿਚ ਜਬਰੀ ਨਾ ਮਿਲਾ ਲਵੇ।

ਮਹਾਰਾਜੇ ਦੀ ਮੌਤ ਪਿਛੋਂ ਜਦੋਂ ਅੰਗਰੇਜ਼ਾਂ ਤੇ ਸਿੱਖਾਂ ਦੀਆਂ ਜੰਗਾਂ ਹੋਈਆਂ, ਉਸ ਵਿਚ ਸਤਲੁਜ ਤੋਂ ਚੜ੍ਹਦੇ ਵੱਲ ਸਿੱਖ ਰਿਆਸਤਾਂ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ ਮੁਦਕੀ ਦੀ ਜੰਗ ਵਿਚ ਪਟਿਆਲਾ ਰਿਆਸਤ ਦੀ ਜਿਸ ਫੌਜ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ, ਉਸ ਦਾ ਕਮਾਂਡਰ, ਪੰਜਾਬੀ ਜੱਟ ਕਾਲੇ ਖਾਂ ਡੋਗਰ ਸੀ। ਜਦੋਂ ਸਿੱਖਾਂ ਨਾਲ ਅੰਗਰੇਜ਼ਾਂ ਦੀਆਂ ਲੜਾਈਆਂ ਹੋਈਆਂ, ਨਾ ਸਿਰਫ ਮੁਕਾਮੀ ਲੋਕਾਂ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ ਸਗੋਂ ਸਿੱਖ ਫੌਜ ਦੇ ਕੁਝ ਕਮਾਂਡਰਾਂ ਨੇ ਵੀ ਸਿੱਖ ਰਾਜ ਨਾਲ ਗੱਦਾਰੀ ਕੀਤੀ, ਜਿਵੇਂ ਲਾਲ ਸਿੰਘ, ਡੋਗਰਾ ਗੁਲਾਬ ਸਿੰਘ ਤੇ ਧਿਆਨ ਸਿੰਘ ਆਦਿ। ਚੇਲਿਆਂਵਾਲੀ ਜੰਗ ਵੇਲੇ ਅੰਗਰੇਜ਼ਾਂ ਨੇ ਕੋਈ ਆਪਣੀ ਫੌਜ ਨਹੀਂ ਸੀ ਲਿਆਂਦੀ ਸਗੋਂ ਮੁਕਾਮੀ ਮਦਰਾਸੀ, ਬੰਗਾਲੀ ਤੇ ਯੂ.ਪੀ., ਸੀ.ਪੀ. ਦੇ ਫੌਜ ਵਿਚ ਭਰਤੀ ਕੀਤੇ ਹੋਏ ਲੋਕ ਵਰਤੇ ਸਨ। ਨਤੀਜੇ ਵਜੋਂ ਸਿੱਖ ਫੌਜ ਹਾਰ ਗਈ ਤੇ ਸਿੱਖ ਰਾਜ ਖਤਮ ਹੋ ਗਿਆ।

ਮਹਾਰਾਜਾ ਰਣਜੀਤ ਸਿੰਘ ਦੀ ਹਕੂਮਤ ਖਤਮ ਹੋਣ ਪਿਛੋਂ ਉਸ ਦੀ ਫੌਜ ਦੇ ਸਾਰੇ ਕਮਾਂਡਰ ਭਾਵੇਂ ਹਿੰਦੂ, ਸਿੱਖ ਜਾਂ ਮੁਸਲਮਾਨ ਸਨ, ਉਨ੍ਹਾਂ ਨੂੰ ਅੰਗਰੇਜ਼ਾਂ ਨੇ ਛੱਡਿਆ ਨਹੀਂ, ਤੇ ਆਪਣੀ ਫੌਜ ਵਿਚ ਜਗੀਰਾਂ ਦਾ ਲਾਲਚ ਦੇ ਕੇ ਭਰਤੀ ਕਰ ਲਿਆ। ਇਹ ਸਾਰੇ ਉਨ੍ਹਾਂ ਦੇ ਮੁਲਾਜ਼ਮ ਰਹੇ। 1857 ਦੀ ਬਗਾਵਤ ਦਿੱਲੀ ਤੇ ਨਾਲ ਲਗਦੇ ਇਲਾਕੇ ਦੇ ਮੁਕਾਮੀ ਲੋਕਾਂ ਨੇ ਕੀਤੀ। ਉਸ ਨੂੰ ਕੁਚਲਣ ਲਈ ਅੰਗਰੇਜ਼ਾਂ ਨੇ ਪੰਜਾਬੀ ਫੌਜ ਦੀ ਵਰਤੋਂ ਕੀਤੀ। ਬਾਗੀਆਂ ਦੀ ਫੌਜ ਦਾ ਕਮਾਂਡਰ ਜਨਰਲ ਬਖਤ ਖਾਂ ਰੋਹੀਲਾ ਸੀ। ਪੰਜਾਬੀ ਫੌਜ ਨੇ ਆਪਣੀ ਪੂਰੀ ਤਾਕਤ ਲਾ ਕੇ ਦਿੱਲੀ ਫਤਿਹ ਕਰ ਦਿੱਤੀ ਤੇ ਅੰਗਰੇਜ਼ਾਂ ਦਾ ਰਾਜ ਕਾਇਮ ਕੀਤਾ।

ਇਤਿਹਾਸ ਵਿਚ ਲਿਖਿਆ ਹੈ ਕਿ ਜਦੋਂ ਦਿੱਲੀ ਦੇ ਬਾਗੀ ਕਿਲੇ ਦਾ ਦਰਵਾਜਾ ਬੰਦ ਕਰਨ ਲੱਗੇ ਤਾਂ ਉਸ ਵਿਚ ਇਕ ਮੁਸਲਮਾਨ ਜਗੀਰਦਾਰ ਨੇ ਆਪਣੀ ਬਾਂਹ ਦੇ ਦਿੱਤੀ। ਉਸ ਦੀ ਬਾਂਹ ਕੱਟੀ ਗਈ, ਪਰ ਉਸ ਨੇ ਦਰਵਾਜਾ ਨਹੀਂ ਬੰਦ ਕਰਨ ਦਿੱਤਾ। ਆਜ਼ਾਦੀ ਦੀ ਉਸ ਜੰਗ ਦੇ ਖਿਲਾਫ ਨਾ ਕੋਈ ਪੰਜਾਬੀ ਮੁਸਲਮਾਨ ਪੀਰ ਪਿੱਛੇ ਰਿਹਾ, ਨਾ ਕੋਈ ਗ੍ਰੰਥੀ, ਨਾ ਕੋਈ ਪੰਡਿਤ। ਇਨ੍ਹਾਂ ਪੰਜਾਬੀਆਂ ਨੇ ਅੰਗਰੇਜ਼ਾਂ ਦਾ ਸਾਥ ਦੇ ਕੇ ਅੰਗਰੇਜ਼ਾਂ ਤੋਂ ਜਾਗੀਰਦਾਰੀਆਂ, ਜੈਲਦਾਰੀਆਂ ਤੇ ਨੰਬਰਦਾਰੀਆਂ ਲਈਆਂ। ਅੰਗਰੇਜ਼ਾਂ ਦੇ ਇਨ੍ਹਾਂ ਪਿਠੂਆਂ ਨੇ ਬਾਗੀਆਂ ਨੂੰ ਫੜ ਫੜ ਕੇ ਅੰਗਰੇਜ਼ਾਂ ਦੇ ਹਵਾਲੇ ਕੀਤਾ, ਜਿਨ੍ਹਾਂ ਨੇ ਉਨ੍ਹਾਂ ਨੂੰ ਤੋਪਾਂ ਨਾਲ ਉਡਾਇਆ।

ਅਸੀਂ ਬਹੁਤੀਆਂ ਮਿਸਾਲਾਂ ਨਹੀਂ ਦਿੰਦੇ। ਜੋ ਬੰਦਾ ਅੱਜ ਕਲ ਪਾਕਿਸਤਾਨ ਦਾ ਵਿਦੇਸ਼ ਮੰਤਰੀ ਹੈ, ਉਸ ਦਾ ਨਾਂ ਸ਼ਾਹ ਮਹਿਮੂਦ ਕੁਰੈਸ਼ੀ ਹੈ। ਇਸ ਦੇ ਜਿਸ ਵੱਡੇ ਵਡੇਰੇ ਨੇ ਸੰਨ 1857 ਦੀ ਜੰਗੇ ਆਜ਼ਾਦੀ ਵੇਲੇ ਬਾਗੀਆਂ ਨੂੰ ਅੰਗਰੇਜ਼ਾਂ ਦੇ ਹਵਾਲੇ ਕਰ ਕੇ ਜਗੀਰਾਂ ਲਈਆਂ, ਉਸ ਦਾ ਨਾਂ ਵੀ ਸ਼ਾਹ ਮਹਿਮੂਦ ਕੁਰੈਸ਼ੀ ਸੀ। ਇਸ ਸ਼ਾਹ ਮਹਿਮੂਦ ਕੁਰੈਸ਼ੀ ਦਾ ਨਾਂ ਆਪਣੇ ਉਸੇ ਵਡੇਰੇ ਦੇ ਨਾਂ 'ਤੇ ਰੱਖਿਆ ਗਿਆ। ਜਾਹਰ ਹੈ ਕਿ ਸਾਡੇ ਸਾਰੇ ਮੁਲਕਾਂ 'ਤੇ ਹਕੂਮਤ ਉਨ੍ਹਾਂ ਦੀ ਹੀ ਹੈ, ਜਿਨ੍ਹਾਂ ਗੱਦਾਰੀ ਕੀਤੀ। ਜਦੋਂ ਅਹਿਮਦ ਖਾਂ ਖਰਲ ਨੂੰ ਲਹਿੰਦੇ ਪੰਜਾਬ ਦੇ ਇਲਾਕੇ ਉਕਾੜੇ ਵਿਚ ਮਾਰਿਆ ਗਿਆ, ਉਦੋਂ ਵੀ ਫੌਜ ਯੂ.ਪੀ. ਤੇ ਸੀ.ਪੀ. ਦੀ ਲਿਆਂਦੀ ਗਈ ਸੀ। ਅਫਗਾਨਿਸਤਾਨ 'ਤੇ ਹਮਲੇ ਸਮੇਂ ਵੀ ਅੰਗਰੇਜ਼ਾਂ ਨੇ ਪੰਜਾਬੀ ਫੌਜ ਦੀ ਵਰਤੋਂ ਕੀਤੀ ਤੇ ਪਟਿਆਲਾ ਰਿਆਸਤ ਦੀ ਫੌਜ ਉਥੇ ਖਾਸ ਤੌਰ 'ਤੇ ਗਈ।

ਪਹਿਲੀ ਵਿਸ਼ਵ ਜੰਗ (1914-1919) ਵਿਚ ਗੋਰਿਆਂ ਨੇ ਪੰਜਾਬੀ ਫੌਜੀਆਂ ਨੂੰ ਬਹੁਤ ਵਰਤਿਆ। ਕੁਝ ਲੋਕ ਕਹਿੰਦੇ ਹਨ ਕਿ ਇਸ ਇਲਾਕੇ ਵਿਚੋਂ 10 ਲੱਖ ਫੌਜੀ ਤੇ ਕੁਝ ਕਹਿੰਦੇ ਹਨ ਕਿ 12 ਲੱਖ ਫੌਜੀ ਲੜਨ ਲਈ ਗਏ। ਕੋਈ ਵੀ ਗਿਣਤੀ ਮਨ ਲਉ, ਉਹ ਹਿੰਦੁਸਤਾਨ ਲਈ ਨਹੀਂ ਸਗੋਂ ਗੋਰਿਆਂ ਲਈ ਲੜਨ ਗਏ ਸਨ। ਪੰਜਾਬੀ ਫੌਜੀ ਪੂਰੇ ਯੂਰਪ, ਮਿਡਲ ਈਸਟ, ਫਾਰ ਈਸਟ ਤੇ ਅਫਰੀਕਾ ਵਿਚ ਲੜੇ। ਇਨ੍ਹਾਂ ਵਿਚੋਂ ਲਗਭਗ 70,000 ਮਾਰੇ ਗਏ ਤੇ ਇੰਨੇ ਹੀ ਸਖਤ ਜਖਮੀ ਹੋਏ। ਜਿਨ੍ਹਾਂ ਮਾਂਵਾਂ ਨੇ ਇਨ੍ਹਾਂ ਨੂੰ ਬੜੇ ਲਾਡਾਂ ਨਾਲ ਪਾਲਿਆ ਸੀ, ਉਨ੍ਹਾਂ ਨੂੰ ਇਨ੍ਹਾਂ ਦੀਆਂ ਲਾਸ਼ਾਂ ਵੇਖਣੀਆਂ ਵੀ ਨਸੀਬ ਨਾ ਹੋਈਆਂ। ਜਿੱਥੇ ਕੋਈ ਮੁਲਸਮਾਨ ਮਰਿਆ, ਉਸ ਦੀ ਕਬਰ ਉਥੇ ਬਣਾ ਦਿੱਤੀ; ਜਿਥੇ ਕੋਈ ਸਿੱਖ ਜਾਂ ਹਿੰਦੂ ਮਰਿਆ, ਉਸ ਨੂੰ ਉਥੇ ਸਾੜ ਦਿੱਤਾ ਗਿਆ।

ਦੂਜੀ ਵਿਸ਼ਵ ਜੰਗ (1939-45) ਵੇਲੇ ਅੰਗਰੇਜ਼ਾਂ ਨੇ ਆਪਣੇ ਪਿਛਲੇ ਤਜ਼ਰਬੇ ਦੀ ਬੁਨਿਆਦ 'ਤੇ ਹਿੰਦੁਸਤਾਨ ਵਿਚੋਂ ਪਹਿਲੀ ਸੰਸਾਰ ਜੰਗ ਤੋਂ ਦੂਣੇ ਫੌਜੀ ਭਰਤੀ ਕਰ ਲਏ, ਜਿਨ੍ਹਾਂ ਦੀ ਗਿਣਤੀ ਕਰੀਬ 25 ਲੱਖ ਸੀ। ਇਹ ਸਾਰੇ ਫੌਜੀ ਹਿੰਦੁਸਤਾਨ ਤੇ ਹੁਣ ਵਾਲੇ ਪਾਕਿਸਤਾਨ ਦੇ ਇਲਾਕਿਆਂ ਤੋਂ ਸਨ। ਇਨ੍ਹਾਂ ਵਿਚੋਂ 90 ਹਜਾਰ ਫੌਜੀ ਮਾਰੇ ਗਏ। ਅੰਗਰੇਜ਼ਾਂ ਤੋਂ ਜਗੀਰਾਂ ਲੈਣ ਵਾਲਿਆਂ ਨੇ ਜੰਗ ਸਮੇਂ ਅੰਗਰੇਜ਼ਾਂ ਦਾ ਨਮਕ ਹਲਾਲ ਕੀਤਾ ਤੇ ਅੰਗਰੇਜ਼ਾਂ ਤੋਂ ਪੈਸੇ ਲੈ ਕੇ ਆਪਣੇ ਲੋਕਾਂ ਨੂੰ ਫੌਜ ਵਿਚ ਭਰਤੀ ਕਰਾਇਆ। ਉਸ ਵਕਤ ਦਾ ਇਹ ਪੰਜਾਬੀ ਗੀਤ ਪਿੰਡਾਂ ਵਿਚ ਫੈਲਾਇਆ ਗਿਆ,

ਭਰਤੀ ਹੋ ਜਾ ਵੇ ਬੈਠ ਰਹੇ ਰੰਗਰੂਟ
ਇਥੇ ਖਾਵੇਂ ਰੁੱਖੀ ਸੁੱਖੀ ਉਥੇ ਮਿਲਦਾ ਫਰੂਟ।
ਭਰਤੀ ਹੋ ਜਾ ਵੇ ਬੈਠ ਰਹੇ ਰੰਗਰੂਟ
ਇਥੇ ਫਿਰਦਾ ਨੰਗੀ ਪੈਰੀਂ ਉਥੇ ਮਿਲਦੇ ਬੂਟ।
ਭਰਤੀ ਹੋ ਜਾ ਵੇ ਬੈਠ ਰਹੇ ਰੰਗਰੂਟ
ਇਥੇ ਤਨ 'ਤੇ ਕਪੜਾ ਕੋਈ ਨਹੀਂ ਉਥੇ ਮਿਲਦੇ ਸੂਟ।
ਭਰਤੀ ਹੋ ਜਾ ਵੇ ਬੈਠ ਰਹੇ ਰੰਗਰੂਟ।

ਤੁਸੀਂ ਯੂਰਪ ਦੇ ਮੁਲਕਾਂ ਵਿਚ ਜਾਵੋ, ਉਥੇ ਮੁਸਲਮਾਨ ਫੌਜੀਆਂ ਦੀਆਂ ਕਬਰਾਂ ਤੇ ਹਿੰਦੂ ਸਿੱਖ ਫੌਜੀਆਂ ਦੀਆਂ ਮੜੀਆਂ ਮਿਲਣਗੀਆਂ। ਉਪਰੋਕਤ ਇਲਾਕਿਆਂ ਤੋਂ ਇਲਾਵਾ ਹਾਂਗਕਾਂਗ ਤੇ ਸਿੰਗਾਪੁਰ ਜਿਹੇ ਦੇਸ਼ਾਂ ਵਿਚ ਵੀ ਸਾਡੇ ਲੋਕ, ਜੋ ਬਿਨਾ ਮਕਸਦ ਪਰਾਏ ਦੀ ਜੰਗ ਵਿਚ ਮਾਰੇ ਗਏ, ਉਨ੍ਹਾਂ ਦੀਆਂ ਯਾਦਗਾਰਾਂ ਤੇ ਕਬਰਾਂ ਮਿਲਣਗੀਆਂ।

ਹੁਣ ਇਹ ਗੱਲ ਵੇਖਣ ਵਾਲੀ ਹੈ ਕਿ ਪੰਜਾਬੀਆਂ ਦੀ ਕਿਸਮਤ ਵਿਚ ਲੜਨਾ-ਮਰਨਾ ਹੀ ਕਿਉਂ ਲਿਖਿਆ ਗਿਆ ਹੈ ਤੇ ਇਸ ਤੋਂ ਜਾਨ ਕਿਉਂ ਨਹੀਂ ਛੁਟਦੀ? ਹੁਣ ਵੀ ਪਾਕਿਸਤਾਨ ਤੇ ਹਿੰਦੁਸਤਾਨ ਵਿਚਾਲੇ ਜੋ ਸਰਹੱਦ ਬਣੀ, ਉਹ ਪੰਜਾਬ ਦੀ ਹਿੱਕ ਤੋਂ ਲੰਘੀ। ਦੋਹਾਂ ਮੁਲਕਾਂ ਦੀਆਂ ਫੌਜਾਂ ਵਿਚ ਪੰਜਾਬੀਆਂ ਦੀ ਗਿਣਤੀ ਭਾਰੀ ਹੈ। ਦੋਹਾਂ ਵਿਚਾਲੇ ਜਿੰਨੀਆਂ ਜੰਗਾਂ ਲੜੀਆਂ ਗਈਆਂ, ਇਨ੍ਹਾਂ ਵਿਚ ਸਭ ਤੋਂ ਵੱਧ ਪੰਜਾਬੀ ਫੌਜੀ ਮਾਰੇ ਗਏ ਤੇ ਇਕੋ ਖੂਨ, ਇਕ ਦੂਜੇ ਨੂੰ ਭੁੰਨਦਾ ਰਿਹਾ।

ਪਾਕਿਸਤਾਨ ਦੀ ਆਬਾਦੀ ਵਿਚੋਂ 75% ਪੰਜਾਬੀ ਹਨ। 65% ਪੰਜਾਬੀ ਤਾਂ ਪੰਜਾਬ ਵਿਚ ਹੀ ਰਹਿੰਦੇ ਹਨ। ਪਰ ਕਈ ਇਲਾਕੇ ਐਸੇ ਵੀ ਹਨ, ਜਿਵੇਂ ਕੇ.ਪੀ.ਕੇ ਵਿਚ ਹਰੀਪੁਰ ਹਜਾਰਾ ਤੇ ਸਿੰਧ ਸੂਬਾ, ਇਨ੍ਹਾਂ ਵਿਚ ਵੀ ਬਹੁਤ ਸਾਰੇ ਪੰਜਾਬੀ ਹਨ। ਇਸ ਤਰ੍ਹਾਂ ਪਾਕਿਸਤਾਨ ਵਿਚ ਪੰਜਾਬੀਆਂ ਦੀ ਗਿਣਤੀ ਕਰੀਬ 75% ਹੈ। ਫੌਜ ਵਿਚ ਵੀ ਇਹੋ ਸੂਰਤੇ-ਹਾਲ ਹੈ ਤੇ ਉਥੇ ਵੀ ਏਨੇ ਹੀ ਪੰਜਾਬੀ ਹੋਣਗੇ। ਸਿੰਧ ਤੇ ਬਲੋਚਸਤਾਨ ਦੇ ਬਹੁਤੇ ਲੋਕ ਫੌਜ ਵਿਚ ਭਰਤੀ ਨਹੀਂ ਹੁੰਦੇ। ਲੈ ਦੇ ਕੇ ਪੰਜਾਬੀ ਲੋਕ ਹੁੰਦੇ ਹਨ। ਇਸੇ ਕਰਕੇ ਦੂਸਰੇ ਲੋਕ ਕਹਿੰਦੇ ਹਨ ਕਿ ਇਹ ਪਾਕਿਸਤਾਨ ਦੀ ਨਹੀਂ, ਪੰਜਾਬੀਆਂ ਦੀ ਫੌਜ ਹੈ।

ਹੁਣ ਜਦੋਂ ਹਿੰਦੁਸਤਾਨ ਤੇ ਪਾਕਿਸਤਾਨ ਵਿਚ ਜੰਗ ਹੁੰਦੀ ਹੈ, ਪਹਿਲਾਂ ਵੀ ਹੋਈਆਂ, ਰੱਬ ਨਾ ਕਰੇ ਅੱਗੋਂ ਹੋਵੇ, ਤਾਂ ਇਸ ਵਿਚ ਨਾ ਕੇਵਲ ਪੰਜਾਬ ਬਰਬਾਦ ਹੁੰਦਾ ਹੈ, ਤੇ ਪੰਜਾਬ ਦੀ ਜਨਤਾ ਮਰਦੀ ਹੈ, ਸਗੋਂ ਦੋਹਾਂ ਪਾਸਿਆਂ ਤੋਂ ਪੰਜਾਬੀ ਫੌਜ ਕੰਮ ਆਉਂਦੀ ਹੈ। ਅੱਜ ਜਦੋਂ ਮੈਂ ਅਖਬਾਰਾਂ ਵਿਚ ਪੜ੍ਹਦਾ ਹਾਂ ਕਿ ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਬਰਤਾਨੀਆ ਜਾਂ ਹੋਰ ਮੁਲਕਾਂ ਵਿਚ ਪੰਜਾਬੀ ਮੁੰਡੇ ਉਨ੍ਹਾਂ ਦੀਆਂ ਫੌਜਾਂ ਵਿਚ ਭਰਤੀ ਹੋਏ ਹਨ, ਤਾਂ ਸੱਚ ਪੁੱਛੋ, ਮੇਰੇ ਕਲੇਜੇ ਨੂੰ ਧੂਹ ਪੈਂਦੀ ਹੈ, ਤੇ ਮੈਂ ਕਹਿੰਦਾ ਹਾਂ, ਕੀ ਸਾਰੀ ਦੁਨੀਆਂ ਵਿਚ ਪੰਜਾਬੀਆਂ ਨੇ ਹੀ ਲੜਨ ਦਾ ਠੇਕਾ ਲਿਆ ਹੋਇਆ ਹੈ? ਮੈਨੂੰ ਸਮਝ ਨਹੀਂ ਆਉਂਦੀ ਕਿ ਕਿਉਂ ਪੰਜਾਬੀਆਂ ਦਾ ਨਾਂ ਕਿਸੇ ਇਹ ਨੋਬਲ ਪ੍ਰਾਈਜ਼, ਸਾਇੰਸ ਜਾਂ ਖੇਡਾਂ ਦੇ ਖੇਤਰ ਵਿਚ ਨਹੀਂ ਆਉਂਦਾ? ਕਿਉਂ ਫੌਜਾਂ ਵਿਚ ਹੀ ਇਨ੍ਹਾਂ ਦਾ ਨਾਂ ਆਉਂਦਾ ਹੈ? ਇਸ ਤੋਂ ਇਹ ਗੱਲ ਸਾਫ ਜਾਹਰ ਹੈ ਕਿ ਪੰਜਾਬੀ ਹਾਲੇ ਵੀ ਆਪਣੇ ਡੌਲਿਆਂ ਦੀ ਤਾਕਤ ਦਾ ਇਸਤੇਮਾਲ ਕਰਦੇ ਹਨ, ਦਿਮਾਗ ਦਾ ਨਹੀਂ। ਜੰਗ ਕਿੱਧਰੇ ਵੀ ਹੋਵੇ, ਗੋਦ ਸਿਰਫ ਪੰਜਾਬੀ ਮਾਂ ਦੀ ਹੀ ਉਜੜਦੀ ਹੈ। ਮੈਨੂੰ ਇੰਜ ਲਗਦਾ ਹੈ ਜਿਵੇਂ ਪੰਜਾਬੀ ਕਿਰਾਏ ਦੇ ਫੌਜੀ ਹੋਣ, ਹਰ ਥਾਂ ਲੜਨ ਲਈ ਤਿਆਰ ਹੁੰਦੇ ਹਨ, ਪਰ ਇਸ ਸਭ ਦਾ ਜਿੰਮੇਵਾਰ ਕੌਣ ਏ? ਇਹ ਕਿਵੇਂ ਹੋਇਆ? ਗੱਲ ਇਹ ਹੈ ਕਿ ਹਿੰਦੁਸਤਾਨ ਤੇ ਪਾਕਿਸਤਾਨ ਨੂੰ ਵੰਡਣ ਵਾਲੀ ਸਰਹੱਦ ਪੰਜਾਬ ਵਿਚੋਂ ਲੰਘਦੀ ਹੈ ਤੇ ਦੋਹਾਂ ਮੁਲਕਾਂ ਦੇ ਸਬੰਧ ਸੁਖਾਵੇਂ ਨਾ ਹੋਣ ਕਰ ਕੇ ਜੰਗ ਦਾ ਮਾਹੌਲ ਬਣਿਆ ਰਹਿੰਦਾ ਹੈ, ਜਿਸ ਕਰਕੇ ਚੜ੍ਹਦਾ ਤੇ ਲਹਿੰਦਾ ਪੰਜਾਬ ਜੰਗ ਦਾ ਖੇਤਰ ਬਣਦਾ ਹੈ। ਨਤੀਜੇ ਵਜੋਂ ਇਥੋਂ ਦੀਆਂ ਸਰਕਾਰਾਂ ਤੇ ਸਰਮਾਏਦਾਰ ਇਨ੍ਹਾਂ ਇਲਾਕਿਆਂ ਵਿਚ ਉਦਯੋਗ ਨਹੀਂ ਲਾਉਂਦੇ ਤੇ ਸਥਾਨਕ ਲੋਕਾਂ ਤੋਂ ਨਿੱਜੀ ਵਸੀਲਿਆਂ ਦੀ ਵੀ ਘਾਟ ਹੈ, ਜਿਸ ਕਾਰਨ ਬੇਰੁਜਗਾਰੀ ਫੈਲੀ ਹੈ ਤੇ ਲੋਕਾਂ ਕੋਲ ਫੌਜ ਵਿਚ ਭਰਤੀ ਹੋਣ ਤੋਂ ਇਲਾਵਾ ਹੋਰ ਕੋਈ ਰਾਹ ਨਹੀਂ ਬਚਦਾ। ਇਸੇ ਤਰ੍ਹਾਂ ਗੋਰਿਆਂ ਨੇ ਕੀਤਾ। ਬੇਰੁਜ਼ਗਾਰੀ ਬਹੁਤ ਸੀ ਤੇ ਲੋਕ ਪੈਸੇ ਵਾਸਤੇ ਤੇ ਨਿੱਜੀ ਲੋੜਾਂ ਪੂਰੀਆਂ ਕਰਨ ਵਾਸਤੇ ਫੌਜ ਵਿਚ ਭਰਤੀ ਹੁੰਦੇ ਸਨ। ਹੁਣ ਵੀ ਕਾਰਨ ਉਹੀ ਹਨ। ਜਦੋਂ ਫੌਜ ਵਿਚ ਭਰਤੀ ਹੁੰਦੇ ਹਨ ਤਾਂ ਫਿਰ ਲੜਨਾ ਤਾਂ ਪਵੇਗਾ ਹੀ। ਉਹ ਪਠਾਣ ਕਹਿੰਦੇ ਨੇ ਕਿ ਲੜਾਈ ਵਿਚ ਗੁੜ ਨਹੀਂ ਵੰਡਿਆ ਜਾਂਦਾ। ਜਾਹਰ ਹੈ ਕਿ ਗੁੜ ਨਹੀਂ ਵੰਡਿਆ ਜਾਂਦਾ, ਬੰਦੇ ਮਰਦੇ ਨੇ ਲੜਾਈ ਵਿਚ।

ਹੁਣ ਸਵਾਲ ਹੈ ਕਿ ਕੀ ਪੰਜਾਬੀ ਕੌਮ ਦਾ ਮੁਕੱਦਰ ਇਸੇ ਤਰ੍ਹਾਂ ਰਹੇਗਾ ਤੇ ਇਸ ਦਾ ਜਿੰਮੇਵਾਰ ਕੌਣ ਹੈ? ਮੇਰੇ ਖਿਆਲ ਵਿਚ, ਇਸ ਦਾ ਜਵਾਬ ਪੰਜਾਬੀ ਲੀਡਰਸ਼ਿਪ ਹੈ, ਜੋ ਸਾਡੀ ਅਗਵਾਈ ਕਰਦੀ ਹੈ; ਪਰ ਲੀਡਰਸ਼ਿਪ ਕਿਹੜੀ? ਜੇ ਪੰਜਾਬ ਦੀ ਲੀਡਰਸ਼ਿਪ ਹੁੰਦੀ ਤਾਂ ਇਸ ਦੀ ਵੰਡ ਕਿਉਂ ਹੁੰਦੀ? 1947 ਵਿਚ ਪੰਜਾਬ ਦੀ ਵੰਡ ਹੋਈ, ਤੇ ਇਹ ਵੰਡ ਕਰਨ ਵਾਸਤੇ ਦੋ ਵੱਡੇ ਲੀਡਰ, ਮੁਹੰਮਦ ਅਲੀ ਜਿਨਾਹ ਤੇ ਗਾਂਧੀ-ਦੋਵੇਂ ਗੁਜਰਾਤੀ ਸਨ ਅਤੇ ਦੋ ਕਸ਼ਮੀਰੀ ਪੰਡਿਤ ਸਨ-ਇਕ ਡਾ. ਇਕਬਾਲ ਤੇ ਦੂਜਾ ਪੰਡਿਤ ਨਹਿਰੂ। ਦੋ ਕਸ਼ਮੀਰੀ, ਦੋ ਗੁਜਰਾਤੀ ਤੇ ਵੰਡ ਹੋ ਗਈ ਪੰਜਾਬ ਦੀ, ਨਾ ਸਕੂਨ ਆਇਆ ਪੰਜਾਬ ਨੂੰ, ਤੇ ਨਾ ਸਕੂਨ ਆਇਆ ਕਸ਼ਮੀਰ ਨੂੰ। ਦੋਹਾਂ ਦੀ ਬਰਬਾਦੀ ਹੋ ਰਹੀ ਹੈ। ਹੁਣ ਦੂਜਾ ਸਵਾਲ ਇਹ ਹੈ ਕਿ ਜਦੋਂ ਇਹ ਕੰਮ ਹੋ ਰਿਹਾ ਸੀ, ਉਦੋਂ ਪੰਜਾਬੀ ਕਿੱਥੇ ਮਰ ਗਏ ਸਨ? ਇਹ ਗੱਲ ਬਿਲਕੁਲ ਸਮਝ ਆਉਂਦੀ ਹੈ ਕਿ ਜਿਹੜੇ ਪੰਜਾਬੀ ਸਨ, ਭਾਵੇਂ ਹਿੰਦੂ, ਸਿੱਖ ਜਾਂ ਮੁਸਲਮਾਨ, ਉਹ ਇੱਕ ਬਹੁਤ ਹੀ ਜਰੂਰੀ ਕੰਮ ਪਏ ਕਰਦੇ ਸਨ। ਉਹ ਜਰੂਰੀ ਕੰਮ ਇਹ ਕਰਦੇ ਸਨ ਕਿ ਇਕ ਦੂਜੇ ਨੂੰ ਵੱਢਣ-ਟੁੱਕਣ ਲਈ ਤਲਵਾਰਾਂ ਅਤੇ ਕਿਰਪਾਨਾਂ ਤਿੱਖੀਆਂ ਪਏ ਕਰਦੇ ਸਨ। ਇਕ ਦੂਜੇ ਨੂੰ ਲੁੱਟਣ ਲੱਗੇ ਸਨ। ਇਸ ਦਾ ਨਤੀਜਾ ਫਿਰ ਏਹੀ ਨਿਕਲਦਾ ਹੈ। ਜੇ ਕੋਈ ਇਮਤਿਹਾਨ ਦੇਣਾ ਹੋਵੇ ਤਾਂ ਉਸ ਲਈ ਪੜ੍ਹਨਾ ਪੈਂਦਾ ਹੈ, ਪਰ ਪੜ੍ਹਨ ਵਾਲੇ ਪਾਸੇ ਇਹ ਗਏ ਹੀ ਨਹੀਂ, ਤੇ ਇਸੇ ਵਾਸਤੇ ਇਨ੍ਹਾਂ ਦਾ ਇਤਿਹਾਸ ਵੀ ਦੂਸਰੇ ਲੋਕਾਂ ਨੇ ਲਿਖਿਆ। ਇਨ੍ਹਾਂ ਆਪਣਾ ਇਤਿਹਾਸ ਆਪ ਨਹੀਂ ਲਿਖਿਆ, ਤੇ ਨਾ ਹੀ ਇਨ੍ਹਾਂ ਨੂੰ ਪਤਾ ਹੈ। ਠੀਕ ਹੀ ਕਹਿੰਦੇ ਨੇ ਸਿਆਣੇ ਕਿ ਹੱਥਾਂ ਦੀਆਂ ਦਿੱਤੀਆਂ ਦੰਦਾਂ ਨਾਲ ਖੋਲਣੀਆਂ ਪੈਂਦੀਆਂ ਹਨ, ਤੇ ਘੜੀ ਦਾ ਖੁੰਝਿਆ ਬੰਦਾ ਸੌ ਕੋਹ 'ਤੇ ਜਾ ਪੈਂਦਾ ਏ। ਲਉ, ਫਿਰ ਯਾਦ ਕਰੋ, ਪੰਜਾਬੀ ਲੀਡਰਸ਼ਿਪ ਦੀਆਂ ਕਮਾਈਆਂ ਨੂੰ ਜਿਸ ਨੇ ਸਾਨੂੰ ਕੰਡਿਆਂ ਵਾਲੀ ਤਾਰ ਦੇ ਦੋਹਾਂ ਪਾਸਿਆਂ ਵਿਚ ਵੰਡ ਕੇ ਰੱਖ ਦਿੱਤਾ। ਹੁਣ ਰੋਵੋ, ਆਪਣੇ ਪੁਰਾਣੇ ਪਿੰਡਾਂ ਨੂੰ, ਆਪਣੇ ਘਰਾਂ ਨੂੰ, ਆਪਣੇ ਵਿਛੜੇ ਮਿੱਤਰਾਂ ਨੂੰ। ਹੁਣ ਆਪਣੇ ਪੁਰਾਣੇ ਘਰ ਦੀ ਗੇੜੀ ਲਾਉਣ ਲਈ ਲਉ ਵੀਜ਼ੇ, ਖਾਉ ਧੱਕੇ, ਕਰੋ ਰਿਪੋਰਟਾਂ ਥਾਣਿਆਂ ਵਿਚ, ਤੇ ਫਿਰ ਕੋਸੋ ਪੰਜਾਬੀ ਲੀਡਰਸ਼ਿਪ ਨੂੰ, ਜੋ ਸਾਡੇ ਵਿਚ ਹਾਲੇ ਤੱਕ ਵੀ ਪੈਦਾ ਨਹੀਂ ਹੋਈ।

**ਡਾ. ਗੁਲਾਮ ਮੁਸਤਫਾ ਡੋਗਰ**
**ਫੋਨ: +00447878132208**
**ਲਿਪੀਅੰਤਰ: ਜੇ. ਐਸ਼ ਭੱਟੀ**
**ਫੋਨ: 91-79860-37268**

# ਕਾਵਿ ਕਿਆਰੀ

## ਜੱਟ ਬੇ-ਜ਼ਮੀਨੇ

ਕਰਜ਼ੇ ਦੀ ਮਾਰ ਤੇ ਖਰਚਿਆਂ ਦੀ
ਬਹੁਤਾਤ ਨੇ ਕਰਤੇ ਜੱਟ ਬੇ-ਜ਼ਮੀਨੇ ,
ਕੁਝ ਬੇਰੁਜ਼ਗਾਰ ਤੇ ਬਾਕੀ ਨੰਕਮੀ
ਔਲਾਦ ਨੇ ਕਰਤੇ ਜੱਟ ਬੇ-ਜ਼ਮੀਨੇ।

ਇਕ ਭਾਰੀ ਕਬੀਲਦਾਰੀ ਦੂਜੀ ਮੁਫ਼ਤ ਚੋ ਲੈਂਦੇ ਨੇ ਫਿਰ ਲੰਬੜਦਾਰੀ ,
ਤੀਜੀ ਯਾਰੋ ਨਿਕਲਦੀ ਕਿਸਮਤ ਖਰਾਬ ਨੇ ਕਰਤੇ ਜੱਟ ਬੇ-ਜ਼ਮੀਨੇ।
ਵੱਧ ਗਈ ਹੈ ਲੋੜੋ ਵੱਧ ਯਾਰੋ ਹੁਣ ਜੱਟ ਦੀ ਖੇਤੀ 'ਤੇ ਹੀ ਨਿਰਭਰਤਾ ,
ਬਿਮਾਰ ਫਸਲਾਂ ਤੇ ਹੁੰਦੀ ਬੇ-ਮੌਸਮੀ ਬਰਸਾਤ ਨੇ ਕਰਤੇ ਜੱਟ ਬੇ-ਜ਼ਮੀਨੇ।
ਕਰਜ਼ ਲੈ ਕਰਨਾ ਵੈਲਪੁਣਾ, ਕਸਰ ਛੱਡਣੀ ਨਾ ਕੋਈ ਲੋਕ ਦਿਖਾਵੇ ਚੋਂ ,
ਸਾਹੂਕਾਰਾਂ ਦੇ ਲਗਦੇ ਵਿਆਜ ਉਤੇ ਵਿਆਜ਼ ਨੇ ਕਰਤੇ ਜੱਟ ਬੇ-ਜ਼ਮੀਨੇ।
ਇੱਥੇ ਨਾ ਕਹਿੰਦੈ ਕੰਮ ਕੋਈ ਲੱਗੀ ਹੁਣ ਬਾਹਰਲੇ ਮੁਲਕਾਂ ਨੂੰ ਦੌੜ ਹੈ ,
ਵੇਚ ਕੇ ਜ਼ਮੀਨਾਂ ਲਾਉਂਦੇ ਵੀਜ਼ੇ ਦੇ ਜੁਗਾੜ੍ਹ ਨੇ ਕਰਤੇ ਜੱਟ ਬੇ-ਜ਼ਮੀਨੇ ।
ਨਿੰਕਮੀਆਂ ਨਿਕਲੀਆਂ ਸਰਕਾਰਾਂ 'ਤੇ ਫੈਲਦਾ ਰਹਿਆਂ ਭ੍ਰਿਸ਼ਟਾਚਾਰ ,
ਕੁੱਝ ਅਫਸਰ-ਸਾਹੀ ਦੇ ਲਗਦੇ ਬਦ-ਦਿਮਾਗ ਨੇ ਕਰਤੇ ਜੱਟ ਬੇ-ਜ਼ਮੀਨੇ ।
ਕਰ ਹੀ ਲੈਂਦੇ ਹਾਂ ਮਨਦੀਪ ਗੱਲ ਹੁਣ ਜੱਟਾਂ 'ਤੇ ਚੱਲਦੇ ਬਹੁਤੇ ਗੀਤਾ ਦੀ ,
ਵੇਚ ਕੇ ਜ਼ਮੀਨਾਂ ਆਪੂ ਬਣੇ ਦੇਸੀ ਕਲਾਕਾਰ ਨੇ ਕਰਤੇ ਜੱਟ ਬੇ-ਜ਼ਮੀਨੇ ।
ਖ਼ੁਦ ਹੱਥੀ ਕੰਮ ਕਰੇ ਨਾ ਕੋਈ ਸਭ ਬਾਹਰੀ ਕਾਮਿਆਂ ਤੇ ਗਿੱਝ ਗਏ ,
ਔਲਾਦ ਦੇ ਨਸ਼ਿਆਂ ਤੇ ਫੈਸ਼ਨ ਦੀ ਮਾਰ ਨੇ ਕਰਤੇ ਜੱਟ ਬੇ-ਜ਼ਮੀਨੇ ।
ਆ ਗਈਆ ਕੰਪਨੀਆਂ ਤੇ ਭਾਅ ਰਾਤੋ-ਰਾਤ ਵੱਧ ਗਏ ਨੇ ਜ਼ਮੀਨਾਂ ਦੇ ,
ਗਿੱਲ ਕੱਟੀਆਂ ਕਲੋਨੀਆਂ, ਵਿੱਕਦੇ ਪਲਾਟ ਨੇ ਕਰਤੇ ਜੱਟ ਬੇ-ਜ਼ਮੀਨੇ ।

**ਮਨਦੀਪ ਗਿੱਲ ਧੜਾਕ**
9988111134

## ਗੁਨਾਹ ਹੁੰਦਾ ਹੈ

ਢਲਦੀ ਉਮਰ ਚ ਸੁਪਨੇ ਰੰਗੀਨ ਹੋਣਾ ਗੁਨਾਹ ਹੁੰਦਾ ਹੈ
ਹਵਾਸਿਆਂ ਦੀ ਸ਼ਹਿਰ ਹਸੀਨ ਹੋਣਾ ਗੁਨਾਹ ਹੁੰਦਾ ਹੈ
ਰੱਬ ਦੇ ਦਵੇ ਔਲਾਦ ਤਾਂ ਖੁਸ਼ੀ ਨਾ ਦੇਵੇ ਤਾਂ ਗਮ ਹੈ
ਪਰ ਤੇਰਾ ਬੱਚੇ ਜੰਮਣੀ ਮਸ਼ੀਨ ਹੋਣਾ ਗੁਨਾਹ ਹੁੰਦਾ ਹੈ
ਪਤਝੜ ਚ ਨਾ ਉੱਗੇ ਕੁਝ ਮਨਜ਼ੂਰ ਬਹਾਰ ਚ ਆ ਜਾਵੇਗਾ
ਬਹਾਰਾਂ ਦੇ ਮੌਸਮ ਚ ਬੰਜਰ ਜਮੀਨ ਹੋਣਾ ਗੁਨਾਹ ਹੁੰਦਾ ਹੈ
ਰੱਬਾ ਮਾਪਿਆਂ ਦਾ ਹਥ ਰਹੇ ਸਦਾ ਬਚਿਆਂ ਦੇ ਸਿਰ ਤੇ
ਇਸ ਮਤਲਬ ਦੇ ਜ਼ਮਾਨੇ ਚ ਯਤੀਮ ਹੋਣਾ ਗੁਨਾਹ ਹੁੰਦਾ ਹੈ
ਸਰਕਾਰੀ ਨੌਕਰੀ ਕਰਨੀ, ਸੁਣ ਅਫ਼ਸਰਾਂ ਨੂੰ "ਮਿੱਠੇ" ਪਸੰਦ ਨੇ
ਇਥੇ ਕਿਸੇ ਦੀ ਜੁਬਾਨ ਨਮਕੀਨ ਹੋਣਾ ਗੁਨਾਹ ਹੁੰਦਾ ਹੈ
ਦੁਨੀਆਂ ਨਹੀਂ ਪਸੰਦ ਕਰਦੀ ਰੋਂਦੇ ਚਿਹਰੇ ਹੱਸੀ ਜਾ
ਦੁਨੀਆਂ ਚੰਦਰੀ ਅੱਗੇ ਗਮਗੀਨ ਹੋਣਾ ਗੁਨਾਹ ਹੁੰਦਾ ਹੈ
ਹੁਨਰ ਜੇ ਹੈ ਤਾਂ ਨਾ ਦਿਖਾ ਵੱਡਿਆਂ ਨੂੰ ਤੂੰ ਖੁਸ਼ ਹੋਕੇ
ਜਰਨਾ ਤੈਨੂੰ ਉਹਨਾਂ ਵੱਲੋਂ ਬਿਹਤਰੀਨ ਹੋਣਾ ਗੁਨਾਹ ਹੁੰਦਾ ਹੈ

ਹਰਦੀਪ ਬਿਰਦੀ

## ਕੁਦਰਤ

ਮੈਂ ਕੁਦਰਤ ਬੋਲ,
ਰਹੀ ਹਾ ?
ਧੂੰਆ ਛੱਡਦਾ ਹਰ,
ਵੇਲੇ ਤੂੰ ,
ਕਦੇ ਚਿਮਨੀ ਚੋ,
ਵੱਖਰੇ ਵੱਖਰੇ ਵਾਹਨਾਂ ਚੋ,
ਵੱਡੇ ਵੱਡੇ ਕੂੜੇ ਦੇ ਢੇਰ ਚੋ,
ਮੈਂ ਆਪਣਾ ਅਕਸ,
ਟੋਹਲ ਰਹੀ ਹਾ...
ਮੈਂ ਕੁਦਰਤ ਬੋਲ,
ਰਹੀ ਹਾ ?
ਅੰਬਰ ਦੇ ਵਿੱਚ ,
ਛੇਕ ਤੈਂ ਕੀਤੇ,
ਹੁਣ ਫਿਰੇ ਟਾਕੀਆ ,
ਲਾਉਂਦਾ ਤੂੰ,
ਮੇਰੀ ਦਿੱਤੀ ਹਰ ਸੈਅ,
ਨਾਲ ਖਿਲਵਾੜ ਤੂੰ ਕਰਦਾ,
ਆਪਣੇ ਦੁੱਖੜੇ ,
ਤੇਰੇ ਅੱਗੇ ਫਰੋਲ ਰਹੀ ਹਾ।
ਮੈਂ ਕੁਦਰਤ,
ਬੋਲ ਰਹੀ ਹਾ......
ਆਪਣੇ ਸੁੱਖ ਲਈ,
ਜੰਗਲ ਵੱਢ ਵੱਢ,
ਰੇਗਸਿਤਾਨ ਬਣਾਈ ਧਰਤੀ,
ਦੇਵਾ ਨਿੱਤ ਚੇਤਾਵਨੀ ਤੈਨੂੰ,
ਤੇਰੇ ਕੰਨ ਤੇ ਜੂੰ ਨਾ ਸਰਕੇ,
ਤੂੰ ਤਾਂ ਸਮਝ ਲਿਆ,
ਇਹ ਅਣਬੋਲ ਜਿਹੀ ਹੈ,
ਮੈਂ ਕੁਦਰਤ,
ਬੋਲ ਰਹੀ ਹਾ ?
ਛੇੜਛਾੜ ਮੇਰੇ ਨਾਲ,
ਬੁਹਤਾ ਚਿਰ ਸਹਿ ਨਹੀਂ,
ਮਨਮਰਜੀ ਤੇਰੀ ਕਦ ਤੱਕ,
ਹੋਰ ਜੁਲਮ ਹੁਣ,
ਸਹਿ ਨਹੀਂ ਹੋਣਾ,
ਸੁਰਜੀਤ ਫਲੇੜੇ ਹਾੜੇ !
ਬਣਜਾ ਸਿਆਣਾ,
ਮੋਢਾ ਫੜ੍ਹ ਝਜੋੜ ਰਹੀ ਹਾ...
ਮੈਂ ਕੁਦਰਤ,
ਬੋਲ ਰਹੀ ਹਾ।

**ਸੁਰਜੀਤ ਫਲੇੜਾ**
9815533945

## ਮੌਤ

ਨਾ ਕਰ ਮੌਤੇ ਅੜੀਆਂ ਨੀ ਨਾਲ ਲਿਜਾਣ ਦੀਆਂ
ਹਾਲੇ ਤਾਂ ਮੇਰੀਆਂ ਉਮਰਾਂ ਸ਼ੌਕ
ਪੁਗਾਣ ਦੀਆਂ
ਬਚਪਨ ਵਿਚ ਤੂੰ ਮਾਪੇ ਖੋਹਲੇ
ਮੇਰੇ ਸਹਾਰੇ ਜਾਪੇ ਖੋਹਲੇ
ਬੇ ਦਰਦੇ ਤੇਰੀਆਂ ਨਜਰਾਂ
ਨਾ ਦਰਦ ਪਛਾਣਦੀਆਂ
ਨਾ ਕਰ
ਅੱਖਾਂ ਵਿਚ ਜੋ ਖ਼ੁਆਬ ਸਜਾਏ
ਨਾ ਸੱਚ ਬਣ ਕੇ ਧਰਤੀ ਤੇ ਆਏ
ਨਾ ਰੀਝਾਂ ਮੇਰੀਆਂ ਖੋਹ ਤੂੰ
ਸੁੱਖ ਹੰਢਾਣਦੀਆਂ
ਨਾ ਕਰ
ਅਲੜ ਵਰੇਸ ਤੇ ਚੜੀ ਜਵਾਨੀ
ਲੱਭਿਆਂ ਨਹੀ ਕੋਈ ਰੂਹ ਦਾ ਹਾਣੀ
ਸਭ ਰਹੀਆ ਨੇ ਟੋਲ ਜੋ
ਮੇਰੇ ਹਾਣਦੀਆਂ
ਨਾ ਕਰ
ਸ਼ੌਕ ਪੂਰੇ ਸਭ ਕਰਨ ਦੇ ਮੈਨੂੰ
ਆਪਣੀ ਆਈ ਮਰਨ ਦੇ ਮੈਨੂੰ
ਫਿਰ ਰੱਜ ਰੱਜ ਕਰੀ ਤਰੀਫਾਂ
ਗੁਰਭੈ ਦੇ ਆਣ ਦੀਆਂ
ਨਾ ਕਰ

**ਗੁਰਭੈ ਭਲਾਈਆਣਾ**

## ਸੱਚ ਕਹੇਂਗਾ ?

ਸੱਚ ਕਹੇਗਾ ?ਮਰਨਾ ਪਊ।
ਹਰੀ ਕੇ ਪੱਤਣ ਤਰਨਾ ਪਊ
ਛੱਡ ਕੇ ਆਸ ਜੀਣ ਦੀ ਬੀਬਾ,
ਮੌਤ ਦਾ ਪੱਲਾ ਫੜਨਾਂ ਪਊ।
ਜਾਲਮ ਬੜਾ ਇਹ ਕਾਲਾ ਨੇ੍ਰਾ।
ਦੁਸ਼ਮਣ ਇਸ ਦਾ ਸੱਚ ਸਵੇਰਾ।
ਚਿੱਟਾ ਚਾਨਣ ਹੋਣ ਨਹੀ ਦਿੰਦਾ,
ਚਾਰ ਛੁਪੇਰੇਓ ਪਾਉਂਦਾ ਘੇਰਾ।
ਫਿਰ ਹਰਜਾਨਾਂ ਭਰਨਾ ਪਊ।
ਕੀ ਕੁੱਝ ਖਾ ਗਿਆ ਕਾਲਾ ਨ੍ਹੇਰਾ।
ਉਹ ਹੀ ਹਾਲ ਕਰੂਗਾ ਤੇਰਾ।
ਜੇਕਰ ਸੱਚ ਦਾ ਨਾਹਰਾ ਲਾਉਣਾ
ਫੇਰ ਤੂੰ ਰੱਖੀ ਵੱਡਾ ਜੇਰਾ।
ਸੀਸ ਤਲੀ ਤੇ ਧਰਨਾਂ ਪਊ।
ਪੈਣ ਝੱਲਣੀਆਂ ਹੱਭੀਆਂ ਨੱਭੀਆਂ।
ਗਰਮ ਤਸੀਹੇ ਤੱਤੀਆਂ ਤੱਵੀਆਂ।
ਫਾਹਾ ਫਾਂਸੀ ਸੂਲੀ ਗੋਲੀ---
ਤਲਵਾਰਾਂ ਤੇ ਨੇਜੇ ਸ਼ਵੀਆਂ।
ਸਭ ਕੱਝ ਮਿਤਰਾ ਜਰਨਾ ਪਊ।
ਇਕ ਪੀੜੀ ਇਹ ਖਾ ਗਿਆ ਸਾਰੀ।
ਦੂਜੀ ਦੀ ਹੁਣ ਆਗਈ ਵਾਰੀ।
ਵੀਹੀਂ ਵਰ੍ਹੀਂ ਜਵਾਨੀ ਵੱਢਦਾ---
ਵਾਢੀ ਦੀ ਹੁਣ ਕਰਦਾ ਤਿਆਰੀ।
ਅਣ-ਪਛਾਤੇ ਸੜਨਾ ਪਊ ।
ਸਰਾਂ ਬੜੇ ਇਹ ਰੂਪ ਵਟਾਉਂਦਾ।
ਕਦੇ ਇਹ ਬਣ ਕੇ ਮੋਰ ਹੈ ਆਉਂਦਾ।
ਘਾਣ ਜਵਾਨੀ ਦਾ ਇਹ ਕਰਦਾ---
ਭਗਲਾ ਬਣ ਕੇ ਪਾਪ ਕਮਾਉਂਦਾ।
ਇਸ ਦੇ ਧੱਕੇ ਚੜ੍ਹਨਾ ਪਊ ।

**ਬਲਵੰਤ ਸਰਾਂ (ਮੱਦੋਕੇ)**

## .ਗਜ਼ਲ

ਮੰਨਿਆ ਪੈਸਾ ਜਾਣਾ ਬੰਦੇ ਦੇ ਨਾਲ ਨਹੀਂ,
ਪਰ ਇਸ ਦੇ ਬਿਨ ਵੀ ਉਸ ਦੀ ਪੁੱਛ ਪੜਤਾਲ ਨਹੀਂ।
ਉਹਨਾਂ ਪੁੱਤਾਂ ਬਿਨ ਕੀ ਥੁੜ੍ਹਿਆ ਹੈ ਉਹਨਾਂ ਦਾ,
ਜਿਹੜੇ ਪੁੱਛਦੇ ਬੁੱਢੇ ਮਾਂ-ਪਿਉ ਦਾ ਹਾਲ ਨਹੀਂ।
ਤਾਂ ਹੀ ਮੁੰਡੇ ਬਦੇਸ਼ਾਂ ਨੂੰ ਜਾਈ ਜਾਂਦੇ ਨੇ,
ਜਦ ਇੱਥੇ ਉਨ੍ਹਾਂ ਨੂੰ ਮਿਲਦੀ ਰੋਟੀ ਦਾਲ ਨਹੀਂ।
ਨੇਤਾ ਤੇ ਬਾਬੇ ਇੱਥੇ ਐਸ਼ਾਂ ਕਰਦੇ ਨੇ,
ਪਰ ਮਜ਼ਦੂਰਾਂ ਦਾ ਬਹੁਤਾ ਚੰਗਾ ਹਾਲ ਨਹੀਂ।
ਜਿਸ ਸਾਲ ਹੜ੍ਹਾਂ ਨੇ ਖ਼ੂਬ ਤਬਾਹੀ ਕੀਤੀ ਸੀ,
ਲੋਕਾਂ ਨੂੰ ਹਾਲੇ ਵੀ ਭੁੱਲਿਆ ਉਹ ਸਾਲ ਨਹੀਂ।
ਉਹ ਸਾਹ ਲੈਣ ਲਈ ਸ਼ੁੱਧ ਹਵਾ ਨੂੰ ਤਰਸਣਗੇ,
ਜੋ ਹਾਲੇ ਕਰਦੇ ਰੁੱਖਾਂ ਦੀ ਸੰਭਾਲ ਨਹੀਂ।
ਆਸ ਬੜੀ ਰੱਖ ਕੇ ਉਹ ਮੇਰੇ ਘਰ ਆਇਆ ਹੈ,
ਲ਼ਾਰੇ ਲਾ ਕੇ ਮੈਂ ਉਸ ਨੂੰ ਸਕਦਾ ਟਾਲ ਨਹੀਂ।

**ਮਹਿੰਦਰ ਸਿੰਘ ਮਾਨ**
9915803554

## ਨਵਾਂ ਸਾਲ

ਛੱਡੋ ਸਾਰੇ ਸ਼ਿਕਵੇ ਤੇ ਕਰੋ ਗੱਲ ਹਾਲ ਚਾਲ ਦੀ।
ਮੇਰੇ ਵੱਲੋ ਸੱਜਣੋ ਵਧਾਈ ਨਵੇ ਸਾਲ ਦੀ।
ਮੇਰੇ........
ਘੱਟ ਜਾਵੇ ਮਹਿੰਗਾਈ ਰੋਟੀ ਮਿਲਜੇ ਗਰੀਬ ਨੂੰ,
ਕੋਸੇ ਨਾ ਕੋਈ ਉਥੇ ਯਾਰੋ ਆਪਣੇ ਨਸੀਬ ਨੂੰ।
ਚੁੱਕ ਕੇ ਕਲਮ ਕਰੋ ਲਿਖੋ ਬਾਤ ਸੁਰਤਾਲ ਦੀ.....
ਮੇਰੇ......
ਝੁੱਗੀ ਤੇ ਹਵੇਲੀਆ ਨੂੰ ਭਾਗ ਲੱਗੇ ਰਹਿਣ ਦਿਓ ?
ਆਖੇ ਕੋਈ ਮਾੜਾ ਥੋਨੂੰ ਮਾੜਾ ਉਹਨੂੰ ਕਹਿਣ ਦਿਓ।
ਗਮ ਵਿੱਚੋ ਖੁਸ਼ੀ ਲੱਭੋ ਹੋਊ ਜਿੰਦਗੀ ਕਮਾਲ ਦੀ.....
ਮੇਰੇ.....
ਰਹਿਮਤਾਂ ਦੇ ਬੂਹੇ ਰੱਬਾ ਖੋਲਦੇ ਤੂੰ ਸਭ ਨੂੰ ,
ਸੁਰਜੀਤ ਫੁਲੇੜੇ ਦੀ ਦੁਵਾ ਸੱਚੇ ਉਸ ਰੱਬ ਨੂੰ।
ਕਰਕੇ ਕਿਰਤ ਖਾਣੀ ਰੋਟੀ ਹੱਕ ਤੇ ਹਲਾਲ ਦੀ.....
ਮੇਰੇ...;,

**ਸੁਰਜੀਤ ਫੁਲੇੜਾ**
9815533945

## ਨਜ਼ਮ

ਸਭ ਕੁਝ ਇੱਥੇ ਰਹਿ ਜਾਣਾ ਹੈ...
ਜਿੰਨੀਂ ਮਰਜ਼ੀ ਠੱਗੀ ਮਾਰੀਂ।
ਚਾਹੇ, ਜਿੰਨਾਂ ਕਹਿਰ ਗੁਜ਼ਾਰੀਂ।
ਬੇਸ਼ਕ ਵੱਡੇ ਮਹਿਲ ਉਸਾਰੀਂ।
ਨਾਲ ਨਾ ਕੁਝ ਵੀ ਲੈ ਜਾਣਾ ਹੈ।
ਸਭ ਕੁਝ ਇੱਥੇ ਰਹਿ ਜਾਣਾ ਹੈ।
ਭਾਵੇਂ ਸੋਹਣੀ ਦਿੱਖ ਬਣਾ ਲੈ।
ਪਿੰਡੇ ਇਤਰ ਫੁਲੇਲ ਲਗਾ ਲੈ।
ਮਹਿੰਗੇ ਲੀੜੇ ਲੱਤੇ ਪਾ ਲੈ।
ਹੁਸਨ ਕਿਲ੍ਹੇ ਨੇ ਢਹਿ ਜਾਣਾ ਹੈ।
ਸਭ ਕੁਝ ਇੱਥੇ ਰਹਿ ਜਾਣਾ ਹੈ।
ਜਿੰਨਾਂ ਮਰਜ਼ੀ ਰੋਅਬ ਜਮਾ ਲੈ।
ਧਨ ਦੌਲਤ ਦੇ ਢੇਰ ਲਗਾ ਲੈ।
ਜੋ ਚਾਹੁੰਦਾ ਹੈਂ, ਮੌਜ ਮਨਾ ਲੈ।
ਰੀਝਾਂ ਵਿੱਚੇ ਰਹਿ ਜਾਣਾ ਹੈ।
ਸਭ ਕੁਝ ਇੱਥੇ ਰਹਿ ਜਾਣਾ ਹੈ।
ਗੱਪ ਗਪੌੜੇ ਮਾਰੀ ਚੱਲੀਂ।
ਲਾਰੇ ਲਾ ਲਾ ਸਾਰੀ ਚੱਲੀਂ।
ਬੇਸ਼ਕ ਬੰਦੇ ਚਾਰੀ ਚੱਲੀਂ।
ਮਹਿਲ ਮੁਨਾਰਾ ਢਹਿ ਜਾਣਾ ਹੈ।
ਸਭ ਕੁਝ ਇੱਥੇ ਰਹਿ ਜਾਣਾ ਹੈ।
ਜਿੰਨੇ ਮਰਜੀ ਨੈਣ ਲੜਾਅ ਲੈ।
ਪਿਆਰ - ਮੁਹੱਬਤ ਪੇਚੇ ਪਾ ਲੈ।
ਜਿੰਨੇ ਮਰਜ਼ੀ ਜਿਸਮ ਹੰਢਾਅ ਲੈ।
ਆਖਰ ਬੇੜਾ ਬਹਿ ਜਾਣਾ ਹੈ।
ਸਭ ਕੁਝ ਇੱਥੇ ਰਹਿ ਜਾਣਾ ਹੈ।
ਚਾਹੇ ਖ਼ੁਦ ਨੂੰ ਸਾਧ ਬਣਾ ਲੈ।
ਜੋਗੀ ਚਾਹੇ ਤੂੰ ਅਖਵਾ ਲੈ।
ਜਿਹੜਾ ਮਰਜ਼ੀ ਰੰਗ ਰੰਗਾਅ ਲੈ।
ਅਮਲਾਂ ਬਾਝੋਂ ਰਹਿ ਜਾਣਾ ਹੈ।
ਸਭ ਕੁਝ ਇੱਥੇ ਰਹਿ ਜਾਣਾ ਹੈ।
ਅੰਤ ਸਮੇਂ ਦੀ ਠੋਸ ਹਕੀਕਤ।
ਕੰਮ ਕਿਸੇ ਨਾ ਆਉਣੀ ਦੌਲਤ।
ਮਿੱਟੀ ਵਿਚ ਮਿਲ ਜਾਊ ਸ਼ੋਹਰਤ।
'ਸੂਫ਼ੀ' ਰੰਗਾਂ ਲਹਿ ਜਾਣਾ ਹੈ।
ਸਭ ਕੁਝ ਇੱਥੇ ਰਹਿ ਜਾਣਾ ਹੈ।

**ਅਮਰ 'ਸੂਫ਼ੀ'**
**ਸੰਪਰਕ:** 98555 43660

## ਕਵਿਤਾ

ਆਹ ਜਾਗਰਾ ਬਹਿ ਜਾਗਰਾ,
ਸੁਣ ਤੇ ਦਿਲ ਦੀ ਕਹਿ ਜਾਗਰਾ,
ਕਿਓਂ ਆਓਂਦਾ ਨਹੀਂ ਸੱਥ ਨੇੜੇ,
ਖੈਰ ਸੁੱਖ ਆ ਹੋਰ ਗਲੀ ਵਿਹੜੇ,
ਹਾਂ ਨਾਥਿਆ ਬੈਠ ਫਿਰ ਸੁਣਾਵਾਂ,
ਮੇਰੇ ਵੱਲੋਂ ਮੋੜੀਆਂ ਖੁਸ਼ੀਆਂ ਨੇ ਰਾਹਵਾਂ,
ਵੱਸਦੇ ਘਰ ਮੇਰੇ ਵਿੱਚ ਉਜਾੜ ਪਿਆ,
ਹੁਣ ਹਸਦੇ ਘਰ ਚ ਪਾੜ ਪਿਆ,
ਪੁੱਤ ਨਸ਼ੇੜੀ ਨਿੱਤ ਕੁੱਟੇ ਮਾਰੇ,,
ਅੱਧੀ ਰਾਤ ਨੂੰ ਘਰੋਂ ਕੱਢੇ ਬਾਹਰੇ,
ਮਾਂ ਆਪਣੀ ਦੇ ਗਹਿਣੇ ਵੇਚ ਕੇ,
ਚੁੱਕੇ ਨਾ ਕਦਮ ਸੋਚ ਤੇ ਵੇਖ ਕੇ,
ਨੂੰਹ ਮੇਰੀ ਦੀ ਵੀ ਰੁਲੀ ਜਵਾਨੀ,
ਮੱਛੀ ਵਾਂਗ ਤੜਫੇ ਧੀ ਬੇਗਾਨੀ,,
ਸਾਡੀ ਤਾਂ ਜਿੰਦਗੀ ਖਾਸ਼ ਨਹੀਂ,,
ਹੁਣ ਹੋਰ ਬਚਣ ਦੀ ਆਸ ਨਹੀਂ,
ਨਾਥਿਆ ਕਿਓਂ ਪਰੇ ਮੂੰਹ ਕਰਿਆ,
ਬੋਲ ਕਿਓਂ ਤੇਰਾ ਮਨ ਭਰਿਆ,
ਮੈਂ ਸੋਚਿਆ ਜਾਗਰਾ ਲੋਕ ਸੌਖਾਲੇ,
ਮੇਰੇ ਵੀ ਹਾਲ ਬਸ ਤੇਰੇ ਵਾਲੇ,
ਕੱਚਾ ਘੜਾ ਹੁਣ ਇਹ ਖੁਰ ਜਾਣਾ,
ਪਿੰਡ ਸ਼ੇਰੋਂ ਚੋਂ ਜਲਦੀ ਤੁਰ ਜਾਣਾ,,

**ਮੱਖਣ ਸ਼ੇਰੋਂ ਵਾਲਾ**
**ਸੰਪਰਕ** 98787-987263

## ਦੋ ਨਦੀਆਂ

ਦੋ ਫੁੱਲ ਨੇ ਗੁਲਾਬਾਂ ਦੇ
ਜੀ ਦੋ ਫੁੱਲ ਨੇ ਗੁਲਾਬਾਂ ਦੇ
ਇੱਕ ਭੇਂਟ ਚੜਿਆ ਅਰਥੀ ਨੂੰ
ਦੂਜਾ ਨਾਂ ਕੀਤਾ
ਮਹਿਬੂਬ ਦੇ ਨਾਜਾਂ ਦੇ
ਜੀ ਦੂਜਾ ਨਾਂ ਕੀਤਾ...
ਦੋ ਸਹੇਲੀਆਂ ਪੱਕੀਆਂ ਨੇ
ਜੀ ਦੋ ਸਹੇਲੀਆਂ ਪੱਕੀਆਂ ਨੇ
ਇੱਕ ਵਿਦੇਸ਼ੀ ਮਾਹੀ ਨਾਲ ਘੁੰਮਦੀ
ਕੰਮ ਵਿੱਚ ਦੂਜੀ ਦੀਆਂ
ਪੱਕੀਆਂ ਅੱਟਣਾਂ ਨੇ
ਜੀ ਦੂਜੀ ਦੀਆਂ ਪੱਕੀਆਂ ...
ਦੋ ਤਾਰੇ ਅੰਬਰਾਂ ਦੇ
ਜੀ ਦੋ ਤਾਰੇ ਅੰਬਰਾਂ ਦੇ
ਇੱਕ ਟੁੱਟਿਆ ਖ਼ਬਰ ਨਾ ਕਾਈ
ਦੂਜਾ ਵੇਹੜੇ ਡਿੱਗਿਆ
ਡਿੱਗਿਆ ਏ ਕੰਜਰਾਂ ਦੇ
ਜੀ ਦੂਜਾ ਵੇਹੜੇ ਡਿੱਗਿਆ ਏ...
ਦੋ ਨਦੀਆਂ ਵਗਦੀਆਂ ਨੇ
ਜੀ ਦੋ ਨਦੀਆਂ ਵਗਦੀਆਂ ਨੇ
ਰਾਹ ਦੋਹਾਂ ਦੇ ਆਪੋ-ਅਪਣੇ
ਅੰਤ ਸਾਗਰ 'ਚ ਰਲਦੀਆਂ ਨੇ
ਜੀ ਅੰਤ ਸਾਗਰ ਚ...
ਇੱਕ ਬੁਲਬੁਲਾ ਪਾਣੀ ਦਾ
ਜੀ ਇੱਕ ਬੁਲਬੁਲਾ ਪਾਣੀ ਦਾ
ਐਵੇਂ ਦੁਨੀਆਂ ਮਾਣ ਕਰੇਦੀ
ਹਸ਼ਰ ਇੱਕੋ ਹੀ
ਸਭਨਾਂ ਦੀ ਕਹਾਣੀ ਦਾ
ਜੀ ਹਸ਼ਰ ਇੱਕੋ ਹੀ...

**ਗਗਨਦੀਪ ਸਿੰਘ ਸੰਧੂ** (+917589431402)

PREETNAMA
ਪ੍ਰੀਤਨਾਮਾ
ਖਰਾ ਸੱਚ
Online and Print Media

# Newspaper Classifieds

MATRIMONIAL
PROPERTY
RECRUITMENT
NAME OF CHANGE
BUSINESS

It's time to
Grow your Business
Advertise with us...

24 ਘੰਟੇ ਆਨਲਾਈਨ ਪੜ੍ਹੋ
www.preetnama.com
ਲੇਖ, ਰਚਨਾਵਾਂ, ਕਾਵਿ ਕਿਆਰੀ, ਅਤੇ ਹੋਰ ਚਲੰਤ ਮਸਲੇ

ਜੇਕਰ ਤੁਸੀਂ ਵੀ ਆਪਣੇ ਵਪਾਰ
ਨੂੰ ਵਧਾਉਣਾ ਚਾਹੁੰਦੇ ਹੋ ਤਾਂ
ਅੱਜ ਹੀ ਸਾਡੇ ਨਾਲ ਜੁੜੋ

PREETNAMA
ਪ੍ਰੀਤਨਾਮਾ
ਖਰਾ ਸੱਚ
Online and Print Media

preetnamausa@gmail.com

Contact : +1 201-312-4180